13-MAY-PAGE-1.qxd 5/12/2023 10:25 PM Page 1


ਸ਼ਨੀਵਾਰ, 13 ਮਈ, 2023

30 ਵਿਸਾਖ { ਨਾਨਕਸ਼ਾਹੀ 555, ਬਿਕਰਮੀ 2080 }

ਜਿਲਦ/VOL. : 71

ਅੰਕ/NO. : 342

# ਨਵਾਂ ਜ਼ਮਾਨਾ

DAILY NAWAN ZAMANA • SATURDAY, 13 MAY, 2023 ਜਲੰਧਰ

nawan zamana TV

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ  Regd. No : Pb/JL-123/2021-23, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12


## ਜਲੰਧਰ ਲੋਕ ਸਭਾ ਸੀਟ ਤੇ ਕਰਨਾਟਕ ਅਸੰਬਲੀ ਦੇ ਨਤੀਜੇ ਅੱਜ

**ਨਵੀਂ ਦਿੱਲੀ** : ਜਲੰਧਰ ਲੋਕ ਸਭਾ ਸੀਟ ਦੀ ਜ਼ਿਮਨੀ ਚੋਣ ਦੀਆਂ ਵੋਟਾਂ ਦੀ ਗਿਣਤੀ 13 ਮਈ ਨੂੰ ਹੋਵੇਗੀ। 'ਆਪ', ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ 'ਚ ਮੁਕਾਬਲਾ ਦੇਖਣ ਨੂੰ ਮਿਲਿਆ।
ਇਸ ਦੌਰਾਨ ਕਰਨਾਟਕ ਵਿਧਾਨ ਸਭਾ ਚੋਣਾਂ ਲਈ ਵੋਟਾਂ ਪੈਣ ਤੋਂ ਬਾਅਦ ਸ਼ਨਿਚਰਵਾਰ ਨੂੰ ਵੋਟਾਂ ਦੀ ਗਿਣਤੀ ਹੋ ਰਹੀ ਹੈ। ਮੁਕਾਬਲਾ ਸੱਤਾਧਾਰੀ ਭਾਰਤੀ ਜਨਤਾ ਪਾਰਟੀ, ਮੁੱਖ ਵਿਰੋਧੀ ਧਿਰ ਕਾਂਗਰਸ ਅਤੇ ਜਨਤਾ ਦਲ (ਸੈਕੂਲਰ) ਵਿਚਕਾਰ ਹੈ। ਬਾਅਦ ਦੁਪਹਿਰ ਤੱਕ ਨਤੀਜੇ ਆਉਣ ਦੀ ਸੰਭਾਵਨਾ ਹੈ।

## ਦਿੱਲੀ ਸਰਕਾਰ ਫਿਰ ਸੁਪਰੀਮ ਕੋਰਟ 'ਚ

**ਨਵੀਂ ਦਿੱਲੀ** : ਦਿੱਲੀ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਸ਼ੁੱਕਰਵਾਰ ਸੁਪਰੀਮ ਕੋਰਟ ਕੋਲ ਦੋਸ਼ ਲਾਇਆ ਕਿ ਕੇਂਦਰ ਸੇਵਾ ਵਿਭਾਗ ਦੇ ਸਕੱਤਰ ਦੇ ਤਬਾਦਲੇ ਨੂੰ ਲਾਗੂ ਨਹੀਂ ਕਰ ਰਿਹਾ ਹੈ। ਇਕ ਦਿਨ ਪਹਿਲਾਂ ਸੁਪਰੀਮ ਕੋਰਟ ਨੇ ਸਰਬਸੰਮਤੀ ਨਾਲ ਫੈਸਲਾ ਦਿੰਦੇ ਹੋਏ ਕਿਹਾ ਸੀ ਕਿ ਦਿੱਲੀ ਸਰਕਾਰ ਦਾ ਜਨਤਕ ਵਿਵਸਥਾ, ਪੁਲਸ ਅਤੇ ਜ਼ਮੀਨ ਤੋਂ ਇਲਾਵਾ ਹੋਰ ਸੇਵਾਵਾਂ 'ਤੇ ਵਿਧਾਨਕ ਅਤੇ ਕਾਰਜਕਾਰੀ ਕੰਟਰੋਲ ਹੈ। ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਕਿਹਾ ਕਿ ਉਹ ਅਗਲੇ ਹਫਤੇ ਇਸ ਮਾਮਲੇ ਦੀ ਸੁਣਵਾਈ ਲਈ ਬੈਂਚ ਕਾਇਮ ਕਰਨਗੇ।

## ਜਾਤ ਅਧਾਰਤ ਵਿਤਕਰੇ ਖਿਲਾਫ ਬਿੱਲ ਪਾਸ

**ਵਾਸ਼ਿੰਗਟਨ** : ਅਮਰੀਕਾ ਵਿਚ ਕੈਲੀਫੋਰਨੀਆ ਰਾਜ ਦੀ ਸੈਨੇਟ ਨੇ ਜਾਤ ਅਧਾਰਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਬਿੱਲ ਇੱਕ ਦੇ ਮੁਕਾਬਲੇ 34 ਵੋਟਾਂ ਨਾਲ ਪਾਸ ਕਰ ਦਿੱਤਾ ਹੈ। ਕੈਲੀਫੋਰਨੀਆ ਆਪਣੇ ਵਿਤਕਰੇ ਵਿਰੋਧੀ ਕਾਨੂੰਨਾਂ 'ਚ ਜਾਤ ਨੂੰ ਜੋੜਨ ਵਾਲਾ ਪਹਿਲਾ ਅਮਰੀਕੀ ਰਾਜ ਬਣ ਜਾਵੇਗਾ। ਕੈਲੀਫੋਰਨੀਆ ਦੀ ਸੈਨੇਟਰ ਆਇਸ਼ਾ ਵਹਾਬ ਵੱਲੋਂ ਪੇਸ਼ ਕੀਤਾ ਗਿਆ ਐੱਸ ਬੀ 403 ਮੌਜੂਦਾ ਕਾਨੂੰਨ 'ਚ ਜਾਤ ਨੂੰ ਜੋੜਦਾ ਹੈ। ਇਹ ਕਾਨੂੰਨ ਕੈਲੀਫੋਰਨੀਆ ਰਾਜ ਦੇ ਸਾਰੇ ਲੋਕਾਂ ਨੂੰ ਬਰਾਬਰ ਅਧਿਕਾਰ ਦਿੰਦਾ ਹੈ।

## ਬ੍ਰਿਜ ਭੂਸ਼ਣ ਦਾ ਬਿਆਨ ਦਰਜ

**ਨਵੀਂ ਦਿੱਲੀ** : ਦਿੱਲੀ ਪੁਲਸ ਨੇ ਮਹਿਲਾ ਭਲਵਾਨਾਂ ਦੇ ਕਥਿਤ ਜਿਨਸੀ ਸ਼ੋਸ਼ਣ ਦੇ ਮਾਮਲੇ 'ਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਅਤੇ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਣ ਸਿੰਘ ਦਾ ਬਿਆਨ ਦਰਜ ਕੀਤਾ ਹੈ। ਉਸ ਤੋਂ ਕੁਝ ਦਸਤਾਵੇਜ਼ਾਂ ਦੀ ਮੰਗ ਵੀ ਕੀਤੀ ਗਈ। ਬ੍ਰਿਜ ਭੂਸ਼ਣ ਨੇ ਆਪਣੇ 'ਤੇ ਲਗਾਏ ਦੋਸ਼ਾਂ ਨੂੰ ਨਕਾਰਿਆ। ਇਸੇ ਦੌਰਾਨ ਦਿੱਲੀ ਪੁਲਸ ਨੇ ਵਿਸ਼ੇਸ਼ ਅਦਾਲਤ ਨੂੰ ਦੱਸਿਆ ਕਿ ਬ੍ਰਿਜ ਭੂਸ਼ਣ ਖਿਲਾਫ ਦੋਸ਼ਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕਰ ਦਿੱਤੀ ਗਈ ਹੈ। ਇਸ 'ਚ ਚਾਰ ਮਹਿਲਾ ਪੁਲਸ ਅਧਿਕਾਰੀਆਂ ਸਮੇਤ 10 ਪੁਲਸ ਕਰਮਚਾਰੀ ਹਨ। ਦਸ ਮੈਂਬਰੀ ਟੀਮ ਦੀ ਅਗਵਾਈ ਮਹਿਲਾ ਡੀ ਸੀ ਪੀ ਕਰੇਗੀ।

## ਸਪੀਕਰ ਛੇਤੀ ਫੈਸਲਾ ਲੈਣ : ਠਾਕਰੇ

**ਮੁੰਬਈ** : ਸ਼ਿਵ ਸੈਨਾ (ਊਧਵ ਬਾਲਾਸਾਹਿਬ ਠਾਕਰੇ) ਦੇ ਮੁਖੀ ਊਧਵ ਠਾਕਰੇ ਨੇ ਸ਼ੁੱਕਰਵਾਰ ਮਹਾਰਾਸ਼ਟਰ ਵਿਧਾਨ ਸਭਾ ਦੇ ਸਪੀਕਰ ਰਾਹੁਲ ਨਾਰਵੇਕਰ ਨੂੰ ਅਪੀਲ ਕੀਤੀ ਕਿ ਉਹ 16 ਵਿਧਾਇਕਾਂ ਨੂੰ ਅਯੋਗ ਠਹਿਰਾਉਣ ਬਾਰੇ ਜਲਦੀ ਫੈਸਲਾ ਕਰਨ। ਉਨ੍ਹਾ ਇਹ ਮੰਗ ਪਿਛਲੇ ਸਾਲ ਦੇ ਸਿਆਸੀ ਸੰਕਟ 'ਤੇ ਸੁਪਰੀਮ ਕੋਰਟ ਵੱਲੋਂ ਫੈਸਲਾ ਦੇਣ ਤੋਂ ਇਕ ਦਿਨ ਬਾਅਦ ਕੀਤੀ ਹੈ। ਇਕ ਸਾਲ ਪਹਿਲਾਂ ਸ਼ਿਵ ਸੈਨਾ ਦੇ ਏਕਨਾਥ ਸ਼ਿੰਦੇ ਦੀ ਬਗਾਵਤ ਕਾਰਨ ਊਧਵ ਠਾਕਰੇ ਦੀ ਅਗਵਾਈ ਵਾਲੀ ਮਹਾ ਵਿਕਾਸ ਅਘਾੜੀ ਸਰਕਾਰ ਡਿੱਗ ਗਈ ਸੀ।

## ਸੇਬੀ ਨੂੰ ਜਾਂਚ ਲਈ ਛੇ ਦੀ ਥਾਂ ਤਿੰਨ ਮਹੀਨੇ ਹੀ ਮਿਲਣਗੇ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਅਡਾਨੀ-ਹਿੰਡਨਬਰਗ ਵਿਵਾਦ 'ਚ ਸ਼ੁੱਕਰਵਾਰ ਕਿਹਾ ਕਿ ਉਹ ਸ਼ੇਅਰਾਂ 'ਚ ਹੇਰਾਫੇਰੀ ਦੇ ਦੋਸ਼ਾਂ ਦੀ ਜਾਂਚ ਪੂਰੀ ਕਰਨ ਲਈ ਸੇਬੀ ਨੂੰ ਤਿੰਨ ਮਹੀਨਿਆਂ ਦਾ ਸਮਾਂ ਦੇ ਸਕਦੀ ਹੈ। ਸੇਬੀ ਨੇ ਛੇ ਮਹੀਨੇ ਦਾ ਸਮਾਂ ਮੰਗਿਆ ਸੀ। ਅਦਾਲਤ ਨੇ ਕਿਹਾ ਕਿ ਉਸ ਦੀ ਰਜਿਸਟਰੀ ਨੂੰ ਸੁਪਰੀਮ ਕੋਰਟ ਵੱਲੋਂ ਕਾਇਮ ਕਮੇਟੀ ਦੀ ਰਿਪੋਰਟ ਮਿਲੀ ਹੈ। ਉਸ ਨੇ ਜਨਹਿੱਤ ਪਟੀਸ਼ਨਾਂ ਨੂੰ 15 ਮਈ ਨੂੰ ਸੂਚੀਬੱਧ ਕਰਨ ਲਈ ਕਿਹਾ ਹੈ।

## ਕਾਮਰੇਡ ਗੁਰਮੇਲ ਸਿੰਘ ਹੂੰਝਣ ਤੇ ਜੋਗਿੰਦਰ ਸਿੰਘ ਦੀ ਬਰਸੀ ਭਲਕੇ

**ਲੁਧਿਆਣਾ** : ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਸ਼ਹੀਦ ਹੋਏ ਕਾਮਰੇਡ ਗੁਰਮੇਲ ਸਿੰਘ ਹੂੰਝਣ ਅਤੇ ਜੋਗਿੰਦਰ ਸਿੰਘ ਦੀ ਬਰਸੀ 14 ਮਈ ਦਿਨ ਐਤਵਾਰ ਨੂੰ ਉਨ੍ਹਾਂ ਦੇ ਪਿੰਡ ਪੰਧੇਰ ਖੇੜੀ ਬਲਾਕ ਡੇਹਲੋਂ ਜ਼ਿਲ੍ਹਾ ਲੁਧਿਆਣਾ ਵਿਖੇ ਮਨਾਈ ਜਾਏਗੀ। ਕਾਮਰੇਡ ਹਰਦੇਵ ਅਰਸ਼ੀ ਸੂਬੇ ਵੱਲੋਂ ਇਸ ਸਮਾਗਮ ਵਿੱਚ ਪ੍ਰਮੁੱਖ ਬੁਲਾਰੇ ਦੇ ਤੌਰ 'ਤੇ ਸ਼ਾਮਲ ਹੋਣਗੇ।
ਜ਼ਿਲ੍ਹਾ ਸਕੱਤਰ ਡੀ ਪੀ ਮੌੜ ਨੇ ਸਾਰੇ ਸਾਥੀਆਂ ਨੂੰ ਵੱਡੀ ਗਿਣਤੀ ਵਿੱਚ ਬੰਸਰੀ ਵਾਲੀ ਥਾਂ ਪਿੰਡ ਪੰਧੇਰ ਖੇੜੀ ਵਿਖੇ 11 ਵਜੇ ਤੱਕ ਪੁੱਜਣ ਦਾ ਸੱਦਾ ਦਿੱਤਾ ਹੈ।

# ਇਮਰਾਨ ਦੀ ਗ੍ਰਿਫਤਾਰੀ 'ਤੇ ਰੋਕ

**ਇਸਲਾਮਾਬਾਦ** : ਸੁਪਰੀਮ ਕੋਰਟ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਗ੍ਰਿਫਤਾਰੀ ਨੂੰ ਨਾਜਾਇਜ਼ ਤੇ ਗੈਰਕਾਨੂੰਨੀ ਕਰਾਰ ਦੇਣ ਦੇ ਇਕ ਦਿਨ ਬਾਅਦ ਇਸਲਾਮਾਬਾਦ ਹਾਈ ਕੋਰਟ ਨੇ ਉਨ੍ਹਾ ਨੂੰ ਅਲ-ਕਾਦਿਰ ਟਰੱਸਟ ਕੇਸ 'ਚ ਸ਼ੁੱਕਰਵਾਰ ਕੁਝ ਸ਼ਰਤਾਂ ਨਾਲ ਦੋ ਹਫਤਿਆਂ ਦੀ ਜ਼ਮਾਨਤ ਦੇ ਦਿੱਤੀ।



ਹਾਈ ਕੋਰਟ 'ਚ ਜ਼ਮਾਨਤ ਲਈ ਜਾਂਦੇ ਇਮਰਾਨ ਖਾਨ।

70 ਸਾਲਾ ਖਾਨ ਉਸੇ ਹਾਈ ਕੋਰਟ 'ਚ ਪੇਸ਼ ਹੋਏ, ਜਿੱਥੋਂ ਉਨ੍ਹਾ ਨੂੰ ਪਿਛਲੇ ਮੰਗਲਵਾਰ ਘੜੀਸ ਕੇ ਗ੍ਰਿਫਤਾਰ ਕੀਤਾ ਗਿਆ ਸੀ। ਸਰਕਾਰ ਨੇ ਹਾਈ ਕੋਰਟ ਵਿਚ ਜ਼ਮਾਨਤ ਦਾ ਵਿਰੋਧ ਕਰਦਿਆਂ ਕਿਹਾ ਕਿ ਜ਼ਮਾਨਤ ਦੇਣ ਦਾ ਮਤਲਬ ਭੀੜਾਂ ਨੂੰ ਉਤਸ਼ਾਹਤ ਕਰਨਾ ਹੋਵੇਗਾ। ਇਮਰਾਨ ਦੀ ਗ੍ਰਿਫਤਾਰੀ ਤੋਂ ਬਾਅਦ ਦੇਸ਼-ਭਰ ਵਿਚ ਹਿੰਸਾ ਹੋ ਗਈ ਸੀ।

ਹਾਈ ਕੋਰਟ ਵੱਲੋਂ ਜ਼ਮਾਨਤ ਦਿੱਤੇ ਜਾਣ ਤੋਂ ਬਾਅਦ ਇਮਰਾਨ ਦੇ ਵਕੀਲ ਨੇ ਕਿਹਾ ਕਿ ਬਾਹਰ ਨਿਕਲਣ 'ਚ ਉਨ੍ਹਾ ਨੂੰ ਕਿਸੇ ਦੂਜੇ ਕੇਸ ਵਿਚ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਅਜਿਹੀ ਸੰਭਾਵਨਾ ਦਾ ਪਤਾ ਲੱਗਣ 'ਤੇ ਇਮਰਾਨ ਨੇ ਕਿਹਾ ਕਿ ਜੇ ਫਿਰ ਗ੍ਰਿਫਤਾਰ ਕੀਤਾ ਤਾਂ ਦੇਸ਼ ਵਿਚ ਹੋਣ ਵਾਲੀ ਪ੍ਰਤੀਕਿਰਿਆ ਲਈ ਉਨ੍ਹਾ ਨੂੰ ਜ਼ਿੰਮੇਦਾਰ ਨਾ ਠਹਿਰਾਉਣਾ। ਇਸ ਦੇ ਬਾਅਦ ਹਾਈ ਕੋਰਟ ਨੇ ਇਕ ਹੋਰ ਹੁਕਮ ਪਾਸ ਕੀਤਾ ਕਿ 9 ਮਈ ਦੇ ਬਾਅਦ ਦਰਜ ਕਿਸੇ ਕੇਸ ਵਿਚ ਇਮਰਾਨ ਦੀ ਗ੍ਰਿਫਤਾਰੀ 17 ਮਈ ਤੱਕ ਨਹੀਂ ਹੋਵੇਗੀ। ਇਸ 'ਤੇ ਕੇਂਦਰੀ ਗ੍ਰਹਿ ਮੰਤਰੀ ਰਾਣਾ ਸਨਾਉੱਲ੍ਹਾ ਨੇ ਕਿਹਾ ਕਿ ਏਨੀ ਸਹੂਲਤ ਤਾਂ ਦੁਨੀਆ ਵਿਚ ਕਿਸੇ ਨੂੰ ਨਹੀਂ ਮਿਲ ਸਕਦੀ।

ਜਿਓ ਨਿਊਜ਼ ਮੁਤਾਬਕ ਇਸਲਾਮਾਬਾਦ ਹਾਈ ਕੋਰਟ ਦਾ ਫੈਸਲਾ ਇਸਲਾਮਾਬਾਦ ਦੇ 70 ਕਿਲੋਮੀਟਰ ਦੇ ਦਾਇਰੇ ਵਿਚ ਲਾਗੂ ਕੀਤਾ ਜਾ ਸਕਦਾ ਹੈ। ਪੰਜਾਬ ਵਿਚ ਇਹ ਫੈਸਲਾ ਲਾਗੂ ਨਹੀਂ ਹੁੰਦਾ। ਲਿਹਾਜਾ ਪੰਜਾਬ ਪੁਲਸ ਉਨ੍ਹਾ ਨੂੰ ਕਿਸੇ ਕੇਸ ਵਿਚ ਫੜ ਸਕਦੀ ਹੈ।

ਇਸੇ ਦੌਰਾਨ ਹਾਈ ਕੋਰਟ ਨੇ ਤੋਸ਼ਾਖਾਨਾ ਕੇਸ ਵਿਚ ਵੀ ਇਮਰਾਨ ਨੂੰ ਰਾਹਤ ਦਿੰਦਿਆਂ ਟਰਾਇਲ ਕੋਰਟ ਵਿਚ ਸੁਣਵਾਈ 'ਤੇ ਰੋਕ ਲਾ ਦਿੱਤੀ ਹੈ। ਅਗਲੇ ਹੁਕਮ ਤੱਕ ਸੈਸ਼ਨ ਕੋਰਟ ਸੁਣਵਾਈ ਨਹੀਂ ਕਰ ਸਕੇਗੀ।

# ਬਾਰ੍ਹਵੀਂ ਦਾ ਨਤੀਜਾ ਪਿਛਲੇ ਸਾਲ ਨਾਲੋਂ ਹਲਕਾ ਰਿਹਾ

**ਪੰਚਕੂਲਾ** : ਸੀ ਬੀ ਐੱਸ ਈ ਨੇ ਦਸਵੀਂ ਤੇ ਬਾਰ੍ਹਵੀਂ ਦੀ ਪ੍ਰੀਖਿਆ ਦੇ ਨਤੀਜੇ ਐਲਾਨ ਦਿੱਤੇ ਹਨ। ਬਾਰ੍ਹਵੀਂ ਦੀ ਪ੍ਰੀਖਿਆ 'ਚ 87.33 ਫੀਸਦੀ ਵਿਦਿਆਰਥੀ ਪਾਸ ਹੋਏ ਹਨ। ਗੈਰਸਿਹਤਮੰਦ ਮੁਕਾਬਲੇਬਾਜ਼ੀ ਨੂੰ ਟਾਲਣ ਲਈ ਐਤਕੀਂ ਸੀ ਬੀ ਐੱਸ ਈ ਵਿਦਿਆਰਥੀਆਂ ਨੂੰ ਪਹਿਲੀ, ਦੂਜੀ ਅਤੇ ਤੀਜੀ ਡਵੀਜ਼ਨ ਨਹੀਂ ਦੇਵੇਗਾ, ਕੋਈ ਮੈਰਿਟ ਸੂਚੀ ਵੀ ਜਾਰੀ ਨਹੀਂ ਕੀਤੀ ਜਾਵੇਗੀ। ਪਿਛਲੇ ਸਾਲ 92.71 ਫੀਸਦ ਵਿਦਿਆਰਥੀ ਪਾਸ ਹੋਏ ਸਨ। ਇਸ ਤਰ੍ਹਾਂ ਇਸ ਵਾਰ ਨਤੀਜਾ ਪਿਛਲੇ ਸਾਲ ਨਾਲੋਂ 5.38 ਫੀਸਦੀ ਘੱਟ ਹੈ। ਕੁੜੀਆਂ ਦੀ ਪਾਸ ਫੀਸਦ ਮੁੰਡਿਆਂ ਦੇ ਮੁਕਾਬਲੇ 6 ਫੀਸਦੀ ਵੱਧ ਰਹੀ। ਕੁੜੀਆਂ 90.68 ਫੀਸਦੀ, ਜਦਕਿ ਮੁੰਡੇ 84.67 ਫੀਸਦ ਪਾਸ ਹੋਏ। ਦਸਵੀਂ ਦਾ ਨਤੀਜਾ 93.12 ਫੀਸਦ ਰਿਹਾ।



ਦਿੱਲੀ ਦੀਆਂ ਕੁੜੀਆਂ ਨਤੀਜੇ ਦੇ ਐਲਾਨ ਤੋਂ ਬਾਅਦ ਖੁਸ਼ੀ ਮਨਾਉਂਦੀਆਂ ਹੋਈਆਂ।

**ਕੰਪਾਰਟਮੈਂਟ ਨਹੀਂ, ਸਪਲੀਮੈਂਟਰੀ**

ਸੀ ਬੀ ਐੱਸ ਈ ਦੇ ਪ੍ਰੀਖਿਆ ਕੰਟਰੋਲਰ ਸੰਯਮ ਭਾਰਦਵਾਜ ਨੇ ਕਿਹਾ ਹੈ ਕਿ ਹੁਣ ਕੰਪਾਰਟਮੈਂਟ ਪ੍ਰੀਖਿਆਵਾਂ ਨੂੰ ਸਪਲੀਮੈਂਟਰੀ ਪ੍ਰੀਖਿਆਵਾਂ ਕਿਹਾ ਜਾਵੇਗਾ। ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਪਲੀਮੈਂਟਰੀ ਪ੍ਰੀਖਿਆ 'ਚ ਦੋ ਵਿਸ਼ਿਆਂ 'ਚ ਆਪਣੀ ਕਾਰਗੁਜ਼ਾਰੀ 'ਚ ਸੁਧਾਰ ਕਰਨ ਦਾ ਮੌਕਾ ਦਿੱਤਾ ਜਾਵੇਗਾ, ਜਦੋਂ ਕਿ ਬਾਰ੍ਹਵੀਂ ਜਮਾਤ ਲਈ ਉਨ੍ਹਾਂ ਨੂੰ ਇੱਕ ਵਿਸ਼ੇ 'ਚ ਆਪਣਾ ਪ੍ਰਦਰਸ਼ਨ ਸੁਧਾਰਨ ਦਾ ਮੌਕਾ ਦਿੱਤਾ ਜਾਵੇਗਾ। ਜਿਨ੍ਹਾਂ ਵਿਦਿਆਰਥੀਆਂ ਨੂੰ ਸਪਲੀਮੈਂਟਰੀ ਸ਼੍ਰੇਣੀ 'ਚ ਰੱਖਿਆ ਗਿਆ ਹੈ ਅਤੇ ਉਹ ਆਪਣੀ ਕਾਰਗੁਜ਼ਾਰੀ 'ਚ ਸੁਧਾਰ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਪ੍ਰੀਖਿਆ ਜੁਲਾਈ 'ਚ ਕਰਵਾਈ ਜਾਵੇਗੀ ਅਤੇ ਮਿਤੀਆਂ ਦਾ ਐਲਾਨ ਜਲਦੀ ਹੀ ਕੀਤਾ ਜਾਵੇਗਾ। ਉਨ੍ਹਾ ਦੱਸਿਆ ਕਿ ਅਗਲੇ ਸਾਲ 2024 'ਚ ਦਸਵੀਂ ਤੇ ਬਾਰ੍ਹਵੀਂ ਦੀਆਂ ਪ੍ਰੀਖਿਆਵਾਂ 15 ਫਰਵਰੀ ਤੋਂ ਹੋਣਗੀਆਂ।

## ਰਾਹੁਲ ਨੂੰ ਦੋਸ਼ੀ ਠਹਿਰਾਉਣ ਵਾਲੇ ਸਣੇ 68 ਜੱਜਾਂ ਦੀ ਤਰੱਕੀ 'ਤੇ ਰੋਕ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਸੂਰਤ ਦੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਹਰੀਸ਼ ਹਸਮੁਖਭਾਈ ਵਰਮਾ ਸਣੇ ਗੁਜਰਾਤ ਦੀਆਂ ਹੇਠਲੀਆਂ ਅਦਾਲਤਾਂ ਦੇ 68 ਜੱਜਾਂ ਦੀ ਤਰੱਕੀ 'ਤੇ ਰੋਕ ਲਗਾ ਦਿੱਤੀ। ਵਰਮਾ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ ਮਾਣਹਾਨੀ ਦੇ ਇੱਕ ਮਾਮਲੇ 'ਚ ਦੋਸ਼ੀ ਠਹਿਰਾਇਆ ਸੀ।

ਜਸਟਿਸ ਐੱਮ ਆਰ ਸ਼ਾਹ ਅਤੇ ਜਸਟਿਸ ਸੀ ਟੀ ਰਵੀਕੁਮਾਰ ਦੀ ਬੈਂਚ ਨੇ ਕਿਹਾ ਕਿ ਗੁਜਰਾਤ ਰਾਜ ਨਿਆਂਇਕ ਸੇਵਾ ਨਿਯਮ 2005 ਅਨੁਸਾਰ ਤਰੱਕੀ ਯੋਗਤਾ-ਕਮ-ਸੀਨੀਆਰਤਾ ਦੇ ਸਿਧਾਂਤ ਅਤੇ ਯੋਗਤਾ ਪ੍ਰੀਖਿਆ ਪਾਸ ਕਰਨ ਦੇ ਅਧਾਰ 'ਤੇ ਹੋਣੀ ਚਾਹੀਦੀ ਹੈ। ਹਾਈ ਕੋਰਟ ਵੱਲੋਂ ਜਾਰੀ ਕੀਤੀ ਸੂਚੀ ਅਤੇ ਜ਼ਿਲ੍ਹਾ ਜੱਜਾਂ ਦੀ ਤਰੱਕੀ ਲਈ ਰਾਜ ਸਰਕਾਰ ਵੱਲੋਂ ਜਾਰੀ ਹੁਕਮ ਗੈਰ-ਕਾਨੂੰਨੀ ਅਤੇ ਇਸ ਅਦਾਲਤ ਦੇ ਫੈਸਲੇ ਦੇ ਉਲਟ ਹਨ। ਇਸ ਲਈ ਇਸ ਨੂੰ ਕਾਇਮ ਨਹੀਂ ਰੱਖਿਆ ਜਾ ਸਕਦਾ। ਬੈਂਚ ਨੇ ਕਿਹਾ-ਅਸੀਂ ਤਰੱਕੀ ਸੂਚੀ ਨੂੰ ਲਾਗੂ ਕਰਨ 'ਤੇ ਰੋਕ ਲਗਾਉਂਦੇ ਹਾਂ, ਜਿਨ੍ਹਾਂ ਸੰਬੰਧਤ ਅਧਿਕਾਰੀਆਂ ਨੂੰ ਤਰੱਕੀ ਦਿੱਤੀ ਗਈ ਹੈ, ਉਨ੍ਹਾਂ ਨੂੰ ਉਨ੍ਹਾਂ ਦੀਆਂ ਅਸਲ ਆਸਾਮੀਆਂ 'ਤੇ ਵਾਪਸ ਭੇਜ ਦਿੱਤਾ ਗਿਆ ਹੈ, ਜਿਸ 'ਤੇ ਉਹ ਤਰੱਕੀ ਤੋਂ ਪਹਿਲਾਂ ਤਾਇਨਾਤ ਸਨ।

# ਹੁਸ਼ਿਆਰਪੁਰ 'ਚ ਗੈਂਗਵਾਰ 'ਚ ਦੋ ਹਲਾਕ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸ਼ੁੱਕਰਵਾਰ ਦਿਨ ਦਿਹਾੜੇ ਜਲੰਧਰ ਰੋਡ 'ਤੇ ਪਿੱਪਲਾਂਵਾਲਾ ਨੇੜੇ ਗੈਂਗਵਾਰ ਦੌਰਾਨ ਗੋਲੀਆਂ ਲੱਗਣ ਨਾਲ ਦੋ ਨੌਜਵਾਨਾਂ ਦੀ ਮੌਤ ਹੋ ਗਈ। ਲੋਕਾਂ ਅਨੁਸਾਰ ਝਗੜੇ ਦੌਰਾਨ ਕਈ ਗੋਲੀਆਂ ਚੱਲੀਆਂ।



ਸਾਜਨ ਦੀ ਫਾਈਲ ਫੋਟੋ

ਜਿਸ ਜਿਮ ਨੇੜੇ ਗੋਲੀਆਂ ਚੱਲੀਆਂ ਉਹ ਸਾਬਕਾ ਸੰਸਦੀ ਸਕੱਤਰ ਮਹਿੰਦਰ ਕੌਰ ਜੋਸ਼ ਦੇ ਪੁੱਤਰ ਕਰਮਜੀਤ ਸਿੰਘ ਬਬਲੂ ਦਾ ਦੱਸਿਆ ਜਾਂਦਾ ਹੈ। (ਮਹਿੰਦਰ ਕੌਰ ਜੋਸ਼ ਪਹਿਲਾਂ ਅਕਾਲੀ ਦਲ ਵਿਚ ਹੁੰਦੀ ਸੀ ਤੇ ਫਿਰ ਭਾਜਪਾ 'ਚ ਸ਼ਾਮਲ ਹੋ ਗਈ।) ਸਵੇਰੇ ਜਿੰਮ 'ਚ ਥਿਆੜਾ ਤੇ ਸੱਤਿਆ ਵਿਚਾਲੇ ਕਿਸੇ ਗੱਲ ਤੋਂ ਝਗੜਾ ਹੋਇਆ। ਬਾਅਦ ਵਿਚ ਦੋਹਾਂ ਨੇ ਆਪਣੇ ਹਮਾਇਤੀ ਸੱਦ ਲਏ। ਸਾਜਨ ਜਿਮ ਦੇ ਬਾਹਰ ਖੜ੍ਹਾ ਸੀ ਤੇ ਗੋਕਲ ਨਗਰ ਦਾ ਚੰਨਾ ਸਾਥੀਆਂ ਨਾਲ ਦੋ-ਤਿੰਨ ਗੱਡੀਆਂ ਵਿਚ ਆਇਆ। ਉਨ੍ਹਾਂ ਆਉਂਦਿਆਂ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਦੋ ਗੋਲੀਆਂ ਸਾਜਨ ਦੇ ਸਿਰ ਵਿਚ ਲੱਗੀਆਂ। ਉਸਨੂੰ ਨਿਜੀ ਹਸਪਤਾਲ ਵਿਚ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸਨੂੰ ਡੈੱਡ ਐਲਾਨ ਦਿੱਤਾ। ਕਰਾਸ ਫਾਇਰਿੰਗ 'ਚ ਚੰਨੇ ਦੇ ਸਿਰ ਵਿਚ ਵੀ ਗੋਲੀਆਂ ਲੱਗੀਆਂ ਤੇ ਉਸ ਦੀ ਵੀ ਬਾਅਦ 'ਚ ਮੌਤ ਹੋ ਗਈ।

**ਗੀਤੇ ਨਾਲ ਜਾ ਰਹੇ ਪ੍ਰਦੀਪ ਦੀ ਹੱਤਿਆ**

**ਮੁਹਾਲੀ** : ਖਰੜ ਨੇੜੇ ਰੁੜਕੀ 'ਚ ਸ਼ੁੱਕਰਵਾਰ ਗੋਲੀਬਾਰੀ 'ਚ ਨੌਜਵਾਨ ਪ੍ਰਦੀਪ ਦੀ ਮੌਤ ਹੋ ਗਈ ਅਤੇ ਗੀਤਾ ਜ਼ਖਮੀ ਹੋ ਗਿਆ। ਗੀਤਾ ਅਦਾਲਤ 'ਚ ਪੇਸ਼ੀ ਲਈ ਜਾ ਰਿਹਾ ਸੀ ਅਤੇ ਪ੍ਰਦੀਪ ਉਸ ਦੇ ਨਾਲ ਸੀ। ਪੁਲਸ ਇਸ ਨੂੰ ਗੈਂਗਵਾਰ ਮੰਨ ਕੇ ਚੱਲ ਰਹੀ ਹੈ। ਗੀਤਾ ਗੁਰਲਾਲ ਬਰਾੜ ਕਤਲ ਕਾਂਡ ਦਾ ਮੁਲਜ਼ਮ ਹੈ ਅਤੇ ਉਸ ਨੇ ਕਥਿਤ ਤੌਰ 'ਤੇ ਹਮਲਾਵਰਾਂ ਨੂੰ ਬਾਈਕ ਮੁਹੱਈਆ ਕਰਵਾਈ ਸੀ। ਗੈਂਗਸਟਰ ਗੋਲਡੀ ਬਰਾੜ ਦੇ ਨਜ਼ਦੀਕੀ ਰਿਸ਼ਤੇਦਾਰ ਅਤੇ ਲਾਰੈਂਸ ਬਿਸ਼ਨੋਈ ਦੇ ਸਹਿਯੋਗੀ ਗੁਰਲਾਲ ਬਰਾੜ ਨੂੰ ਦਵਿੰਦਰ ਬੰਬੀਹਾ ਗੈਂਗ ਦੇ ਕਥਿਤ ਮੈਂਬਰਾਂ ਨੇ 10 ਅਕਤੂਬਰ ਨੂੰ ਚੰਡੀਗੜ੍ਹ ਦੇ ਇੰਡਸਟਰੀਅਲ ਏਰੀਆ ਫੇਜ਼-1 ਸਥਿਤ ਸਿਟੀ ਐਂਪੋਰੀਅਮ ਮਾਲ ਦੇ ਮੇਨ ਗੇਟ ਸਾਹਮਣੇ ਕਤਲ ਕਰ ਦਿੱਤਾ ਸੀ।

## ਇੰਜੀਨੀਅਰ ਬੀਬੀ ਦੀ ਕਰੋੜਾਂ ਦੀ ਸੰਪਤੀ



**ਭੋਪਾਲ** : ਮੱਧ ਪ੍ਰਦੇਸ਼ ਲੋਕਾਯੁਕਤ ਦੀ ਟੀਮ ਸਟੇਟ ਪੁਲਸ ਹਾਊਸਿੰਗ ਕਾਰਪੋਰੇਸ਼ਨ ਵਿਖੇ ਅਸਿਸਟੈਂਟ ਇੰਜੀਨੀਅਰ ਇਨ-ਚਾਰਜ (ਕਾਨਟ੍ਰੈਕਟ) ਹੇਮਾ ਮੀਣਾ 'ਤੇ ਛਾਪੇ ਦੌਰਾਨ ਆਮਦਨ ਤੋਂ 332 ਫੀਸਦੀ ਵੱਧ ਦੀ ਸੰਪਤੀ ਦੇਖ ਕੇ ਦੰਗ ਰਹਿ ਗਈ। ਉਸ ਦੀ ਤਨਖਾਹ 30 ਹਜ਼ਾਰ ਰੁਪਏ ਹੈ। ਲੋਕਾਯੁਕਤ ਨੇ ਵੀਰਵਾਰ ਉਸ ਦੇ ਘਰ, ਫਾਰਮ ਹਾਊਸ ਤੇ ਦਫਤਰ ਵਿਚ ਛਾਪਾ ਮਾਰ ਕੇ 7 ਕਰੋੜ ਦੀ ਸੰਪਤੀ ਦਾ ਪਤਾ ਲਾਇਆ। ਇਸ ਤੋਂ ਇਲਾਵਾ ਉਸ ਦੇ ਘਰੋਂ 30 ਲੱਖ ਰੁਪਏ ਦਾ ਟੀ ਵੀ ਮਿਲਿਆ। ਇਕ ਲਗਜ਼ਰੀ ਕਾਰ ਸਣੇ 20 ਕਾਰਾਂ ਵੀ ਮਿਲੀਆਂ। 13 ਸਾਲ ਤੋਂ ਨੌਕਰੀ ਕਰ ਰਹੀ ਮੀਣਾ ਨੇ 70-80 ਗਊਆਂ ਦਾ ਸ਼ਾਨਦਾਰ ਫਾਰਮ ਹਾਊਸ ਵੀ ਬਣਾਇਆ ਹੋਇਆ ਹੈ। ਲੋਕਾਯੁਕਤ ਨੇ ਉਸ ਖਿਲਾਫ ਭੋਪਾਲ, ਵਿਦਿਸ਼ਾ ਤੇ ਰਾਏਸੇਨ ਵਿਚ ਛਾਪੇ ਮਾਰੇ। ਉਸ ਖਿਲਾਫ ਬੇਹਿਸਾਬੀ ਦੌਲਤ ਇਕੱਠੀ ਕਰਨ ਦੀ ਸ਼ਿਕਾਇਤ 2020 ਵਿਚ ਦਰਜ ਕਰਵਾਈ ਗਈ ਸੀ। ਮੀਣਾ ਆਪਣੇ ਘਰ ਵਿਚਲੇ ● ਬਾਕੀ ਸਫ਼ਾ 2 'ਤੇ

# ਸਟੈਂਪ ਪੇਪਰ ਦੀ ਕਲਰ ਕੋਡਿੰਗ ਕਰਨ ਵਾਲਾ ਪਹਿਲਾ ਸੂਬਾ ਬਣਿਆ ਪੰਜਾਬ

**ਚੰਡੀਗੜ੍ਹ. (ਗੁਰਜੀਤ ਬਿੱਲਾ)** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ਼ੁੱਕਰਵਾਰ ਸੂਬੇ ਵਿੱਚ ਆਪਣੇ ਯੂਨਿਟ ਸਥਾਪਤ ਕਰਨ ਲਈ ਉੱਦਮੀਆਂ ਦੀ ਸਹੂਲਤ ਲਈ ਹਰੇ ਰੰਗ ਦੇ ਸਟੈਂਪ ਪੇਪਰ ਸ਼ੁਰੂ ਕਰਨ ਦਾ ਐਲਾਨ ਕਰਨ ਨਾਲ ਪੰਜਾਬ ਵਿਲੱਖਣ ਕਲਰ ਕੋਡਿਡ ਸਟੈਂਪ ਪੇਪਰ ਲਾਂਚ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨਾਲ ਉਦਯੋਗਿਕ ਵਿਕਾਸ ਨੂੰ ਵੱਡਾ ਹੁਲਾਰਾ ਮਿਲੇਗਾ।



ਇੱਥੇ ਜਾਰੀ ਵੀਡੀਓ ਰਾਹੀਂ ਮੁੱਖ ਮੰਤਰੀ ਨੇ ਕਿਹਾ ਹੈ ਕਿ ਇਹ ਇੱਕ ਕ੍ਰਾਂਤੀਕਾਰੀ ਕਦਮ ਹੈ, ਜਿਸ ਦਾ ਉਦੇਸ਼ ਸੂਬੇ ਵਿੱਚ ਆਪਣੀਆਂ ਇਕਾਈਆਂ ਸਥਾਪਤ ਕਰਨ ਦੇ ਚਾਹਵਾਨ ਉੱਦਮੀਆਂ ਲਈ ਕਾਰੋਬਾਰ ਕਰਨ ਵਿੱਚ ਅਸਾਨੀ ਨੂੰ ਉਤਸ਼ਾਹਿਤ ਕਰਨਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੋਈ ਵੀ ਸਨਅਤਕਾਰ ਜੋ ਸੂਬੇ ਵਿੱਚ ਆਪਣੀ ਸਨਅਤੀ ਇਕਾਈ ਸਥਾਪਤ ਕਰਨ ਦਾ ਇੱਛੁਕ ਹੈ, ਉਹ ਇਨਵੈਸਟ ਪੰਜਾਬ ਪੋਰਟਲ ਰਾਹੀਂ ਇਹ ਵਿਲੱਖਣ ਕਲਰ ਕੋਡਿਡ ਸਟੈਂਪ ਪੇਪਰ ਪ੍ਰਾਪਤ ਕਰ ਸਕਦਾ ਹੈ। ਉਹਨਾਂ ਕਿਹਾ ਕਿ ਸਨਅਤਕਾਰਾਂ ਨੂੰ ਆਪਣੀ ਯੂਨਿਟ ਸਥਾਪਤ ਕਰਨ ਲਈ ਸਿਰਫ ਇਸ ਇਕੋ ਸਟੈਂਪ ਪੇਪਰ ਨੂੰ ਖਰੀਦ ਕੇ ਸੀ.ਐਲ.ਯੂ., ਜੰਗਲਾਤ, ਪ੍ਰਦੂਸ਼ਣ, ਅੱਗ ਅਤੇ ਹੋਰ ਵਿਭਾਗਾਂ ਤੋਂ ਮਨਜ਼ੂਰੀਆਂ ਲੈਣ ਲਈ ਲੋੜੀਂਦੀਆਂ ਵੱਖ-ਵੱਖ ਫੀਸਾਂ ਅਦਾ ਕਰਨੀਆਂ ਪੈਣਗੀਆਂ। ਭਗਵੰਤ ਮਾਨ ਨੇ ਕਿਹਾ ਕਿ ਸਨਅਤਕਾਰਾਂ ਨੂੰ ਆਪਣੀ ਯੂਨਿਟ ਸਥਾਪਤ ਕਰਨ ਲਈ ਸਟੈਂਪ ਪੇਪਰ ਖਰੀਦਣ ਉਪਰੰਤ 15 ਦਿਨਾਂ ਦੇ ਅੰਦਰ-ਅੰਦਰ ਸਾਰੇ ਵਿਭਾਗਾਂ ਤੋਂ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਪ੍ਰਾਪਤ ਹੋ ਜਾਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਆਪਣੀ ਕਿਸਮ ਦੀ ਇਹ ਪਹਿਲੀ ਪਹਿਲਕਦਮੀ ਪੰਜਾਬ ਵਿੱਚ ਉਦਯੋਗਿਕ ਵਿਕਾਸ ਨੂੰ ਵੱਡਾ ਹੁਲਾਰਾ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਦਾ ਵਿਚਾਰ ਇਸ ਸਾਲ ਦੇ ਸ਼ੁਰੂ ਵਿੱਚ ਆਯੋਜਿਤ ਇਨਵੈਸਟ ਪੰਜਾਬ ਦੌਰਾਨ ਸੂਬੇ ਅਤੇ ਦੇਸ਼ ਭਰ ਦੇ ਉਦਯੋਗਿਕ ਕਾਰੋਬਾਰੀਆਂ ਨਾਲ ਮੀਟਿੰਗਾਂ ਉਪਰੰਤ ਆਇਆ। ਭਗਵੰਤ ਮਾਨ ਨੇ ਆਸ ਪ੍ਰਗਟਾਈ ਕਿ ਇਸ ਪਹਿਲਕਦਮੀ ਨਾਲ ਉਦਯੋਗਪਤੀਆਂ ਦੇ ਸਮੇਂ, ਪੈਸੇ ਅਤੇ ਊਰਜਾ ਦੀ ਬੱਚਤ ਕਰਕੇ ਉਨ੍ਹਾਂ ਨੂੰ ਵੱਡੀ ਸਹੂਲਤ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਹਰੇ ਰੰਗ ਦਾ ਸਟੈਂਪ ਪੇਪਰ ਇਸ ਗੱਲ ਦਾ ਪ੍ਰਤੀਕ ਹੋਵੇਗਾ ਕਿ ਸਨਅਤਕਾਰ ਪਹਿਲਾਂ ਹੀ ਯੂਨਿਟ ਸਥਾਪਤ ਕਰਨ ਲਈ ਲੋੜੀਂਦੀਆਂ ਮਨਜ਼ੂਰੀਆਂ ਲਈ ਸਾਰੀ ਫੀਸ ਅਦਾ ਕਰ ਚੁੱਕੇ ਹਨ। ਉਹਨਾਂ ਐਲਾਨ ਕੀਤਾ ਕਿ ਇਕ ਪਾਸੇ ਜ਼ਮੀਨੀ ਸਰੋਤਾਂ ● ਬਾਕੀ ਸਫ਼ਾ 2 'ਤੇ

## ਲੋਕ ਸੰਪਰਕ ਯਾਤਰਾ 15 ਮਈ ਤੋਂ ਬਾਅਦ ਵੀ ਜਾਰੀ ਰਹੇਗੀ : ਨਿਰਮਲ ਧਾਲੀਵਾਲ

**ਚੰਡੀਗੜ੍ਹ** : ਮੋਦੀ ਅਤੇ ਫਾਸ਼ੀਵਾਦ ਨੂੰ ਹਰਾਉਣ ਅਤੇ ਦੇਸ਼ ਨੂੰ ਬਚਾਉਣ ਲਈ ਕਮਿਊਨਿਸਟ ਪਾਰਟੀ ਵੱਲੋਂ ਚੱਲ ਰਹੀ ਲੋਕ ਸੰਪਰਕ ਯਾਤਰਾ (ਪਦ-ਯਾਤਰਾ) ਨੂੰ ਲੋਕਾਂ ਵੱਲੋਂ ਭਾਰੀ ਹੁੰਗਾਰਾ ਮਿਲ ਰਿਹਾ ਹੈ। ਕਾਰਜਕਾਰੀ ਸੂਬਾ ਸਕੱਤਰ ਸਾਥੀ ਨਿਰਮਲ ਸਿੰਘ ਧਾਲੀਵਾਲ ਨੇ ਪੰਜਾਬ ਦੇ ਸਾਥੀਆਂ ਅਤੇ ਆਗੂਆਂ-ਕਾਰਕੁਨਾਂ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਕਿ ਮੋਦੀ ਸਰਕਾਰ ਜਿਵੇਂ ਜਮਹੂਰੀਅਤ, ਧਰਮ-ਨਿਰਪੱਖਤਾ, ਸੰਵਿਧਾਨਕ ਅਦਾਰਿਆਂ, ਘੱਟ-ਗਿਣਤੀਆਂ, ਪ੍ਰਗਟਾਵੇ ਦੀ ਆਜ਼ਾਦੀ ਉਤੇ ਹਮਲੇ ਕਰ ਰਹੀ ਹੈ, ਕੇਂਦਰੀ ਏਜੰਸੀਆਂ ਸੀ ਬੀ ਆਈ, ਈ ਡੀ ਦੀ ਵਰਤੋਂ ਆਪੋਜ਼ੀਸ਼ਨ ਆਗੂਆਂ ਵਿਰੁੱਧ ਕਰ ਰਹੀ ਹੈ ਅਤੇ ਕਾਰਪੋਰੇਟਾਂ ਨਾਲ ਗਠਜੋੜ ਕਰਕੇ ਉਹਨਾਂ ਨੂੰ ਕਰੋੜਾਂ ਦੇ ਫਾਇਦੇ ਦੇ ਰਹੀ ਹੈ, ਇਸ ਸਭ ਦਾ ਪਾਜ ਉਧੇੜਨ ਲਈ ਵਧੀਆ ਮੁਹਿੰਮ ਚੱਲ ਰਹੀ ਹੈ।



ਉਹਨਾਂ ਕਿਹਾ ਕਿ ਫਾਜ਼ਿਲਕਾ, ਸੰਗਰੂਰ, ਫਰੀਦਕੋਟ, ਲੁਧਿਆਣਾ, ਫਤਹਿਗੜ੍ਹ, ਨਵਾਂ ਸ਼ਹਿਰ, ਮਾਨਸਾ, ਬਠਿੰਡਾ, ਬਰਨਾਲਾ, ਮੋਗਾ ਆਦਿ ਜ਼ਿਲ੍ਹਿਆਂ ਵਿਚ ਸੰਪਰਕ ਯਾਤਰਾ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ, ਜਿਹੜੇ ਜ਼ਿਲ੍ਹਿਆਂ ਵਿਚ ਮੁਹਿੰਮ ਦੀ ਰਫਤਾਰ ਅਜੇ ਮੱਠੀ ਹੈ, ਉਹ ਵੀ ਜਲਦ ਹੀ ਇਸ ਮੁਹਿੰਮ ਵਿਚ ਤੇਜ਼ ਰਫਤਾਰੀ ਫੜ ਲੈਣਗੇ। ਸਾਥੀ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੀ ਖਾਸ ਪ੍ਰਸਥਿਤੀ ਨੂੰ ਦੇਖਦਿਆਂ ਇਹ ਮੁਹਿੰਮ ਮਿੱਥੇ ਸਮੇਂ ਮੁਤਾਬਿਕ 15 ਮਈ ਨੂੰ ਖਤਮ ਨਹੀਂ ਕੀਤੀ ਜਾਵੇਗੀ, ਸਗੋਂ ਅੱਗੇ ਵੀ ਚਲਾਈ ਜਾਵੇਗੀ ਅਤੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਕੇਂਦਰ ਦੇ ਫਾਸ਼ੀ ਮਨਸੂਬਿਆਂ ਨੂੰ ਨੰਗਾ ਕਰਨ ਦੇ ਨਾਲ ਹੀ ਪੰਜਾਬ ਦੇ ਲੋਕਾਂ ਦੇ ਮਸਲੇ ਅਤੇ ਸਰਕਾਰ ਦੀ ਅਮਨ-ਕਾਨੂੰਨ ਦੇ ਮੋਰਚੇ ਅਤੇ ਵਾਅਦੇ ਪੂਰੇ ਕਰਨ ਤੋਂ ਹੋ ਰਹੀ ਅਸਫਲਤਾ ਨੂੰ ਵੀ ਲੋਕਾਂ ਦੀ ਜਾਗਰਤੀ ਦਾ ਹਿੱਸਾ ਬਣਾਇਆ ਜਾਵੇ।

## ਲਾਡੀ ਸ਼ੇਰੋਵਾਲੀਆ ਖਿਲਾਫ ਐੱਫ ਆਈ ਆਰ

**ਜਲੰਧਰ (ਰੀਨਾ ਸ਼ਰਮਾ, ਯੋਗੇਸ਼ਵਰ)** ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਲਈ ਵੋਟਾਂ ਵਾਲੇ ਦਿਨ ਪਿੰਡ ਰੁਪੇਵਾਲ ਵਿਖੇ ਸਰਕਾਰੀ ਡਿਊਟੀ ਵਿਚ ਵਿਘਨ ਪਾਉਣ ਦੇ ਦੋਸ਼ਾਂ ਤਹਿਤ ਸ਼ਾਹਕੋਟ ਹਲਕੇ ਦੇ ਕਾਂਗਰਸੀ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਸਮੇਤ 13 ਵਿਅਕਤੀਆਂ ਖਿਲਾਫ ਸ਼ਾਹਕੋਟ ਥਾਣੇ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਇਹ ਮਾਮਲਾ ਹਲਕਾ ਬਾਬਾ ਬਕਾਲਾ ਸਾਹਿਬ ਦੇ 'ਆਪ' ਵਿਧਾਇਕ ਦਲਬੀਰ ਸਿੰਘ ਟੌਂਗ ਦੇ ਡਰਾਈਵਰ ਗਗਨਦੀਪ ਅਰੋੜਾ ਦੇ ਬਿਆਨ 'ਤੇ ਦਰਜ ਕੀਤਾ ਗਿਆ ਹੈ। ਮੁਹੱਲਾ ਸ਼ੇਖੂਪੁਰ ਤਹਿਸੀਲ ਜੰਡਿਆਲਾ (ਅੰਮ੍ਰਿਤਸਰ) ਦੇ ਅਰੋੜਾ ਨੇ ਪੁਲਸ ਨੂੰ ਦੱਸਿਆ ਕਿ ਉਹ10 ਮਈ ਨੂੰ ਵਿਧਾਇਕ ਟੌਂਗ ਤੇ ਉਨ੍ਹਾ ਦੇ ਸਰਕਾਰੀ ਅਮਲੇ, ਜੋ ਜਿਪਸੀ ਵਿਚ ਸੀ, ਨਾਲ ਬਾਬਾ ਬਕਾਲਾ ਤੋਂ ਵਾਇਆ ਜਲੰਧਰ, ਨਕੋਦਰ ਤੋਂ ਸੁਲਤਾਨਪੁਰ ਲੋਧੀ ਜਾ ਰਹੇ ਸਨ। ਮਲਸੀਆਂ ਵਿਖੇ ਜਾਮ ਲੱਗਾ ਹੋਣ ਕਾਰਨ ਗੱਡੀਆਂ ਪਿੰਡਾਂ ਵੱਲ ਪਾ ਲਈਆਂ। ਜਦੋਂ ਪਿੰਡ ਰੁਪੇਵਾਲ ਵਿਚ ਦੀ ਲੰਘਣ ਲੱਗੇ ਤਾਂ ਉਸ ਸਮੇਂ 11:15 ਵਜੇ ਦੇ ਕਰੀਬ ਪਿੰਡ ਵਿਚੋਂ ਕਾਫੀ ਕਾਂਗਰਸੀ ਵਰਕਰਾਂ, ਜਿਨ੍ਹਾਂ ਦੀ ਅਗਵਾਈ ਲਾਡੀ ਸੇਰੋਵਾਲੀਆ ਵੱਲੋਂ ਕੀਤੀ ਜਾ ਰਹੀ ਸੀ, ਨੇ ਗੱਡੀਆਂ ਤੇ ਟਰੈਕਟਰ ਅੱਗੇ ਲਾ ਕੇ ਵਿਧਾਇਕ ਟੌਂਗ ਦੀ ਗੱਡੀ ਨੂੰ ਰੋਕ ਲਿਆ। ਅਰੋੜਾ ਨੇ ਦੱਸਿਆ ਕਿ ਉਸਦੀ ਜਿਪਸੀ ਦੀ ਚਾਬੀ ਵੀ ਖਿੱਚ ਲਈ ਤੇ ਜਦੋਂ ਮੁਲਾਜ਼ਮਾਂ ਨੇ ਕਾਂਗਰਸੀ ਵਰਕਰਾਂ ਨੂੰ ਅਜਿਹਾ ਕਰਨ ਤੋ ਰੋਕਿਆ ਤਾਂ ਉਹ ਮੁਲਾਜ਼ਮਾਂ ਨਾਲ ਲੜਨ ਲੱਗ ਪਏ ਤੇ ਸਰਕਾਰੀ ਡਿਊਟੀ ਕਰਨ ਤੋਂ ਰੋਕਿਆ। ਉਸ ਨੇ ਕਿਹਾ ਕਿ ਕਾਂਗਰਸੀ ਵਰਕਰਾਂ ਨੇ ਸ਼ੇਰੋਵਾਲੀਆ ਦੇ ਕਹਿਣ 'ਤੇ ਇਕ ਸਲਾਹ ਹੋ ਕੇ ਕਾਫੀ ਦੇਰ ਰੋਕੀ ਰੱਖਿਆ।

# ਬਿਜਲੀ ਕਾਮੇ 17 ਮਈ ਨੂੰ ਅੰਮ੍ਰਿਤਸਰ 'ਚ ਦੇਣਗੇ ਸੂਬਾ ਪੱਧਰੀ ਧਰਨਾ

**ਸਮਰਾਲਾ (ਸੁਰਜੀਤ ਸਿੰਘ)** ਪੰਜਾਬ ਦੇ ਸਮੁੱਚੇ ਬਿਜਲੀ ਕਾਮੇ 17 ਮਈ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਜੰਡਿਆਲਾ ਗੁਰੂ ਦੀ ਥਾਂ ਅੰਮ੍ਰਿਤਸਰ ਵਿਖੇ ਸੂਬਾ ਪੱਧਰੀ ਵਿਸ਼ਾਲ ਸੂਬਾਈ ਰੋਸ ਧਰਨਾ ਦੇਣਗੇ। ਇਹ ਫੈਸਲਾ ਸਾਥੀ ਰਤਨ ਸਿੰਘ ਮਜਾਰੀ ਦੀ ਪ੍ਰਧਾਨਗੀ ਹੇਠ ਪੀ.ਐੱਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਦੀ ਆਨ ਲਾਈਨ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਵਿੱਚ ਸ਼ਾਮਲ ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਟੈਕਨੀਕਲ ਸਰਵਿਸਿਜ਼ ਯੂਨੀਅਨ, ਪੀ.ਐੱਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ, ਇੰਪਲਾਈਜ਼ ਫੈਡਰੇਸ਼ਨ (ਸੁਰਿੰਦਰ ਸਿੰਘ), ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ, ਵਰਕਰਜ਼ ਫੈਡਰੇਸ਼ਨ (ਇੰਟਕ), ਇੰਪਲਾਈਜ਼ ਫੈਡਰੇਸ਼ਨ (ਫਲਜੀਤ ਸਿੰਘ), ਥਰਮਲਜ਼ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ, ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ, ਹੈੱਡ ਆਫਿਸ ਇੰਪਲਾਈਜ਼ ਫੈਡਰੇਸ਼ਨ ਅਤੇ ਸਬ ਸਟੇਸ਼ਨ ਸਟਾਫ ਵੈੱਲਫੇਅਰ ਐਸੋਸੀਏਸ਼ਨ ਦੇ ਆਗੂਆਂ ਸਰਬਸਾਥੀ ਕਰਮਚੰਦ ਭਾਰਦਵਾਜ, ਰਤਨ ਸਿੰਘ ਮਜਾਰੀ, ਕੁਲਵਿੰਦਰ ਸਿੰਘ ਢਿੱਲੋਂ, ਬਲਵਿੰਦਰ ਸਿੰਘ ਸੰਧੂ, ਬਲਦੇਵ ਸਿੰਘ ਮਢਾਲੀ, ਜਗਰੂਪ ਸਿੰਘ ਮਹਿਮਦਪੁਰ, ਰਵੇਲ ਸਿੰਘ ਸਹਾਏਪੁਰ, ਹਰਪਾਲ ਸਿੰਘ, ਅਵਤਾਰ ਸਿੰਘ ਕੈਂਥ, ਜਗਜੀਤ ਸਿੰਘ ਕੋਟਲੀ, ਰਘਵੀਰ ਸਿੰਘ, ਕੌਰ ਸਿੰਘ ਸੋਹੀ, ਲਖਵਿੰਦਰ ਸਿੰਘ, ਸਿਕੰਦਰ ਨਾਥ, ਸੁਖਵਿੰਦਰ ਸਿੰਘ ਦੁੰਮਨਾ, ਲਖਵੰਤ ਸਿੰਘ ਦਿਓਲ, ਸੁਖਵਿੰਦਰ ਸਿੰਘ ਚਾਹਲ ਅਤੇ ਗੁਰਦਿੱਤ ਸਿੰਘ ਸਿੱਧੂ ਨੇ ਦੱਸਿਆ ਕਿ ਪਾਵਰਕਾਮ ਅਤੇ ਟਰਾਂਸਕੋ ਦੀਆਂ ਮੈਨੇਜਮੈਂਟਾਂ ਮੁਲਾਜ਼ਮ ਜਥੇਬੰਦੀਆਂ ਨਾਲ ਕੀਤੇ ਸਮਝੌਤੇ ਅਤੇ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਲਗਾਤਾਰ ਟਾਲ-ਮਟੋਲ ਕਰ ਰਹੀਆਂ ਹਨ। ਮੈਨੇਜਮੈਂਟ ਨੇ 28 ਅਪ੍ਰੈਲ ਨੂੰ ਜੁਆਇੰਟ ਫੋਰਮ ਨੂੰ ਮੁਲਾਜ਼ਮ ਮਸਲਿਆਂ ਸੰਬੰਧੀ ਦਿੱਤੀ ਮੀਟਿੰਗ ਰੱਦ ਕਰ ਦਿੱਤੀ ਹੈ। ਮੁਲਾਜ਼ਮ ਮਸਲੇ ਜਿਵੇਂ ਪੇ ਕਮਿਸ਼ਨ ਵੱਲੋਂ ਮੁਲਾਜ਼ਮਾਂ ਨੂੰ ਸੋਧੇ ਪੇਅ ਸਕੇਲ ਦੇਣ, ਤਨਖਾਹ ਸਕੇਲਾਂ ਦੀਆਂ ਅਨਾਮਲੀਜ਼ ਦੂਰ ਕਰਨ, ਵੇਜ ਫਾਰਮੂਲੇਸ਼ਨ ਕਮੇਟੀ ਵਿੱਚ ਜਥੇਬੰਦੀ ਨੂੰ ਨੁਮਾਇੰਦਗੀ ਦੇਣਾ, ● ਬਾਕੀ ਸਫ਼ਾ 2 'ਤੇ



ਕਰਮਚੰਦ ਭਾਰਦਵਾਜ

## ਅੱਜ-ਨਾਮਾ

ਕਦੀ ਮਾਝੇ ਤੋਂ ਕਤਲ ਦੀ ਖਬਰ ਆਉਂਦੀ,
ਕਦੀ ਕੋਈ ਮਾਲਵੇ ਦੀ ਇਹੋ ਆਏ ਬੇਲੀ।
ਕਦੀ ਕੋਈ ਕਤਲ ਲੁਟੇਰੇ ਹਨ ਕਰ ਜਾਂਦੇ,
ਝਗੜਾ ਸੜਕ ਵਿੱਚ ਕਦੇ ਮਰਵਾਏ ਬੇਲੀ।
ਕਦੀ ਕੋਈ ਖੇਤ ਦੀ ਵੱਟ ਦਾ ਪਵੇ ਰੱਫੜ,
ਜਿਹੜਾ ਕਤਲ ਦੇ ਤੀਕਰ ਲਿਜਾਏ ਬੇਲੀ।
ਤਾਇਆ ਕਤਲ ਭਤੀਜੇ ਨੂੰ ਆਪ ਕਰਦਾ,
ਭਤੀਜਾ ਤਾਏ ਦਾ ਕਤਲ ਕਰਵਾਏ ਬੇਲੀ।
ਚੜ੍ਹੀ ਪੰਜਾਬੀਆਂ ਨੂੰ ਲੱਗਦੀ ਮਰਨ-ਮਿੱਟੀ,
ਹਰ ਗੱਲ ਉੱਤੇ ਹੀ ਵਹਿ ਰਿਹਾ ਖ਼ੂਨ ਬੇਲੀ।
ਹਰਦਮ ਖਤਰਿਆਂ ਵਿੱਚ ਹੈ ਜਾਨ ਲੱਗਦੀ,
ਸਮਝ ਲਿਆ ਕਾਤਲਾਂ ਟਿੱਚ ਕਾਨੂੰਨ ਬੇਲੀ।

-ਤੀਸ ਮਾਰ ਖਾਂ

# ਕਾਮਰੇਡ ਗੁਰਬਖਸ਼ ਸਿੰਘ ਧੂੜਕੋਟ ਦੇ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਲੜਾਈ ਤੇਜ਼ ਕਰਨ ਦਾ ਸੱਦਾ



**ਨਿਹਾਲ ਸਿੰਘ ਵਾਲਾ** : ਉੱਘੇ ਕਮਿਊਨਿਸਟ ਆਗੂ ਅਤੇ ਸਾਬਕਾ ਐਮ ਐਲ ਏ ਕਾਮਰੇਡ ਗੁਰਬਖਸ਼ ਸਿੰਘ ਧੂੜਕੋਟ ਦੀ 18 ਵੀਂ ਬਰਸੀ ਭਾਰਤੀ ਕਮਿਊਨਿਸਟ ਪਾਰਟੀ ਦਫ਼ਤਰ ਨਿਹਾਲ ਸਿੰਘ ਵਾਲਾ ਵਿਖੇ ਕਾਮਰੇਡ ਗਿਆਨੀ ਗੁਰਦੇਵ ਕਿਰਤੀ, ਸੂਬੇਦਾਰ ਜੋਗਿੰਦਰ ਸਿੰਘ ਤਖਤੂਪੁਰਾ, ਮਾਤਾ ਜਰਨੈਲ ਕੌਰ ਬਿਲਾਸਪੁਰ ਦੀ ਪ੍ਰਧਾਨਗੀ ਹੇਠ ਮਨਾਈ ਗਈ। ਸੁਆਗਤੀ ਭਾਸ਼ਣ 'ਚ ਮਾਸਟਰ ਜੰਗੀਰ ਸਿੰਘ ਬਿਲਾਸਪੁਰ ਨੇ ਕਿਹਾ ਕਿ ਕਾਮਰੇਡ ਗੁਰਬਖਸ਼ ਸਿੰਘ ਇੱਕ ਬਹੁਤ ਹੀ ਉੱਚਕੋਟੀ ਦੇ ਲੀਡਰ ਸਨ। ਉਨ੍ਹਾ ਆਪਣੇ ਨਿੱਜੀ ਹਿੱਤਾਂ ਤੋਂ ਵੱਧ ਲੋਕਾਂ ਦੇ ਕੰਮਾਂ ਨੂੰ ਤਰਜੀਹ ਦਿੱਤੀ। ਉਹ ਸਾਰੀ ਉਮਰ ਪਾਰਟੀ ਦੇ ਸਿਪਾਹੀ ਰਹੇ। ਉਨ੍ਹਾ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸਾਂਝੇ ਕੰਮਾਂ ਨੂੰ ਪਹਿਲਾਂ ਕੀਤਾ। ਉਨ੍ਹਾ ਦੇ ਕੰਮਾਂ ਨੂੰ ਦੇਖਦਿਆਂ ਲੋਕਾਂ ਨੇ ਉਸ ਲਾਲ ਝੰਡੇ ਦੇ ਸਿਪਾਹੀ ਨੂੰ ਪੰਜਾਬ ਦੀ ਵੱਡੀ ਪੰਚਾਇਤ (ਵਿਧਾਨ ਸਭਾ) ਵਿੱਚ ਵੀ ਭੇਜਿਆ। ਉਨ੍ਹਾ ਵਿਧਾਨ ਸਭਾ 'ਚ ਲੋਕਾਂ ਦੇ ਹਿੱਤਾਂ ਲਈ ਬਹੁਤ ਸੰਘਰਸ਼ ਕੀਤਾ। ਕਾਮਰੇਡ ਗੁਰਬਖਸ਼ ਸਿੰਘ ਹਰ ਤਰ੍ਹਾਂ ਦੇ ਸੁਭਾਅ ਵਿੱਚ ਉਤਰਨ 'ਚ ਮਾਹਰ ਸਨ। ਜ਼ਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਭੋਲ਼ਾ ਨੇ ਕਿਹਾ ਕਿ ਕਾਮਰੇਡ ਜੀ ਦੇ ਕੀਤੇ ਕੰਮਾਂ ਬਾਰੇ ਜਦੋਂ ਸਮਾਜ ਚੋਂ ਸਾਨੂੰ ਸੁਣਨ ਨੂੰ ਮਿਲਦਾ ਹੈ ਤਾਂ ਸਾਡੇ ਕੰਮ ਕਰਨ ਦੇ ● ਬਾਕੀ ਸਫ਼ਾ 2 'ਤੇ

## ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਕੁਰੜ 'ਚ ਹੈੱਡ ਬੁਆਏ ਤੇ ਹੈੱਡ ਗਰਲ ਦੀ ਚੋਣ



**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ (ਬਰਨਾਲਾ) ਵਿਖੇ ਵਿਦਿਆਰਥੀ ਕੌਂਸਲ ਦੀ ਚੋਣ ਕੀਤੀ ਗਈ। ਸਵੇਰ ਦੀ ਸਭਾ ਵਿੱਚ ਹੈੱਡ ਬੁਆਏ ਤੇ ਹੈੱਡ ਗਰਲ, ਹਾਊਸ ਕੈਪਟਨ ਤੇ ਵਾਈਸ ਕੈਪਟਨ ਅਤੇ ਪ੍ਰਫੈਕਟ ਅਹੁਦਿਆਂ ਦੀ ਚੋਣ ਕੀਤੀ ਗਈ। ਸੰਸਥਾ ਦੇ ਚੇਅਰਮੈਨ ਕੌਰ ਸਿੰਘ ਧਾਲੀਵਾਲ, ਐੱਮ ਡੀ ਸੁਖਵਿੰਦਰ ਕੌਰ ਧਾਲੀਵਾਲ, ਪ੍ਰਿੰਸੀਪਲ ਰੁਪਿੰਦਰ ਕੌਰ ਚੀਮਾ, ਵਾਇਸ ਪ੍ਰਿੰਸੀਪਲ ਪ੍ਰਦੀਪ ਸਿੰਘ, ਅਕਾਦਮਿਕ ਇੰਚਾਰਜ ਕੁਲਦੀਪ ਸਿੰਘ ਮੰਡ ਨੇ ਸਕੂਲ ਦੇ ਜੀਵਨ ਵਿੱਚ ਅਹਿਮ ਰੋਲ ਅਦਾ ਕਰਨ ਵਾਲੇ ਇਨ੍ਹਾਂ ਅਹੁਦਿਆਂ ਲਈ ਚੁਣੇ ਗਏ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਨਵੇਂ ਹੈੱਡ ਬੁਆਏ ਗੁਰਸਿਮਰਨ ਸਿੰਘ ਤੇ ਹੈੱਡ ਗਰਲ ਬਵਨੀਤ ਕੌਰ ਨੂੰ ਅਹੁਦੇ ਦੀ ਸਹੁੰ ਚੁਕਾਈ। ਨਵੇਂ ਮੈਂਬਰਾਂ ਨੇ ਸਕੂਲ ਦੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਤੇ ਇਮਾਨਦਾਰੀ ਅਤੇ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਉਣ ਦਾ ਪ੍ਰਣ ਲਿਆ। ਇਸ ਮੌਕੇ ਪ੍ਰਿੰਸੀਪਲ ਰੁਪਿੰਦਰ ਕੌਰ ਚੀਮਾ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਲਗਨ ਤੇ ਫੋਕਸ ਦੀ ਮਹੱਤਤਾ 'ਤੇ ਜ਼ੋਰ ਦੇਣ ਲਈ ਕਿਹਾ ਗਿਆ। ਉਨ੍ਹਾਂ ਨੇ ਨਵੀਂ ਵਿਦਿਆਰਥੀ ਕੌਂਸਲ ਨੂੰ ਵੀ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਸਖਤ ਮਿਹਨਤ ਕਰਨ ਅਤੇ ਸਕੂਲ ਦੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਦੀ ਤਾਕੀਦ ਕੀਤੀ, ਜਿਸ ਨਾਲ ਜੂਨੀਅਰ ਇਸ ਦੀ ਪਾਲਣਾ ਕਰਨ ਵਿੱਚ ਮਾਣ ਮਹਿਸੂਸ ਕਰਨਗੇ। ਵਿਦਿਆਰਥੀ ਕੌਂਸਲ ਦੇ ਨਵੇਂ ਮੈਂਬਰ ਹੁਣ ਆਪਣੀਆਂ ਜ਼ਿੰਮੇਵਾਰੀਆਂ ਸੰਭਾਲਣ ਤੇ ਸਕੂਲ ਭਾਈਚਾਰੇ 'ਤੇ ਸਕਾਰਾਤਮਕ ਪ੍ਰਭਾਵ ਪਾਉਣ ਲਈ ਤਿਆਰ ਹਨ।

## ਦਿਹਾਤੀ ਮਜ਼ਦੂਰ ਸਭਾ ਨੇ ਬੱਚੇ ਦੀ ਮੌਤ 'ਤੇ ਮੰਗਿਆ ਮੁਆਵਜ਼ਾ ਤੇ ਨੌਕਰੀ

**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਮਦਰੱਸਾ, ਜਨਰਲ ਸਕੱਤਰ ਜਗਜੀਤ ਸਿੰਘ ਜੱਸੇਆਣਾ ਤੇ ਕਾਮਰੇਡ ਬਲਦੇਵ ਸਿੰਘ ਬਲਮਗੜ੍ਹ ਸਾਬਕਾ ਐਮ ਐਲ ਏ ਨੇ ਸਾਂਝੇ ਪ੍ਰੈਸ ਬਿਆਨ ਰਾਹੀਂ ਰਾਹੀਂ ਪਿੰਡ ਬਾਜਾ ਮਰਾੜ ਦੇ ਮਜ਼ਦੂਰ ਪਰਵਾਰ ਜੋ ਪ੍ਰਵਾਸੀ ਮਜ਼ਦੂਰ ਹੈ ਅਤੇ ਆਪਣਾ ਘਰ ਪਾ ਕੇ ਰਹਿ ਰਿਹਾ ਸੀ ਕੱਲ੍ਹ ਕਿਸੇ ਕਿਸਾਨ ਨੇ ਕਣਕ ਦੇ ਨਾੜ ਨੂੰ ਅੱਗ ਲਾਉਣ 'ਤੇ ਉਸ ਦਾ ਘਰ ਅੱਗ ਦੀ ਲਪੇਟ ਵਿੱਚ ਆ ਗਿਆ, ਜਿਸ ਕਾਰਨ ਮਜ਼ਦੂਰ ਦੇ ਇੱਕ ਬੱਚੇ ਦੀ ਮੌਤ ਅਤੇ ਇੱਕ ਬੱਚਾ ਬੁਰੀ ਤਰ੍ਹਾਂ ਝੁਲਸ ਗਿਆ ਅਤੇ ਇੱਕ ਮੱਝ ਵੀ ਅੱਗ ਲੱਗਣ ਨਾਲ ਮਰ ਗਈ। ਉਕਤ ਆਗੂਆਂ ਨੇ ਕਿਹਾ ਪ੍ਰਸ਼ਾਸਨ ਨੇ ਸਿਰਫ ਫੋਕੀ ਹਮਦਰਦੀ ਕਰਕੇ ਗੋਂਗਲੂਆਂ ਤੋਂ ਮਿੱਟੀ ਝਾੜਨ ਦਾ ਜਤਨ ਕੀਤਾ ਹੈ ਅਤੇ ਨਾ ਹੀ ਅੱਗ ਲਾਉਣ ਵਾਲੇ ਕਥਿਤ ਦੋਸ਼ੀ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਗਈ ਹੈ। ਦਿਹਾਤੀ ਮਜ਼ਦੂਰ ਸਭਾ ਦੇ ਪਿੰਡ ਇਕਾਈ ਦੇ ਪ੍ਰਧਾਨ ਨਿਸ਼ਾਨ ਸਿੰਘ ਅਤੇ ਸਕੱਤਰ ਦਰਸ਼ਨ ਸਿੰਘ ਨੇ ਪ੍ਰਸ਼ਾਸਨ ਵੱਲੋਂ ਝੂਠੀਆਂ ਤਸੱਲੀਆਂ ਦੀ ਜ਼ੋਰਦਾਰ ਨਿੰਦਾ ਕਰਦਿਆਂ ਕਿਹਾ ਕਿ ਕਥਿਤ ਦੋਸ਼ੀ 'ਤੇ 302 ਸਮੇਤ ਵੱਖ ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ ਅਤੇ ਮਜ਼ਦੂਰ ਪਰਵਾਰ ਨੂੰ ਪੰਜ ਲੱਖ ਦਾ ਮੁਆਵਜ਼ਾ ਅਤੇ ਇੱਕ ਜੀ ਨੂੰ ਨੌਕਰੀ ਦਿੱਤੀ ਜਾਵੇ। ਉਕਤ ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪ੍ਰਸ਼ਾਸਨ ਨੇ ਮਜ਼ਦੂਰ ਪਰਵਾਰ ਨੂੰ ਇਨਸਾਫ ਨਾ ਦਿੱਤਾ ਤਾਂ ਉਹ ਫੌਰੀ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

## ਮਿਸ਼ਨ ਮੈਂਬਰਾਂ ਵੱਲੋਂ ਕਟਾਰੀਆ ਪਰਵਾਰ ਨਾਲ ਦੁੱਖ ਸਾਂਝਾ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਸੀਨੀਅਰ ਮੈਂਬਰ ਅਤੇ ਸਹਾਇਕ ਸਕੱਤਰ ਰਾਜੀਵ ਕਟਾਰੀਆ ਦੇ ਪਿਤਾ ਮੋਹਨ ਲਾਲ ਕਟਾਰੀਆ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਮਿਸ਼ਨ ਮੈਂਬਰਾਂ ਵੱਲੋਂ ਆਪਣੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਸਥਾਨਕ ਗੋਡੀਆ ਪ੍ਰੈਸ ਸਥਿਤ ਕਟਾਰੀਆ ਨਿਵਾਸ ਵਿਖੇ ਜਾ ਕੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਇਸ ਸਮੇਂ ਮਿਸ਼ਨ ਦੇ ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ, ਮੁੱਖ ਸਲਾਹਕਾਰ ਜਗਦੀਸ਼ ਚੰਦਰ ਧਵਾਲ, ਓ.ਪੀ. ਖਿੱਚੀ ਅਤੇ ਨਰਿੰਦਰ ਕਾਕਾ ਆਦਿ ਮੌਜੂਦ ਸਨ। ਮਿਸ਼ਨ ਵੱਲੋਂ ਪਰਵਾਰਕ ਮੈਂਬਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਪਰਵਾਰ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਇਸ ਮੌਕੇ ਪ੍ਰਧਾਨ ਢੋਸੀਵਾਲ ਨੇ ਕਿਹਾ ਕਿ ਸੰਸਾਰ ਵਿਚ ਕੇਵਲ ਮਾਂ-ਬਾਪ ਹੀ ਅਜਿਹੇ ਵਿਅਕਤੀ ਹੁੰਦੇ ਹਨ ਜੋ ਆਪਣੇ ਬੱਚਿਆਂ ਦੀ ਤਰੱਕੀ ਅਤੇ ਖੁਸ਼ਹਾਲੀ ਦੇਖ ਕੇ ਸਦਾ ਖੁਸ਼ ਹੁੰਦੇ ਹਨ। ਮਾਤਾ-ਪਿਤਾ ਦੀ ਜੀਵਨ ਜਾਚ ਅਤੇ ਸੰਸਾਰਕ ਤਜਰਬੇ ਔਲਾਦ ਲਈ ਮਾਰਗ ਦਰਸ਼ਕ ਦਾ ਕੰਮ ਕਰਦੇ ਹਨ। ਕਟਾਰੀਆ ਪਰਵਾਰ ਵੱਲੋਂ ਮਿਸ਼ਨ ਆਗੂਆਂ ਵੱਲੋਂ ਉਨ੍ਹਾਂ ਦਾ ਦੁੱਖ ਵੰਡਾਉਣ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਰਾਜੀਵ ਕਟਾਰੀਆ ਤੋਂ ਇਲਾਵਾ ਉਨ੍ਹਾ ਦੇ ਵੱਡੇ ਭਰਾ ਸੰਜੀਵ ਕਟਾਰੀਆ, ਕਜ਼ਨ ਸੁਦੇਸ਼ ਕਟਾਰੀਆ, ਅਨਿਕੇਤ ਕਟਾਰੀਆ ਅਤੇ ਕਟਾਰੀਆ ਪਰਵਾਰ ਦੇ ਦਾਮਾਦ ਸੋਹਨ ਲਾਲ ਨਾਗਪਾਲ ਆਦਿ ਮੌਜੂਦ ਸਨ।

## ਬੀ ਕੇ ਯੂ ਕ੍ਰਾਂਤੀਕਾਰੀ ਮਹਿਲਾ ਵਿੰਗ ਦਾ ਕਾਫਲਾ ਦਿੱਲੀ ਰਵਾਨਾ

**ਮੋਗਾ (ਅਮਰਜੀਤ ਬੱਬਰੀ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ (ਔਰਤ ਵਿੰਗ) ਦਾ ਕਾਫਲਾ ਮੋਗਾ ਤੋਂ ਦਿੱਲੀ ਲਈ ਮਹਿਲਾ ਪਹਿਲਵਾਨਾਂ ਦੀ ਹਮਾਇਤ ਲਈ ਰਵਾਨਾ ਹੋਇਆ। ਔਰਤ ਵਿੰਗ ਦੀ ਆਗੂ ਬਲਜੀਤ ਕੌਰ ਮੱਖੂ ਨੇ ਦੱਸਿਆ ਕਿ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਵੱਲੋਂ ਅੱਧੀ ਦਰਜਨ ਮਹਿਲਾ ਪਹਿਲਵਾਨਾਂ ਨਾਲ ਜਿਨਸੀ ਸ਼ੋਸ਼ਣ ਕੀਤਾ ਗਿਆ। ਪੀੜਤ ਮਹਿਲਾ ਪਹਿਲਵਾਨਾਂ ਨੇ ਪੁਲਸ ਨੂੰ ਲਿਖਤੀ ਸ਼ਿਕਾਇਤ ਕੀਤੀ, ਪਰ ਕਾਰਵਾਈ ਕਰਨ ਤੋਂ ਟਾਲਾ ਵੱਟਦਿਆਂ ਕਿਹਾ ਗਿਆ ਕਿ ਪਹਿਲਾਂ ਪੜਤਾਲ ਕੀਤੀ ਜਾਵੇਗੀ, ਜੇ ਦੋਸ਼ੀ ਪਾਇਆ ਤਾਂ ਕੇਸ ਦਰਜ ਕਰਾਂਗੇ। ਜਸਵਿੰਦਰ ਕੌਰ ਧੂੜਕੋਟ ਨੇ ਦੱਸਿਆ ਕਿ ਅੱਜ ਬੀ ਕੇ ਯੂ ਕ੍ਰਾਂਤੀਕਾਰੀ ਪੰਜਾਬ ਦੇ ਚੇਅਰਮੈਨ ਸੁਰਜੀਤ ਫੂਲ ਦੀ ਅਗਵਾਈ ਵਿੱਚ ਫਿਰੋਜ਼ਪੁਰ, ਮੋਗਾ, ਬਠਿੰਡਾ ਤੇ ਪਟਿਆਲੇ ਤੋਂ ਔਰਤ ਵਿੰਗ ਵੱਲੋਂ ਜਥੇ ਭੇਜੇ ਗਏ ਹਨ। ਮਹਿਲਾ ਆਗੂ ਹਰਪੀਤ ਕੌਰ ਜ਼ੀਰਾ ਨੇ ਦੱਸਿਆ ਕਿ ਬ੍ਰਿਜ ਭੂਸ਼ਨ ਬੀ ਜੇ ਪੀ, ਜੋ ਮੈਂਬਰ ਪਾਰਲੀਮੈਂਟ ਹੈ, ਉਹ ਅਪਰਾਧੀ ਬਿਰਤੀ ਦਾ ਮਾਲਕ ਹੈ, ਉਸ 'ਤੇ ਪਹਿਲਾਂ ਵੀ ਤਿੰਨ ਦਰਜਨ ਦੇ ਕਰੀਬ ਪੁਲਸ ਕੇਸ ਦਰਜ ਹਨ। ਬੀ ਜੇ ਪੀ/ਆਰ ਐੱਸ ਐੱਸ ਦਾ ਔਰਤਾਂ ਪ੍ਰਤੀ ਨਜ਼ਰੀਆ 'ਪੈਰ ਦੀ ਜੁੱਤੀ' ਸਮਝਣ ਵਾਲਾ ਤੇ 'ਵਰਤੋ ਤੇ ਸੁੱਟੋ' ਵਾਲਾ ਹੈ। ਰਾਣੀ ਮਾਹਲਾ ਤੇ ਸੁਰਿੰਦਰ ਕੌਰ ਢੁੱਡੀਕੇ ਨੇ ਮੰਗ ਕੀਤੀ ਕਿ ਸਰਕਾਰ ਗੁੰਡੇ ਬ੍ਰਿਜ ਭੂਸ਼ਨ ਨੂੰ ਸਖਤ ਤੋਂ ਸਖਤ ਸਜਾ ਦੇ ਕੇ ਪਹਿਲਵਾਨ ਬੀਬੀਆਂ ਨੂੰ ਇਨਸਾਫ ਦੇਵੇ।

## ਨਰਸਿੰਗ ਦਿਹਾੜਾ ਮਨਾਇਆ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਵਿੱਦਿਆ ਸਾਗਰ ਨਰਸਿੰਗ ਕਾਲਜ ਧੂਰੀ ਵਿਖੇ ਨਰਸਿੰਗ ਦਿਹਾੜਾ ਮਨਾਇਆ ਗਿਆ। ਸੰਸਥਾਵਾਂ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਧੂਰੀ ਤੇ ਚੇਅਰਮੈਨ ਸਰਬਜੀਤ ਸਿੰਘ ਨੇ ਆਪਣੇ ਸੰਬੋਧਨ 'ਚ ਨਰਸਿੰਗ ਦਿਹਾੜੇ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ 1974 ਤੋਂ ਹੋਈ ਸੀ। ਅੰਤਰਰਾਸ਼ਟਰੀ ਨਰਸ ਦਿਵਸ 12 ਮਈ ਨੂੰ ਮਸ਼ਹੂਰ ਨਰਸ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਵਾਲੇ ਨੂੰ ਮਨਾਇਆ ਜਾਂਦਾ ਹੈ। ਫਲੋਰੈਂਸ ਇਕ ਨਰਸ ਦੇ ਨਾਲ-ਨਾਲ ਇੱਕ ਸਮਾਜ ਸੁਧਾਰਕ ਵੀ ਸੀ। ਕ੍ਰੀਮੀਅਨ ਯੁੱਧ ਦੌਰਾਨ ਨਰਸਾਂ ਨੇ ਜਿਸ ਤਰ੍ਹਾਂ ਨਾਲ ਕੰਮ ਕੀਤਾ, ਉਹ ਵਾਕਈ ਸ਼ਲਾਘਾਯੋਗ ਸੀ। ਉਨ੍ਹਾ ਕਿਹਾ ਕਿ ਸਿਹਤ ਖੇਤਰਾਂ ਵਿੱਚ ਨਰਸਾਂ ਦਾ ਵੱਡਾ ਯੋਗਦਾਨ ਹੈ, ਜਿਨ੍ਹਾਂ ਨੇ ਮਹਾਂਮਾਰੀ ਦੇ ਦਿਨਾਂ ਵਿੱਚ ਵੀ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਲੋਕਾਂ ਦੀ ਜਾਨ ਬਚਾਈ ਹੈ।

## ਸ਼ਹੀਦ ਭਗਤ ਸਿੰਘ ਕਾਲਜ ਵਿਖੇ ਅੰਤਰਾਸ਼ਟਰੀ ਨਰਸਿੰਗ ਦਿਵਸ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਫਿਰੋਜ਼ਪੁਰ ਵਿਖੇ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਸਬੰਧੀ ਅੰਤਰਾਸ਼ਟਰੀ ਨਰਸਿੰਗ ਦਿਵਸ ਮਨਾਇਆ ਗਿਆ, ਜਿਸ ਵਿੱਚ ਕਿਰਨ ਬਾਂਸਲ, ਯੋਗੇਸ਼ ਬਾਂਸਲ, ਪ੍ਰਿਯੰਕਾ ਬਾਂਸਲ ਵੱਲੋਂ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ ਗਈ।ਪ੍ਰਿੰਸੀਪਲ ਡਾ. ਮਨਜੀਤ ਕੌਰ ਸਲਵਾਨ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਫਲੋਰੈਂਸ ਨਾਈਟਿੰਗੇਲ ਨੂੰ ਸ਼ਰਧਾਂਜਲੀ ਦਿੱਤੀ ਤੇ ਲੈਂਪ ਲਾਇਟਿੰਗ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਸਾਰਿਆਂ ਨੇ ਆਪਣੇ ਨਰਸਿੰਗ ਕਿੱਤੇ ਨੂੰ ਇਮਾਨਦਾਰੀ ਨਾਲ ਨਿਭਾਉਣ ਦੀ ਸਹੁੰ ਚੁੱਕੀ।ਧਰਮਪਾਲ ਬਾਂਸਲ ਡਾਇਰੈਕਟਰ ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਫਿਰੋਜ਼ਪੁਰ ਨੇ ਸਾਰਿਆਂ ਨੂੰ ਨਰਸਿੰਗ ਦਿਵਸ ਦੀ ਵਧਾਈ ਦਿੰਦੇ ਹੋਏ ਫਲੋਰੈਂਸ ਨਾਈਟਿੰਗੇਲ ਦੇ ਦੱਸੇ ਹੋਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਕੇਕ ਕੱਟਿਆ ਗਿਆ।ਪ੍ਰੋਗਰਾਮ ਦੌਰਾਨ ਚਾਰਟ ਮੁਕਾਬਲੇ, ਰੰਗੋਲੀ, ਨਰਸਿੰਗ ਕਿੱਤੇ ਨਾਲ ਸਬੰਧਤ ਸਕਿੱਟ, ਕਵਿਤਾ ਪੇਸ਼ ਕੀਤੇ ਗਏ।ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵੱਲੋਂ ਨਾਈਟਿੰਗੇਲ ਨੂੰ ਇੱਕ ਗਾਣੇ ਦੇ ਰੂਪ ਵਿੱਚ ਬਹੁਤ ਹੀ ਵਧੀਆ ਢੰਗ ਨਾਲ ਸ਼ਰਧਾਂਜਲੀ ਦਿੱਤੀ ਗਈ।ਪ੍ਰੋਗਰਾਮ ਦੇ ਅੰਤ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ।ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਡਾ. ਮਨਜੀਤ ਕੌਰ, ਸ਼ਰਨਜੀਤ ਕੌਰ, ਸੁਖਵਿੰਦਰ ਕੌਰ, ਡਾ. ਸੰਜੀਵ ਮਾਨਕੋਟਾਲਾ, ਇੰਦਰਜੀਤ ਕੌਰ, ਪ੍ਰਿਆ ਨਾਗਪਾਲ, ਜਸਮੀਤ ਕੌਰ, ਪਰਮਿੰਦਰ ਕੌਰ, ਗੁਰਦੀਪ ਕੌਰ, ਮਨਦੀਪ ਕੌਰ, ਅਮਨਦੀਪ ਕੌਰ, ਜਗਦੇਵ ਸਿੰਘ, ਸੰਗੀਤਾ ਹਾਂਡਾ, ਗੁਰਮੀਤ ਕੌਰ, ਖੁਸ਼ਪਾਲ ਕੌਰ, ਸੰਤੋਸ਼ ਰਾਣੀ, ਤਵਿੰਦਰ ਕੌਰ, ਅਦਿੱਤੀ, ਕੋਮਲਜੀਤ ਕੌਰ, ਗੁਰਪ੍ਰੀਤ ਕੌਰ, ਗੀਤਾਂਜਲੀ, ਅਮਨਦੀਪ ਕੌਰ (ਭੁੱਲਰ), ਅਮਨਦੀਪ ਕੌਰ, ਸਨਪ੍ਰੀਤ ਕੌਰ ਆਦਿ ਸ਼ਾਮਲ ਸਨ।

## ਸਰਵਹਿੱਤਕਾਰੀ ਸਕੂਲ 'ਚ ਮਨਾਇਆ ਰਾਸ਼ਟਰੀ ਟੈਕਨਾਲੋਜੀ ਦਿਵਸ

**ਜਗਰਾਉਂ (ਅਮਿਤ ਖੰਨਾ)** ਸ਼੍ਰੀਮਤੀ ਸਤੀਸ਼ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਵਿਖੇ ਵੀਰਵਾਰ ਨੈਸ਼ਨਲ ਟੈਕਨਾਲੋਜੀ ਦਿਵਸ ਮਨਾਇਆ ਗਿਆ। ਅਧਿਆਪਕਾ ਮਨਪ੍ਰੀਤ ਕੌਰ ਨੇ ਨੈਸ਼ਨਲ ਟੈਕਨਾਲੋਜੀ ਦਿਵਸ ਬਾਰੇ ਦੱਸਿਆ ਕਿ 1998 'ਚ ਪੋਖਰਣ 'ਚ ਕੀਤੇ ਗਏ ਸਫ਼ਲ ਪ੍ਰਮਾਣੂ ਪ੍ਰੀਖਣਾਂ ਦੀ ਯਾਦ 'ਚ ਭਾਰਤ 'ਚ ਹਰੇਕ ਸਾਲ ਨੈਸ਼ਨਲ ਟੈਕਨਾਲੋਜੀ ਦਿਵਸ ਮਨਾਇਆ ਜਾਂਦਾ ਹੈ। ਅਧਿਆਪਕਾ ਮਨਪ੍ਰੀਤ ਕੌਰ ਨੇ ਇੱਕ ਕਵਿਤਾ 'ਮੈਂ ਟੈਕਨਾਲੋਜੀ ਅਖਵਾਉਂਦੀ ਹਾਂ' ਗਾ ਕੇ ਸੁਣੀ। ਇਸ ਮੌਕੇ ਪ੍ਰਿੰਸੀਪਲ ਨੀਲੂ ਨਰੂਲਾ ਨੇ ਬੱਚਿਆਂ ਨੂੰ ਪ੍ਰੇਰਤ ਕਰਦਿਆਂ ਕਿਹਾ ਕਿ ਅੱਜ ਦਾ ਜ਼ਮਾਨਾ ਐਡਵਾਂਸ ਟੈਕਨਾਲੋਜੀ ਦਾ ਹੈ। ਉਨ੍ਹਾਂ ਕਿਹਾ ਇਸ ਟੈਕਨਾਲੋਜੀ ਦੀ ਅਦੁੱਤੀ ਖੋਜ ਐਂਡਰਾਇਡ ਫ਼ੋਨ ਹੈ, ਜੋ ਸਾਡੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਹੈ, ਅਸੀਂ ਕੁੱਝ ਹੀ ਮਿੰਟਾਂ 'ਚ ਆਪਣੇ ਵਿਸ਼ੇ ਪ੍ਰਤੀ ਤੇ ਵਾਧੂ ਗਿਆਨ ਦੀ ਪ੍ਰਾਪਤੀ ਬੜੀ ਆਸਾਨੀ ਨਾਲ ਕਰ ਸਕਦੇ ਹਾਂ।

## ਪਿੰਡ ਝੰਡੂਵਾਲਾ 'ਚ ਅਧਿਆਪਕ ਦੇ ਪਰਵਾਰ 'ਤੇ ਹਮਲਾ

**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)** ਹਲਕੇ 'ਚ ਬਦਮਾਸ਼ੀ ਕਲਚਰ ਵਧਦਾ ਹੀ ਜਾ ਰਿਹਾ ਹੈ। ਇਥੋਂ ਤੱਕ ਕਿ ਹੁਣ ਗੁਰੂ ਦਾ ਦਰਜਾ ਪ੍ਰਾਪਤ ਘਰ ਬੈਠੇ ਅਧਿਆਪਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਣ ਲੱਗ ਪਿਆ ਹੈ। ਅਜਿਹੀ ਘਟਨਾ ਪਿੰਡ ਝੰਡੂ ਵਾਲਾ ਵਿਖੇ ਵਾਪਰੀ। ਸੋਹਨ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਝੰਡੂ ਵਾਲਾ, ਜੋ ਵਾਸਲ ਮੋਹਨ ਕੇ ਦੇ ਸਰਕਾਰੀ ਸਕੂਲ ਵਿੱਚ ਅਧਿਆਪਕ ਹਨ। ਬੀਤੇ ਦਿਨ ਜਦੋਂ ਸਕੂਲ ਤੋਂ ਵਾਪਸ ਆਪਣੇ ਪਿੰਡ ਝੰਡੂ ਵਾਲਾ ਜਾ ਰਿਹਾ ਸੀ ਤਾਂ ਉਸ ਨੂੰ ਰਸਤੇ ਵਿੱਚ ਪਿੰਡ ਝੰਡੂ ਵਾਲਾ ਦੇ ਹੀ ਕੁੱਝ ਵਿਅਕਤੀਆਂ ਨੇ ਧਮਕਾਉਣਾ ਸ਼ੁਰੂ ਕਰ ਦਿੱਤਾ, ਜਿਸ ਵਿਰੁੱਧ ਸੋਹਨ ਸਿੰਘ ਪੁੱਤਰ ਮੱਖਣ ਸਿੰਘ ਨੇ ਥਾਣਾ ਗੁਰੂਹਰਸਹਾਏ ਵਿੱਮਚ ਧਮਕੀਆਂ ਦੇਣ ਵਾਲੇ ਵਿਅਕਤੀਆਂ ਖਿਲਾਫ ਆਪਣੀ ਦਰਖਾਸਤ ਦੇ ਦਿੱਤੀ।

ਥਾਣੇ ਦਰਖਾਸਤ ਦੇਣ ਵਾਲੀ ਗੱਲ ਦਾ ਪਤਾ ਜਦੋਂ ਧਮਕੀਆਂ ਦੇਣ ਵਾਲੇ ਵਿਅਕਤੀਆਂ ਨੂੰ ਲੱਗਾ ਤਾਂ ਉਨ੍ਹਾਂ ਨੇ ਰਾਤ ਨੂੰ ਮਾਸਟਰ ਸੋਹਨ ਸਿੰਘ ਦੇ ਘਰ ਪਹੁੰਚ ਕੇ ਮਾਸਟਰ ਸੋਹਨ ਸਿੰਘ ਦੇ ਪਰਵਾਰ ਉੱਤੇ ਹਮਲਾ ਕਰ ਦਿੱਤਾ, ਜਿਸ ਵਿੱਚ ਸੋਹਨ ਸਿੰਘ ਦਾ ਭਰਾ ਜਗਸੀਰ ਸਿੰਘ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋ ਗਿਆ ਤੇ ਸੋਹਨ ਸਿੰਘ ਅਤੇ ਉਸਦੇ ਹੋਰ ਪਰਵਾਰਕ ਮੈਂਬਰਾਂ ਦੇ ਵੀ ਸੱਟਾਂ ਲੱਗੀਆਂ, ਜਿਸ ਉਪਰੰਤ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਫ਼ਿਰੋਜ਼ਪੁਰ ਲਿਜਾਇਆ ਗਿਆ ਹੈ।

ਘਟਨਾ ਦੇ ਰੋਸ ਵਿੱਚ ਬਲਾਕ ਗੁਰੂਹਰਸਹਾਏ ਦੇ ਸਮੂਹ ਅਧਿਆਪਕ ਜਥੇਬੰਦੀਆਂ ਨੇ ਰੇਲਵੇ ਪਾਰਕ ਗੁਰੂਹਰਸਹਾਏ ਵਿਖੇ ਆਪਣੀ ਅਗਲੀ ਰਣਨੀਤੀ ਬਨਾਉਣ ਲਈ ਮੀਟਿੰਗ ਕੀਤੀ ਤੇ ਮੀਟਿੰਗ ਉਪਰੰਤ ਅਧਿਆਪਕ ਜਥੇਬੰਦੀਆਂ ਦਾ ਸਾਂਝਾ ਵਫ਼ਦ ਡੀ.ਐੱਸ.ਪੀ. ਗੁਰੂਹਰਸਹਾਏ ਯਾਦਵਿੰਦਰ ਸਿੰਘ ਨੂੰ ਮਿਲਿਆ। ਡੀ.ਐੱਸ.ਪੀ. ਯਾਦਵਿੰਦਰ ਸਿੰਘ ਨੇ ਅਧਿਆਪਕ ਜਥੇਬੰਦੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕੀਤਾ ਜਾਵੇਗਾ।

## ਮਾਤਾ-ਪਿਤਾ ਦੀ ਸੜਕ ਹਾਦਸੇ 'ਚ ਹੋ ਗਈ ਮੌਤ

### ਛੋਟੀ ਉਮਰ ਦਾ ਬੱਚਾ ਭੀਖ ਮੰਗ ਕੇ ਕਰਦਾ ਗੁਜ਼ਾਰਾ



**ਫ਼ਾਜ਼ਿਲਕਾ, (ਕ੍ਰਿਸ਼ਨ ਸਿੰਘ)** -ਸਰਕਾਰਾਂ ਵੱਲੋਂ ਬੱਚਿਆਂ ਦੇ ਭੀਖ ਮੰਗਣ 'ਤੇ ਠੱਲ੍ਹ ਪਾਉਣ ਲਈ ਕਈ ਸਕੀਮਾਂ ਚਲਾਉਣ ਦੇ ਦਾਅਵੇ ਕੀਤੇ ਜਾਂਦੇ ਹਨ, ਪਰ ਇਹ ਸਾਰੇ ਦਾਅਵੇ ਖੋਖਲੇ ਸਾਬਤ ਹੋ ਰਹੇ ਹਨ। ਅਕਸਰ ਰੋਜ਼ਾਨਾ ਕਿਸੇ ਨਾ ਕਿਸੇ ਥਾਂ 'ਤੇ ਕੋਈ ਛੋਟਾ ਬੱਚਾ ਭੀਖ ਮੰਗਦਾ ਦਿਖਾਈ ਦੇ ਦਿੰਦਾ ਹੈ, ਜਦਕਿ ਬਾਲ ਸੁਰੱਖਿਆ ਵਿਭਾਗ ਗੂੜ੍ਹੀ ਨੀਂਦ ਸੁੱਤਾ ਹੋਇਆ ਨਜ਼ਰ ਆ ਰਿਹਾ ਹੈ। ਫ਼ਾਜ਼ਿਲਕਾ ਵਿੱਚ ਵੀ ਕਈ ਥਾਈਂ ਛੋਟੀ ਉਮਰ ਦੇ ਨਾਬਾਲਗ ਬੱਚੇ ਅਕਸਰ ਭੀਖ ਮੰਗਦੇ ਦਿਖਾਈ ਦੇ ਦਿੰਦੇ ਹਨ। ਇਸੇ ਤਰ੍ਹਾਂ ਸਿਵਲ ਹਸਪਤਾਲ ਵਿੱਚ ਇੱਕ ਛੋਟੀ ਉਮਰ ਦਾ ਨਾਬਾਲਗ ਬੱਚਾ ਭੀਖ ਮੰਗਣ ਲਈ ਮਜਬੂਰ ਹੋ ਰਿਹਾ ਸੀ, ਉਸ ਨੂੰ ਦੇਖਣ 'ਤੇ ਉਹ 12-13 ਸਾਲ ਦਾ ਲੱਗਦਾ ਸੀ।

ਉਸ ਨੇ ਆਪਣਾ ਨਾਂਅ ਰੁਮਾਨ ਦੱਸਿਆ ਤੇ ਪਿਤਾ ਦਾ ਨਾਂਅ ਸੰਨੀ ਤੇ ਮਾਤਾ ਦਾ ਨਾਂਅ ਸੋਨੀਆ ਦੱਸਿਆ। ਉਹ ਧੋਬੀ ਘਾਟ ਫ਼ਾਜ਼ਿਲਕਾ ਦੀ ਗਲੀ ਨੰਬਰ ਚਾਰ ਵਿੱਚ ਰਹਿੰਦਾ ਹੈ। ਉਸਦੇ ਦੱਸਣ ਮੁਤਾਬਕ ਇਸੇ ਮਹੀਨੇ ਦੀ 5 ਤਰੀਕ ਨੂੰ ਉਸਦੇ ਮਾਤਾ-ਪਿਤਾ ਦੀ ਇਕ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਉਸਦੇ ਘਰ ਵਿੱਚ ਹੋਰ ਕੋਈ ਨਹੀਂ ਹੈ। ਉਸ ਨੇ ਦੱਸਿਆ ਕਿ ਉਸਦੇ ਰਿਸ਼ਤੇਦਾਰ ਵੀ ਹਨ, ਪਰ ਉਨ੍ਹਾਂ ਵਿੱਚੋਂ ਅਜਿਹਾ ਕੋਈ ਨਹੀਂ ਹੈ, ਜੋ ਉਸਦੀ ਸੰਭਾਲ ਕਰ ਸਕੇ, ਜਿਸ ਕਾਰਨ ਉਸਨੂੰ ਮਜਬੂਰਨ ਭੀਖ ਮੰਗ ਕੇ ਗੁਜ਼ਾਰਾ ਕਰਨਾ ਪੈ ਰਿਹਾ ਹੈ।

ਇਸ ਬੱਚੇ ਨੇ ਜੋ ਕਹਾਣੀ ਦੱਸੀ ਹੈ, ਉਹ ਬੜੀ ਦਰਦਨਾਕ ਹੈ। ਪਰ ਕੀ ਇਹ ਬੱਚਾ ਸੱਚ ਬੋਲ ਰਿਹਾ ਹੈ ਜਾਂ ਝੂਠ ? ਇਸ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ, ਕਿਉਂਕਿ ਅਕਸਰ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕੁੱਝ ਲੋਕ ਆਪਣੇ ਬੱਚਿਆਂ ਨੂੰ ਇਸ ਤਰ੍ਹਾਂ ਭੀਖ ਮੰਗਣ ਲਈ ਘਰੋਂ ਭੇਜ ਦਿੰਦੇ ਹਨ। ਇਸ ਤੋਂ ਇਲਾਵਾ ਆਏ ਦਿਨ ਕਿਸੇ ਗਿਰੋਹ ਵੱਲੋਂ ਵੀ ਛੋਟੇ ਬੱਚਿਆਂ ਕੋਲੋਂ ਇਸ ਤਰ੍ਹਾਂ ਭੀਖ ਮੰਗਵਾਉਣ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ। ਇਹ ਬੱਚਾ ਆਪਣੇ ਮਾਂ-ਬਾਪ ਦੇ ਕਹਿਣ ਤੇ ਭੀਖ ਮੰਗ ਰਿਹਾ ਹੈ ਜਾਂ ਕਿਸੇ ਗਿਰੋਹ 'ਚ ਸ਼ਾਮਲ ਹੈ, ਇਸਦੀ ਜਾਂਚ ਸਬੰਧਤ ਬਾਲ ਵਿਕਾਸ ਅਧਿਕਾਰੀਆਂ ਵੱਲੋਂ ਕੀਤੀ ਜਾਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਜੇਕਰ ਇਸ ਬੱਚੇ ਦੁਆਰਾ ਦੱਸੀ ਗਈ ਕਹਾਣੀ ਸੱਚੀ ਹੈ ਤਾਂ ਇਹ ਵੀ ਬੜੀ ਦੁੱਖ ਦੀ ਗੱਲ ਹੈ। ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਬੱਚਿਆਂ ਦੀ ਸਾਰ ਲਵੇ ਤੇ ਉਨ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਕੋਈ ਹੱਲ ਕੱਢੇ।

## ਸਪਰਿੰਗ ਫੀਲਡ ਦਾ 12ਵੀਂ ਦਾ ਨਤੀਜਾ ਰਿਹਾ ਸ਼ਾਨਦਾਰ

**ਮੋਗਾ, (ਮਨੀ ਸਿੰਗਲਾ)** ਸਪਰਿੰਗ ਫੀਲਡ ਕਾਨਵੈਂਟ ਸਕੂਲ ਦਾ ਸੀਬੀਐਸਈ ਦਾ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ ਰਿਹਾ ਤੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚੇ ਵਧੀਆ ਨੰਬਰ ਲੈ ਕੇ ਪਾਸ ਹੋਏ। ਸਕੂਲ ਚੇਅਰਮੈਨ ਨਰ ਸਿੰਘ ਬਰਾੜ ਤੇ ਪ੍ਰਿੰਸੀਪਲ ਬਾਇਜੂ ਵਿਜੇ ਨੇ ਦੱਸਿਆ ਕਿ ਸਕੂਲ ਦੇ ਬਹੁਤੇ ਬੱਚਿਆਂ ਨੇ 80 ਫ਼ੀਸਦੀ ਤੋਂ ਵੱਧ ਨੰਬਰ ਲਏ, ਜਿਨ੍ਹਾਂ 'ਚ ਦੀਕਸ਼ਾ ਅਰੋੜਾ ਕਾਮਰਸ ਨੇ 97 ਫ਼ੀਸਦੀ, ਗੁਰਸਿਮਰਨ ਕੌਰ ਸੰਧੂ 94 ਫ਼ੀਸਦੀ, ਖੁਸ਼ਮਨ ਕੌਰ ਨਾਨ ਮੈਡੀਕਲ 92.2 ਫ਼ੀਸਦੀ, ਖੁਸ਼ੀ ਬਾਂਸਲ ਨਾਨ ਮੈਡੀਕਲ 91.2 ਫ਼ੀਸਦੀ, ਖੁਸ਼ੀ ਗੁਲਾਟੀ ਕਾਮਰਸ 91 ਫ਼ੀਸਦੀ, ਅਮਨ ਅਰੋੜਾ ਨਾਨ ਮੈਡੀਕਲ 90.8 ਫ਼ੀਸਦੀ, ਸਨੇਹਪ੍ਰੀਤ ਕੌਰ ਕਾਮਰਸ 90.6 ਫ਼ੀਸਦੀ, ਪਰਨੀਤ ਕੌਰ ਕਾਮਰਸ 88.6 ਫ਼ੀਸਦੀ, ਸ੍ਰਿਸ਼ਟੀ ਮੈਡੀਕਲ 87.6 ਫ਼ੀਸਦੀ, ਸਹਿਜਪ੍ਰੀਤ ਕੌਰ ਨਾਨ ਮੈਡੀਕਲ 87.4 ਫ਼ੀਸਦੀ, ਸੁਖਪ੍ਰੀਤ ਕੌਰ ਨਾਨ ਮੈਡੀਕਲ 86.4 ਫ਼ੀਸਦੀ ਤੇ ਮਨਵੀਰ ਕੌਰ ਕਾਮਰਸ 85.2 ਫ਼ੀਸਦੀ ਨੰਬਰ ਪ੍ਰਾਪਤ ਕਰ ਕੇ ਵਧੀਆ ਪ੍ਰਜੀਸ਼ਨਾਂ ਹਾਸਲ ਕੀਤੀਆਂ।

ਸਕੂਲ ਵਿੱਚ ਖੁਸ਼ੀ ਦਾ ਮਹੌਲ ਬਣਿਆ ਹੋਇਆ ਹੈ। ਇਸ ਮੌਕੇ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਚੇਅਰਮੈਨ ਨਰ ਸਿੰਘ ਬਰਾੜ ਤੇ ਪ੍ਰਿੰਸੀਪਲ ਬਾਇਜੂ ਵਿਜੇ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਪੀ ਐੱਸ ਈ ਬੀ ਇੰਜੀਨੀਅਰ ਐਸੋਸੀਏਸ਼ਨ ਲਹਿਰਾ ਮੁਹੱਬਤ ਜ਼ੋਨ ਦੀ ਮੀਟਿੰਗ

### ਇੰਜੀਨੀਅਰਾਂ ਨੇ ਮੰਗਾਂ ਦੀ ਅਣਦੇਖੀ ਕਰਨ 'ਤੇ ਜਤਾਇਆ ਰੋਸ



**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਪੀ.ਐੱਸ.ਈ.ਬੀ. ਇੰਜੀਨੀਅਰ ਐਸੋਸੀਏਸ਼ਨ ਦੀ ਲਹਿਰਾ ਮੁਹੱਬਤ ਜ਼ੋਨ ਦੀ ਹੰਗਾਮੀ ਮੀਟਿੰਗ ਹੋਈ, ਜਿਸ ਵਿੱਚ ਇੰਜੀਨੀਅਰਾਂ ਵੱਲੋਂ ਪਿਛਲੇ ਸਮੇਂ ਦੌਰਾਨ ਇੱਕ ਕੰਟਰੈਕਟ ਵਰਕਰ ਨਾਲ ਹੋਏ ਘਾਤਕ ਹਾਦਸੇ ਉਪਰੰਤ ਥਰਮਲ ਪਲਾਂਟ ਲਹਿਰਾ ਮੁਹੱਬਤ ਵਿਖੇ ਪੈਦਾ ਹੋਏ ਹਾਲਾਤਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਐਸੋਸੀਏਸ਼ਨ ਦੇ ਖੇਤਰੀ ਸਕੱਤਰ ਨੇ ਦੱਸਿਆ ਕਿ ਉਕਤ ਹਾਦਸੇ ਉਪਰੰਤ ਰਾਜਨੀਤਕ ਦਬਾਅ ਤਹਿਤ ਜਲਦਬਾਜ਼ੀ ਵਿੱਚ ਇੰਜੀਨੀਅਰਾਂ ਵਿਰੁੱਧ ਦਰਜ ਹੋਈ ਐੱਫ. ਆਈ. ਆਰ. ਤੇ ਲਗਾਤਾਰ ਚੱਲ ਰਹੀ ਸਟਾਫ ਦੀ ਘਾਟ ਕਾਰਨ ਕੰਮ ਦੌਰਾਨ ਸੁਰੱਖਿਆ ਸਬੰਧੀ ਮਾੜੇ ਹਾਲਾਤ ਬਣ ਚੁੱਕੇ ਹਨ। ਇਸ ਕਰਕੇ ਥਰਮਲ ਦੇ ਸਮੂਹ ਇੰਜੀਨੀਅਰ 7 ਅਪ੍ਰੈਲ 2023 ਤੋਂ ਲਗਾਤਾਰ ਵਰਕ-ਟੂ-ਰੂਲ ਅਨੁਸਾਰ ਕੰਮ ਕਰ ਰਹੇ ਹਨ। ਇੰਜੀਨੀਅਰਾਂ ਵੱਲੋਂ ਐੱਫ. ਆਈ. ਆਰ. ਕੈਂਸਲ ਕਰਵਾਉਣ ਤੇ ਲੋੜੀਂਦੇ ਸਟਾਫ ਦੀ ਤਾਇਨਾਤੀ ਸਬੰਧੀ ਮੰਗਾਂ ਵੱਲ ਪੀ. ਐੱਸ. ਪੀ. ਸੀ. ਐੱਲ. ਦੀ ਮੈਨੇਜਮੈਂਟ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਅਤੇ ਅਜੇ ਤੱਕ ਇੰਜੀਨੀਅਰਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਗਈ। ਸਰਕਾਰੀ ਥਰਮਲਾਂ ਪ੍ਰਤੀ ਮੈਨੇਜਮੈਂਟ ਵੱਲੋਂ ਜੋ ਰਵੱਈਆ ਅਪਣਾਇਆ ਜਾ ਰਿਹਾ ਹੈ, ਉਹ ਬਹੁਤ ਨਿੰਦਣਯੋਗ ਹੈ। ਇੱਕ ਪਾਸੇ ਪੰਜਾਬ ਸਰਕਾਰ ਰੋਜ਼ਗਾਰ ਮੁਹੱਈਆ ਕਰਵਾਉਣ ਬਾਰੇ ਤੱਤਪਰਤਾ ਦਿਖਾ ਰਹੀ ਹੈ, ਪ੍ਰੰਤੂ ਦੂਜੇ ਪਾਸੇ ਥਰਮਲ ਪਲਾਂਟਾਂ ਵਿੱਚ ਲੋੜੀਂਦਾ ਸਟਾਫ ਪੂਰਾ ਨਹੀਂ ਕੀਤਾ ਜਾ ਰਿਹਾ। ਇਸ ਬਾਰੇ ਐਸੋਸੀਏਸ਼ਨ ਵੱਲੋਂ ਮੈਨੇਜਮੈਂਟ ਨੂੰ ਪਿਛਲੇ ਲੰਬੇ ਸਮੇਂ ਤੋਂ ਤਕਨੀਕੀ ਸਟਾਫ ਦੀ ਘਾਟ ਪੂਰੀ ਕਰਨ ਹਿੱਤ ਲਗਾਤਾਰ ਲਿਖਿਆ ਜਾ ਰਿਹਾ ਹੈ। ਇਸ ਲਈ ਜੇਕਰ ਸਟਾਫ ਦੀ ਘਾਟ ਸਮਾਂ ਰਹਿੰਦੇ ਪੂਰੀ ਨਹੀਂ ਕੀਤੀ ਜਾਂਦੀ ਤਾਂ ਜਿੱਥੇ ਜਾਨੀ ਜਾਂ ਮਾਲੀ ਨੁਕਸਾਨ ਦਾ ਖਤਰਾ ਬਣਿਆ ਹੋਇਆ ਹੈ, ਉਥੇ ਆਉਣ ਵਾਲੇ ਝੋਨੇ ਦੇ ਸੀਜ਼ਨ ਦੌਰਾਨ ਬਿਜਲੀ ਉਤਪਾਦਨ ਵੀ ਪ੍ਰਭਾਵਿਤ ਹੋ ਸਕਦਾ ਹੈ। ਐਸੋਸੀਏਸ਼ਨ ਇਕਾਈ ਲਹਿਰਾ ਮੁਹੱਬਤ ਵੱਲੋਂ ਮੈਨੇਜਮੈਂਟ, ਬਿਜਲੀ ਮੰਤਰੀ ਤੇ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਹੈ ਕਿ ਬਿਜਲੀ ਸਪਲਾਈ ਸਿਸਟਮ ਦੀ ਅਹਿਮ ਕੜੀ ਸਰਕਾਰੀ ਥਰਮਲਾਂ ਵਿਖੇ ਲੋੜੀਂਦਾ ਤਕਨੀਕੀ ਸਟਾਫ ਤਾਇਨਾਤ ਕੀਤਾ ਜਾਵੇ।

## ਜੌਗਰਫ਼ੀ ਟੀਚਰਜ਼ ਯੂਨੀਅਨ ਨੇ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਨੂੰ ਭੇਜੇ ਪੱਤਰ

**ਮੁਕਤਸਰ ਸਾਹਿਬ (ਸ਼ਮਿੰਦਰਪਾਲ /ਪੂਜਾ )**-ਪੰਜਾਬ ਦੇ 2026 ਸੀਨੀ: ਸੈਕੰ: ਸਕੂਲਾਂ ਵਿੱਚੋਂ ਪੰਜਾਬ ਦੇ ਲਗਭਗ 1800 ਸੀਨੀ: ਸੈਕੰ: ਸਕੂਲਾਂ ਦੇ ਜੌਗਰਫ਼ੀ ਵਿਸ਼ੇ ਦੀ ਪੜ੍ਹਾਈ ਤੋਂ ਵਾਂਝੇ ਚੱਲ ਰਹੇ ਵਿਦਿਆਰਥੀਆਂ ਲਈ ਜੌਗਰਫ਼ੀ ਲੈਕਚਰਾਰਾਂ ਦਾ ਪ੍ਰਬੰਧ ਕਰਨ, ਪੰਜਾਬ ਸਰਕਾਰ ਦੇ ਗਜ਼ਟ ਨੋਟੀਫਿਕੇਸ਼ਨ ਅਨੁਸਾਰ ਜੌਗਰਫ਼ੀ ਲੈਕਚਰਾਰਾਂ ਦੀਆਂ ਮਨਜ਼ੂਰਸ਼ੁਦਾ 357 ਸਾਰੀਆਂ ਆਸਾਮੀਆਂ ਨੂੰ ਈ-ਪੰਜਾਬ ਪੋਟਰਲ 'ਤੇ ਦਰਸਾਉਣ, ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਨੂੰ ਲਾਗੂ ਕਰਨ, ਪਦ-ਉੱਨਤੀਆਂ ਅਤੇ ਸਿੱਧੀ ਭਰਤੀ ਰਾਹੀਂ ਅਸਾਮੀਆਂ ਨੂੰ ਭਰਨ, ਭੂਗੋਲ (ਜੌਗਰਫ਼ੀ) ਵਿਸ਼ੇ ਦੀ ਲੈਬ ਸਕੂਲਾਂ ਵਿੱਚ ਸਥਾਪਤ ਕਰਨ ਅਤੇ ਅਪਗ੍ਰੇਡ ਕੀਤੇ 117 'ਐਮੀਨੈਂਸ' ਤੇ 'ਪੀ.ਐੱਮ.ਸ਼੍ਰੀ' ਸੀਨੀਅਰ ਸੈਕੰਡਰੀ ਸਕੂਲਾਂ ਲਈ ਜੌਗਰਫ਼ੀ ਲੈਕਚਰਾਰਾਂ ਦੀਆਂ ਅਸਾਮੀਆਂ ਦੀ ਰਚਨਾ ਕਰਨ ਦੇ ਮੁੱਦੇ ਨੂੰ ਲੈ ਕੇ ਜੌਗਰਫ਼ੀ ਪੋਸਟ ਗਰੈਜੂਏਟ ਟੀਚਰਜ਼ ਯੂਨੀਅਨ ਪੰਜਾਬ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ, ਪ੍ਰਮੁੱਖ ਸਿੱਖਿਆ ਸਕੱਤਰ ਪੰਜਾਬ ਸਰਕਾਰ ਜਸਪ੍ਰੀਤ ਤਲਵਾੜ ਅਤੇ ਡਾਇਰੈਕਟਰ ਸਕੂਲ ਸਿੱਖਿਆ ਪੰਜਾਬ ਤੇਜਦੀਪ ਸਿੰਘ ਸੈਣੀ ਨੂੰ ਰਜਿਸਟਰਡ ਤੇ ਈ-ਮੇਲ ਰਾਹੀਂ ਪੱਤਰ ਭੇਜੇ ਹਨ। ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਜਿੰਦਰ ਸਿੰਘ ਸੁੱਖੀ, ਸਕੱਤਰ ਸ਼ਮਸ਼ੇਰ ਸਿੰਘ ਸ਼ੈਰੀ ਨੇ ਪ੍ਰੈੱਸ ਨੂੰ ਦੱਸਿਆ ਕਿ ਮੌਜੂਦਾ ਸਮੇਂ ਪੰਜਾਬ ਦੇ ਕੁੱਲ 2026 ਸੀਨੀ: ਸੈਕੰ: ਸਕੂਲਾਂ ਲਈ ਲੈਕਚਰਾਰਾਂ ਦੀਆਂ ਕੁੱਲ ਮਨਜ਼ੂਰਸ਼ੁਦਾ 13252 ਅਸਾਮੀਆਂ ਵਿੱਚੋਂ ਜੌਗਰਫ਼ੀ ਦੀਆਂ ਕੇਵਲ 357 ਅਸਾਮੀਆਂ ਹੀ ਮਨਜ਼ੂਰ ਹਨ ਜਿਨ੍ਹਾਂ ਵਿੱਚੋਂ ਖਾਲੀ ਪਈਆਂ 130 ਅਸਾਮੀਆਂ ਨੂੰ ਸਿੱਖਿਆ ਵਿਭਾਗ ਪੰਜਾਬ ਦੇ ਈ-ਪੰਜਾਬ ਪੋਰਟਲ 'ਤੇ ਦਰਸਾਇਆ ਹੀ ਨਹੀਂ ਜਾਂਦਾ। ਜਿਸ ਕਰਕੇ 1800 ਸਕੂਲਾਂ ਦੇ ਵਿਦਿਆਰਥੀ ਇਸ ਵਿਸ਼ੇ ਦੀ ਪੜ੍ਹਾਈ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਦੱਸਿਆ ਕਿ 2016 ਵਿੱਚ ਅਪਗ੍ਰੇਡ ਕੀਤੇ ਸਕੂਲਾਂ ਵਿੱਚ 2018 ਵਿੱਚ ਲੈਕਚਰਾਰਾਂ ਦੀਆਂ ਅਸਾਮੀਆਂ ਦੀ ਰਚਨਾ ਕੀਤੀ ਗਈ ਸੀ, ਉਦੋਂ ਲੈ ਕੇ ਹੀ ਅੱਜ ਤੱਕ ਇਨ੍ਹਾਂ ਅਸਾਮੀਆਂ ਨੂੰ ਪੋਰਟਲ ਉੱਪਰ ਦਿਖਾਇਆ ਹੀ ਨਹੀਂ ਗਿਆ।

ਜਿਸ ਕਰਕੇ ਇਹ ਨਾ ਤਾਂ ਸਿੱਧੀ ਭਰਤੀ ਰਾਹੀਂ ਤੇ ਨਾ ਹੀ ਤਰੱਕੀਆਂ ਰਾਹੀਂ ਭਰਿਆ ਗਿਆ, ਜਿਸ ਕਾਰਨ ਇਨ੍ਹਾਂ ਸਕੂਲਾਂ ਦੇ ਵਿਦਿਆਰਥੀ ਜੌਗਰਫੀ ਵਿਸ਼ੇ ਸਮੇਤ ਕੁੱਲ ਜ਼ਰੂਰੀ ਪੰਜ ਵਿਸ਼ੇ ਵੀ ਨਹੀਂ ਪੜ੍ਹ ਪਾਉਂਦੇ। ਜਥੇਬੰਦੀ ਦੇ ਆਗੂਆਂ ਦਿਲਬਾਗ ਸਿੰਘ ਲਾਪਰਾਂ, ਭੁਪਿੰਦਰ ਸਿੰਘ ਮਾਨ ਸੰਗਰੂਰ, ਨਰੇਸ਼ ਸਲੂਜਾ, ਜਸਵਿੰਦਰ ਸਿੰਘ ਸੰਧੂ, ਚਮਕੌਰ ਸਿੰਘ ਮੋਗਾ, ਗੁਰਮੇਲ ਸਿੰਘ ਰਹਿਲ ਪਟਿਆਲਾ, ਅਮਨਦੀਪ ਕੌਰ, ਬਲਵੀਨ ਕੌਰ, ਪਰਮਜੀਤ ਸੰਧੂ ਮੁਹਾਲੀ, ਤੇਜਵੀਰ ਸਿੰਘ, ਪ੍ਰੀਤਮ ਸਿੰਘ ਮੁਕੰਦਪੁਰੀ ਲੁਧਿਆਣਾ, ਅਬਦਰ ਰਸ਼ੀਦ ਹਾਂਡਾ ਰੋਪੜ, ਗੁਰਸੇਵਕ ਸਿੰਘ ਅਨੰਦਪੁਰ ਸਾਹਿਬ, ਗਗਨਦੀਪ ਸਿੰਘ ਫ਼ਰੀਦਕੋਟ, ਅਜੇ ਕੁਮਾਰ ਫਿਰੋਜ਼ਪੁਰ ਅਤੇ ਸ਼ੰਕਰ ਲਾਲ ਬਠਿੰਡਾ ਆਦਿ ਆਗੂਆਂ ਨੇ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਤੋਂ ਮੰਗ ਕੀਤੀ ਕਿ ਖਾਲੀ ਤੇ ਮਨਜ਼ੂਰਸ਼ੁਦਾ 130 ਅਸਾਮੀਆਂ ਨੂੰ ਤੁਰੰਤ ਈ-ਪੰਜਾਬ ਪੋਰਟਲ ਉੱਪਰ ਦਰਸਾ ਕੇ ਪਦ ਉੱਨਤੀਆਂ ਤੇ ਸਿੱਧੀ ਭਰਤੀ ਰਾਹੀਂ ਭਰਿਆ ਜਾਵੇ ਤਾਂ ਜੋ ਵਿਦਿਆਰਥੀ ਆਪਣਾ ਮਨਭਾਉਂਦਾ ਵਿਸ਼ਾ ਪੜ੍ਹ ਸਕਣ ਅਤੇ ਬਦਲੀ ਕਰਵਾਉਣ ਦੇ ਚਾਹਵਾਨ ਅਧਿਆਪਕ ਆਪਣੀਆਂ ਬਦਲੀਆਂ ਇਨ੍ਹਾਂ ਖਾਲੀ ਅਸਾਮੀਆਂ ਉੱਪਰ ਕਰਵਾ ਸਕਣ।

## 'ਜਾਗੋ ਇੰਟਰਨੈਸ਼ਨਲ' ਵੱਲੋਂ ਡਾ. ਸਵਰਾਜ ਸਿੰਘ ਦਾ ਸਨਮਾਨ 27 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਡਾ. ਸਵਰਾਜ ਸਿੰਘ ਨੇ ਪੰਜਾਬੀ ਪੱਤਰਕਾਰੀ ਨੂੰ ਵਿਸ਼ਵ ਪੱਧਰ ਦੀ ਪੱਤਰਕਾਰੀ ਬਣਾਉਣ ਦੇ ਯਤਨਾਂ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਸੰਸਾਰ ਪੱਧਰ 'ਤੇ ਵਾਪਰਨ ਵਾਲੀਆਂ ਘਟਨਾਵਾਂ 'ਤੇ ਨਾ ਸਿਰਫ਼ ਫੌਰੀ ਪ੍ਰਤੀਕਰਮ ਦੇਣ ਵਿੱਚ ਸਗੋਂ ਅਜੋਕੇ ਸੰਸਾਰ ਦੇ ਮੁੱਖ ਰੁਝਾਨਾਂ ਦੀ ਨਿਸ਼ਾਨਦੇਹੀ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨੂੰ ਪੂਰਬੀ ਚਿੰਤਨ ਤੇ ਪੂਰਬੀ ਸਿਆਣਪ ਦੀ ਸਿਖਰ ਦੱਸਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦੀ ਸਰਵਵਿਆਪੀ ਵਿਆਖਿਆ ਤੇ ਅਸਫ਼ਲ ਹੋ ਰਹੇ ਦੂਜੇ ਵਿਕਾਸ ਮਾਡਲਾਂ ਦੇ ਸੰਦਰਭ ਵਿੱਚ ਇੱਕ ਬਦਲਵੇਂ ਵਿਕਾਸ ਦੇ ਮਾਡਲ ਵਜੋਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਡਾ. ਸਵਰਾਜ ਨੇ ਇਨ੍ਹਾਂ ਵਿਲੱਖਣ ਉਪਰਾਲਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਦਾਰਾ 'ਜਾਗੋ ਇੰਟਰਨੈਸ਼ਨਲ' ਨੇ ਉਨ੍ਹਾਂ ਨੂੰ ਸਿਰਮੌਰ ਪੱਤਰਕਾਰ ਦੇ ਸਨਮਾਨ ਨਾਲ ਸਨਮਾਨਤ ਕਰਨ ਦਾ ਫੈਸਲਾ ਕੀਤਾ ਹੈ ਤੇ ਉਨ੍ਹਾਂ ਦੀ ਪੱਤਰਕਾਰੀ 'ਤੇ ਵਿਚਾਰ ਚਰਚਾ ਕਰਾਉਣ ਦਾ ਫ਼ੈਸਲਾ ਕੀਤਾ ਹੈ।

ਜਾਗੋ ਇੰਟਰਨੈਸ਼ਨਲ ਦੇ ਉਸ ਉੱਦਮ 'ਚ ਸਾਹਿਤ ਅਤੇ ਚਿੰਤਨ ਦੇ ਖੇਤਰਾਂ ਵਿੱਚ ਕਾਰਜਸ਼ੀਲ ਬਹੁਤ ਸਾਰੀਆਂ ਸੰਸਥਾਵਾਂ ਆਪਣਾ ਸਹਿਯੋਗ ਦੇ ਰਹੀਆਂ ਹਨ। ਇਸ ਵਿਚਾਰ ਚਰਚਾ ਨੂੰ ਗਲੋਬਲ ਪ੍ਰਸੰਗ ਵਿੱਚ ਪੰਜਾਬ ਤੇ ਪੰਜਾਬੀਆਂ ਨੂੰ ਦਰਪੇਸ਼ ਚੁਣੌਤੀਆਂ ਅਤੇ ਸਮੱਸਿਆਵਾਂ ਨਾਲ ਵੀ ਜੋੜਨ ਦਾ ਯਤਨ ਕੀਤਾ ਜਾਵੇਗਾ। ਇਸ ਮਕਸਦ ਲਈ ਬਹੁਤ ਸਾਰੇ ਉੱਚ ਕੋਟੀ ਦੇ ਵਿਦਵਾਨਾਂ ਤੇ ਚਿੰਤਕਾਂ ਨੂੰ ਵੀ ਵਿਚਾਰ ਚਰਚਾ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਵੇਗਾ।

ਇਸ ਬਾਰੇ ਗੁਰਨਾਮ ਸਿੰਘ, ਜਗਦੀਪ ਸਿੰਘ, ਸੰਦੀਪ ਸਿੰਘ, ਚਰਨਜੀਤ ਸਿੰਘ, ਅਵਤਾਰ ਸਿੰਘ ਧਮੋਟ, ਡਾ. ਈਸ਼ਵਰਦਾਸ ਸਿੰਘ ਮਹਾਂਮੰਡਲੇਸ਼ਵਰ ਤੇ ਹੋਰ ਚਿੰਤਕਾਂ ਦੀ ਹਾਜ਼ਰੀ ਵਿੱਚ ਡਾ. ਭਗਵੰਤ ਸਿੰਘ ਨੇ ਦੱਸਿਆ ਕਿ 27 ਮਈ ਨੂੰ ਪਟਿਆਲਾ ਵਿਖੇ ਵੱਡਾ ਸਮਾਗਮ ਕੀਤਾ ਜਾ ਰਿਹਾ ਹੈ, ਜਿਸਦੀ ਰੂਪ-ਰੇਖਾ ਤਿਆਰ ਕਰ ਲਈ ਗਈ ਹੈ।

## ਕਾਮਰੇਡ ਸਿਮਰਤ ਕੌਰ ਝਾਮਪੁਰ ਦੀ ਅਗਵਾਈ 'ਚ ਜਨਰਲ ਲੇਬਰ ਯੂਨੀਅਨ ਦੀ ਹੋਈ ਚੋਣ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** - ਸਰਹਿੰਦ ਵਿਖੇ ਸੀ.ਪੀ.ਆਈ. ਦੀ ਜ਼ਿਲ੍ਹਾ ਸਕੱਤਰ ਕਾਮਰੇਡ ਸਿਮਰਤ ਕੌਰ ਝਾਮਪੁਰ ਦੀ ਅਗਵਾਈ 'ਚ ਹੋਈ ਜਨਰਲ ਲੇਬਰ ਯੂਨੀਅਨ ਦੀ ਸਰਹਿੰਦ ਇਕਾਈ ਦੀ ਚੋਣ 'ਚ ਸਰਬਸੰਮਤੀ ਨਾਲ ਜਸਵਿੰਦਰ ਸਿੰਘ ਤਲਾਣੀਆਂ ਨੂੰ ਸਕੱਤਰ, ਗੁਰਸੇਵਕ ਸਿੰਘ ਸਿੱਧੂਵਾਲ ਨੂੰ ਪ੍ਰਧਾਨ, ਜੋਗਾ ਸਿੰਘ ਮੀਰਪੁਰ ਤੇ ਨੰਨਾ ਸਿੰਘ ਨੂੰ ਮੀਤ ਪ੍ਰਧਾਨ ਚੁਣ ਲਿਆ ਗਿਆ। ਇਸੇ ਤਰ੍ਹਾਂ ਸਰਬਸੰਮਤੀ ਨਾਲ ਰਾਜੇਸ਼ ਕੁਮਾਰ ਨੂੰ ਯੂਨੀਅਨ ਦਾ ਸਹਾਇਕ ਸਕੱਤਰ ਤੇ ਦੇਵੀ ਦਿਆਲ ਨੂੰ ਖ਼ਜ਼ਾਨਚੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਨਵੇਂ ਚੁਣੇ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਾਮਰੇਡ ਸਿਮਰਤ ਕੌਰ ਨੇ ਕਿਹਾ ਕਿ ਸਾਰੇ ਕਿਰਤੀ ਭਰਾ ਜਥੇਬੰਦ ਹੁੰਦੇ ਹੋਏ ਆਪਣੇ ਹੱਕਾਂ ਦੀ ਰਾਖੀ ਲਈ ਅੱਗੇ ਆਉਣ।

ਉਨ੍ਹਾਂ ਕਿਹਾ ਕਿ ਸਾਡੀ ਜਥੇਬੰਦੀ ਦਾ ਉਦੇਸ਼ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਨਾ ਹੈ, ਕਿਉਂਕਿ ਬਿਨਾਂ ਸੰਘਰਸ਼ ਕੀਤਿਆਂ ਮਜ਼ਦੂਰਾਂ ਨੂੰ ਕੁਝ ਨਹੀਂ ਮਿਲਿਆ। ਉਨ੍ਹਾਂ ਨਵੀਂ ਟੀਮ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਹਮੇਸ਼ਾ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨਗੇ। ਉਨ੍ਹਾਂ ਆਪਣੇ ਸੰਬੋਧਨ ਦੌਰਾਨ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਲੇਬਰ ਲਈ ਪੱਕੇ ਸ਼ੈੱਡ ਬਣਾਏ ਜਾਣ ਤੇ ਉਨ੍ਹਾਂ ਸ਼ੈੱਡਾਂ 'ਚ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਾਉਣ ਦੇ ਆਦੇਸ਼ ਜਾਰੀ ਕੀਤੇ ਜਾਣ। ਇਸ ਮੌਕੇ ਕਾਮਰੇਡ ਪ੍ਰਗਟ ਸਿੰਘ ਝਾਮਪੁਰ ਨੇ ਪਹੁੰਚੇ ਮਜ਼ਦੂਰ ਸਾਥੀਆਂ ਦਾ ਧੰਨਵਾਦ ਪ੍ਰਗਟ ਕੀਤਾ।

## ਧਰਮ ਨਿਰਪੱਖ ਤੇ ਫੈਡਰਲ ਢਾਂਚੇ ਨੂੰ ਤਹਿਸ ਨਹਿਸ ਕਰਨ ਦੇ ਯਤਨ : ਪ੍ਰੋ. ਜੈਪਾਲ

**ਬਠਿੰਡਾ (ਪੱਤਰ ਪ੍ਰੇਰਕ)** 'ਸੰਘ ਪਰਵਾਰ ਤੇ ਮੋਦੀ-ਸ਼ਾਹ ਸਰਕਾਰ ਦੇ ਫ਼ਿਰਕੂ-ਫ਼ਾਸ਼ੀਵਾਦੀ, ਵੰਡਵਾਦੀ ਏਜੰਡੇ ਨੂੰ ਭਾਂਜ ਦੇਣ ਲਈ ਦੇਸ਼ ਦੇ ਭਵਿੱਖ ਲਈ ਫ਼ਿਕਰਮੰਦ ਪ੍ਰਗਤੀ ਹਾਮੀ ਤੇ ਸੰਘਰਸ਼ਸ਼ੀਲ ਸੰਸਥਾਵਾਂ ਤੇ ਸੁਹਿਰਦ ਦਾਨਿਸ਼ਮੰਦਾਂ ਵੱਲੋਂ ਸਾਂਝਾ ਮੰਚ ਉਸਾਰ ਕੇ ਦੇਸ਼ ਵਿਆਪੀ ਘੋਲ ਵਿੱਢਣੇ ਅਜੋਕੇ ਦੌਰ ਦੀ ਸਭ ਤੋਂ ਵਡੇਰੀ ਲੋੜ ਹੈ।' ਇਹ ਸ਼ਬਦ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ) ਦੀ ਬਠਿੰਡਾ-ਮਾਨਸਾ ਜ਼ਿਲ੍ਹਾ ਕਮੇਟੀ ਵੱਲੋਂ ਟੀਚਰਜ ਹੋਮ ਵਿਖੇ ਸੱਦੇ ਗਏ ਪ੍ਰਭਾਵਸ਼ਾਲੀ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾਈ ਵਿੱਤ ਸਕੱਤਰ ਪ੍ਰੋਫੈਸਰ ਜੈਪਾਲ ਸਿੰਘ ਨੇ ਕਹੇ। ਪ੍ਰੋਫੈਸਰ ਜੈਪਾਲ ਨੇ ਕਿਹਾ ਕਿ ਮੋਦੀ-ਸ਼ਾਹ ਸਰਕਾਰ ਵੱਲੋਂ ਭਾਰਤ ਨੂੰ ਇਕ ਧਰਮ ਅਧਾਰਤ ਕੱਟੜ ਹਿੰਦੂ ਰਾਸ਼ਟਰ 'ਚ ਤਬਦੀਲ ਕਰਨ ਲਈ ਯਤਨਸ਼ੀਲ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਇਸ਼ਾਰਿਆਂ 'ਤੇ ਦੇਸ਼ ਦੇ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ ਢਾਂਚੇ ਨੂੰ ਯੋਜਨਾਬੱਧ ਤਹਿਸ-ਨਹਿਸ ਕੀਤਾ ਜਾ ਰਿਹਾ ਹੈ। ਬੁਲਾਰੇ ਨੇ ਕਿਹਾ ਕਿ ਆਰ.ਐਸ.ਐਸ ਵੱਲੋਂ ਕੀਤੇ ਜਾ ਰਹੇ ਫ਼ਿਰਕੂ ਕਤਾਰਬੰਦੀ ਦੇ ਕੋਝੇ ਯਤਨਾਂ ਦਾ ਇੱਕ ਖਤਰਨਾਕ ਮਕਸਦ ਸਾਮਰਾਜੀ ਤੇ ਕਾਰਪੋਰੇਟ ਲੁੱਟ ਦੀ ਜਾਮਨੀ ਕਰਦੀਆਂ ਨਵਉਦਾਰਵਾਦੀ ਨੀਤੀਆਂ ਖਿਲਾਫ਼ ਲੋਕਾਈ ਦੇ ਸੰਘਰਸ਼ਾਂ ਨੂੰ ਕੁਰਾਹੇ ਪਾਉਣਾ ਵੀ ਹੈ। ਪ੍ਰੋਫੈਸਰ ਜੈਪਾਲ ਸਿੰਘ ਨੇ ਸੂਝਵਾਨ ਸਰੋਤਿਆਂ ਦੇ ਸੁਝਾਵਾਂ ਦੇ ਵੀ ਬਾਦਲੀਲ ਜਵਾਬ ਦਿੱਤੇ। ਉਨ੍ਹਾਂ ਕਿਹਾ ਕਿ ਸੰਘ-ਭਾਜਪਾ ਤੇ ਮੋਦੀ ਸਰਕਾਰ ਸੈਂਕੜੇ ਕਰੋੜ ਗ਼ਰੀਬ ਹਿੰਦੂਆਂ ਨੂੰ ਕੰਗਾਲ ਕਰਕੇ ਅਡਾਨੀ-ਅੰਬਾਨੀ ਜਿਹੇ ਮੁੱਠੀ ਭਰ ਕਾਰਪੋਰੇਟ ਲੋਟੂਆਂ ਦੀਆਂ ਤਿਜੌਰੀਆਂ ਭਰਨ ਦੇ ਕੁਕਰਮ 'ਤੇ ਪਰਦਾ ਪਾਉਣ ਲਈ ਲੋਕਾਂ ਨੂੰ ਧਰਮ ਦੇ ਨਾਂ 'ਤੇ ਲੜਾ ਕੇ ਭਰਾ ਮਾਰੂ ਜੰਗ ਛੇੜਨ ਦੇ ਆਹਰ ਲੱਗੇ ਹੋਏ ਹਨ ਅਤੇ ਉਨ੍ਹਾਂ ਦੇ ਇਹ ਕਾਰੇ ਦੇਸ਼ ਦੀ ਸੁਤੰਤਰਤਾ, ਪ੍ਰਭੂ ਸੰਪੰਨਤਾ ਤੇ ਭੂਗੋਲਿਕ ਏਕਤਾ ਲਈ ਵੀ ਘਾਤਕ ਸਿੱਧ ਹੋਣਗੇ।

ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ ਨੇ ਵੀ ਵਿਚਾਰ ਰੱਖੇ। ਪ੍ਰਧਾਨਗੀ ਸਾਥੀ ਮਿੱਠੂ ਸਿੰਘ ਘੁੱਦਾ, ਦਰਸ਼ਨ ਸਿੰਘ ਫੁੱਲੋ ਮਿੱਠੀ ਤੇ ਸੰਪੂਰਨ ਸਿੰਘ ਨੇ ਕੀਤੀ। ਮੰਚ ਸੰਚਾਲਕ ਦੇ ਫ਼ਰਜ਼ ਸਾਥੀ ਲਾਲ ਚੰਦ ਸਰਦੂਲਗੜ੍ਹ ਨੇ ਨਿਭਾਏ। ਮੰਚ 'ਤੇ ਬੀਬੀ ਦਰਸ਼ਨਾ ਜੋਸ਼ੀ, ਪ੍ਰਕਾਸ਼ ਸਿੰਘ ਨੰਦਗੜ੍ਹ, ਮਲਕੀਤ ਸਿੰਘ ਮਹਿਮਾ, ਮੰਦਰ ਸਿੰਘ ਜੱਸੀ ਵੀ ਸੁਸ਼ੋਭਿਤ ਸਨ।

## ...ਸਫ਼ਾ 1 ਦੇ ਬਾਕੀ

### ਕਾਮਰੇਡ ਗੁਰਬਖਸ਼ ਸਿੰਘ...

ਹੌਸਲੇ ਵਿੱਚ ਹੋਰ ਵਧੇਰੇ ਤੇਜ਼ੀ ਆ ਜਾਂਦੀ ਹੈ । ਉਨ੍ਹਾ ਹੇਠਲੇ ਪੱਧਰ ਤੋਂ ਲੈ ਕੇ ਵਿਧਾਨ ਸਭਾ ਤੱਕ ਲੋਕਾਂ ਦੇ ਹੱਕ 'ਚ ਅਵਾਜ਼ ਉਠਾਈ ਤੇ ਅੱਜ ਵੀ ਪਾਰਟੀ ਲਗਾਤਾਰ ਲੋਕਾਂ ਦੀ ਬੰਦਖ਼ਲਾਸੀ ਲਈ ਲੜ ਰਹੀ ਹੈ ।

ਪਾਰਟੀ ਦੇ ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਜਗਰੂਪ ਨੇ ਕਾਮਰੇਡ ਗੁਰਬਖਸ਼ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਸਮਿਆਂ ਵਿੱਚ ਕੰਮ ਕਰਨਾ ਜਦੋਂ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣ ਜਾਂ ਸੁਨੇਹੇ ਲਈ ਵੀ ਸੀਮਤ ਸਾਧਨ ਨਹੀਂ ਸਨ, ਲੋਕਾਂ ਵਿੱਚ ਕੰਮ ਕੀਤਾ ਤੇ ਲੋਕਾਂ ਨੇ ਵੀ ਉਨ੍ਹਾ ਦੀ ਮਿਹਨਤ ਦਾ ਫਲ ਉਨ੍ਹਾ ਨੂੰ ਦੇਸ਼ ਦੀ ਵੱਡੀ ਪੰਚਾਇਤ ਵਿੱਚ ਭੇਜ ਕੇ ਦਿੱਤਾ। ਉਨ੍ਹਾ ਦੀ ਲੜਾਈ ਸਮਾਜ ਦੇ ਆਰਥਕ ਪਾੜੇ / ਨਾ ਬਰਾਬਰੀ ਵਿਰੁੱਧ ਸੀ । ਉਨ੍ਹਾ ਨੇ ਸਿਹਤ, ਵਿੱਦਿਆ ਤੇ ਰੁਜ਼ਗਾਰ ਦੇ ਮੁੱਦੇ 'ਤੇ ਲੜਾਈ ਲੜੀ । ਜਿਸ ਆਰਥਕ ਪਾੜੇ ਵਿਰੁੱਧ ਭਾਰਤੀ ਕਮਿਊਨਿਸਟ ਪਾਰਟੀ ਲੜ ਰਹੀ ਹੈ, ਅੱਜ ਉਹ ਪਾੜਾ ਇਸ ਮੋਦੀ ਸਰਕਾਰ ਦੇ ਰਾਜ ਵਿੱਚ ਕਈ ਗੁਣਾ ਵਧ ਗਿਆ ਹੈ। ਅੱਜ ਸਮਾਜ ਦੇ ਕਿਰਤੀ ਲੋਕਾਂ ਦੀ ਕੁੱਲ ਦੌਲਤ ਦਾ ਅੱਧ ਤੋਂ ਵੱਧ ਕੁਝ ਹੱਥਾਂ ਵਿੱਚ ਇਕੱਠਾ ਹੋ ਗਿਆ ਹੈ । ਜਿਸ ਕਰਕੇ ਹੇਠਲੇ ਵਰਗਾਂ ਦੀ ਜ਼ਿੰਦਗੀ ਵਧੇਰੇ ਤੰਗੀ ਵੱਲ ਨੂੰ ਜਾ ਰਹੀ ਹੈ। ਅੱਜ ਆਰਥਕ ਮੰਦਵਾੜਾ ਹੈ। ਦੌਲਤ ਦੇ ਕੁਝ ਹੱਥਾਂ ਵਿੱਚ ਇਕੱਠੇ ਹੋਣ ਕਰਕੇ ਅੱਜ ਹਰ ਤਰ੍ਹਾਂ ਦਾ ਕਾਰੋਬਾਰ ਵੀ ਮੰਦੀ ਦਾ ਸ਼ਿਕਾਰ ਹੈ । ਪੜ੍ਹੇ ਲਿਖੇ ਨੌਜਵਾਨ ਧੀਆਂ-ਪੁੱਤਰ ਕੰਮ ਤੋਂ ਬਾਹਰ ਹਨ, ਜਿਸ ਕਰਕੇ ਨਿਰਾਸ਼ਾ ਤੇ ਨਸ਼ੇ ਦਾ ਬੋਲਬਾਲਾ ਹੈ । ਉਨ੍ਹਾ ਕਿਹਾ ਕਿ ਕਾਮਰੇਡ ਗੁਰਬਖਸ਼ ਵਰਗੀ ਸ਼ਖਸੀਅਤ ਨੂੰ ਯਾਦ ਕਰਨ ਦਾ ਮਤਲਬ ਹੈ ਉਨ੍ਹਾ ਦੇ ਅਧੂਰੇ ਕੰਮਾਂ ਨੂੰ ਪੂਰੇ ਕਰਨ ਦੀ ਲੜਾਈ ਨੂੰ ਤੇਜ਼ ਕਰਨਾ, ਜੋ ਅੱਜ ਸਮੇਂ ਦੀ ਮੁੱਖ ਲੋੜ ਹੈ । ਮਾਸਟਰ ਗੁਰਦੇਵ ਸਿੰਘ ਕਿਰਤੀ ਜੀਆ ਨੇ ਕਾਮਰੇਡ ਗੁਰਬਖਸ਼ ਸਿੰਘ ਨੂੰ ਯਾਦ ਕਰਦਿਆਂ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ । ਇਨ੍ਹਾਂ ਤੋਂ ਇਲਾਵਾ ਕਾਮਰੇਡ ਜਗਜੀਤ ਸਿੰਘ, ਕਾਮਰੇਡ ਇੰਦਰਵੀਰ ਮੋਗਾ, ਕਾਮਰੇਡ ਮੰਗਤ ਰਾਏ, ਪ੍ਰੋਫੈਸਰ ਮਲਕੀਤ ਸਿੰਘ, ਕਾਮਰੇਡ ਹਰਬੰਸ ਢਿੱਲੋਂ ਬੁੱਟਰ, ਕਾਮਰੇਡ ਸੁਖਦੇਵ ਸਿੰਘ ਭੋਲ੍ਹਾ, ਰਵਿੰਦਰ ਪੱਪੂ , ਕਾਮਰੇਡ ਹਰਭਜਨ ਸਿੰਘ ਭੱਟੀ, ਕਾਮਰੇਡ ਕੁਲਵੰਤ ਸਿੰਘ ਸਰਪੰਚ ਆਦਿ ਆਏ ਹੋਏ ਸਾਥੀਆਂ ਨੇ ਸੰਬੋਧਨ ਕੀਤਾ ।

### ਬਿਜਲੀ ਕਾਮੇ 17...

ਪਰਖ ਕਾਲ ਸਮਾਂ ਪੂਰਾ ਕਰ ਚੁੱਕੇ ਮੁਲਾਜ਼ਮਾਂ ਨੂੰ ਪੂਰਾ ਤਨਖਾਹ ਸਕੇਲ ਦੇਣ, ਸੀ.ਆਰ.ਏ. 259/19 ਰਾਹੀਂ ਭਰਤੀ ਸਹਾਇਕ ਲਾਈਨਮੈਨਾਂ ਖਿਲਾਫ ਦਰਜ ਕੇਸ ਵਾਪਸ ਲੈਣ, ਉਹਨਾਂ ਨੂੰ ਇਨਕੁਆਰੀ ਦੇ ਨਾਂਅ 'ਤੇ ਤੰਗ-ਪ੍ਰੇਸ਼ਾਨ ਕਰਨ, ਡੀ.ਏ. ਦੀਆਂ ਕਿਸ਼ਤਾਂ ਸਮੇਤ ਬਕਾਇਆ ਦੇਣ, ਰਹਿੰਦੇ ਭੱਤਿਆਂ ਵਿੱਚ ਯੋਗ ਵਾਧਾ ਕਰਨ, ਧੱਕੇ ਨਾਲ ਮੋਬਾਇਲ ਅਲਾਊਂਸ ਬੰਦ ਕਰਕੇ ਜੀਓ ਦੇ ਸਿੰਮ ਦੇਣਾ, ਕੱਚੇ ਕਾਮੇ, ਪੀ.ਟੀ.ਐੱਸ., ਮੀਟਰ ਰੀਡਰ, ਬਿੱਲ ਵੰਡਕ, ਸੀ.ਐੱਚ.ਵੀ. ਆਦਿ ਪੱਕੇ ਕਰਨ ਸਮੇਤ ਮੰਨੀਆਂ ਮੰਗਾਂ ਲਾਗੂ ਕਰਨ ਦੀ ਮੰਗ ਕੀਤੀ। ਮੀਟਿੰਗ ਨੇ ਮੈਨੇਜਮੈਂਟ ਦੀ ਮੁਲਾਜ਼ਮ ਵਿਰੋਧੀ ਨੀਤੀ ਦੀ ਸਖਤ ਨਿੰਦਾ ਕਰਦਿਆਂ ਕਿਹਾ ਕਿ ਮੈਨੇਜਮੈਂਟਾਂ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਦੀ ਥਾਂ ਮੁਲਾਜ਼ਮਾਂ ਤੋਂ ਅਣਉਚਿੱਤ ਡਿਊਟੀਆਂ ਲੈ ਕੇ ਵਿੱਤੀ ਲਾਭ ਦੇਣ ਤੋਂ ਇਨਕਾਰੀ ਹਨ। ਗਰਿੱਡ ਸਬ ਸਟੇਸ਼ਨਾਂ ਅਤੇ ਮੁਲਾਜ਼ਮਾਂ ਦੀ ਸੁਰੱਖਿਆ ਕਰਨ ਵਿੱਚ ਕੁਤਾਹੀ ਕਰ ਰਹੀਆਂ ਹਨ। ਰਹਿੰਦੀਆਂ ਕੈਟੇਗਰੀਆਂ ਓ.ਸੀ., ਆਰ.ਟੀ.ਐੱਮ. ਆਦਿ ਨੂੰ ਪੇ ਬੈਂਡ ਵਿੱਚ ਵਾਧਾ ਦੇਣ ਅਤੇ ਸੇਵਾ-ਮੁਕਤ ਮੁਲਾਜ਼ਮਾਂ ਸਮੇਤ ਰੈਗੂਲਰ ਮੁਲਾਜ਼ਮਾਂ ਦੇ ਬਣਦੇ ਲਾਭ ਦੇਣ ਤੋਂ ਆਨਾਕਾਨੀ ਕਰ ਰਹੀਆਂ ਹਨ। ਆਗੂਆਂ ਨੇ ਮੰਗ ਕੀਤੀ ਕਿ 50 ਨੁਕਾਤੀ ਮੰਗ ਪੱਤਰ ਅਨੁਸਾਰ ਮੁਲਾਜ਼ਮਾਂ ਦੀਆਂ ਮੰਗਾਂ ਮੰਨ ਕੇ ਲਾਗੂ ਕੀਤੀਆਂ ਜਾਣ। ਮੁਲਾਜ਼ਮਾਂ ਤੋਂ ਵਾਧੂ ਡਿਊਟੀਆਂ ਲਈਆਂ ਜਾ ਰਹੀਆਂ ਹਨ, ਜਿਸ ਕਰਕੇ ਬਿਜਲੀ ਕਾਮਿਆਂ ਵਿੱਚ ਸਖਤ ਰੋਸ ਹੈ ਅਤੇ ਉਹ ਸੰਘਰਸ਼ ਦੇ ਰਾਹ 'ਤੇ ਹਨ। ਜਿਵੇਂ 31-05-2023 ਤੱਕ ਦੋਨੋਂ ਕਾਰਪੋਰੇਸ਼ਨਾਂ ਦੇ ਚੇਅਰਮੈਨਾਂ ਅਤੇ ਡਾਇਰੈਕਟਰਜ਼ ਵਿਰੁੱਧ ਫੀਲਡ ਵਿੱਚ ਦੌਰਿਆਂ ਸਮੇਂ ਕਾਲੇ ਝੰਡਿਆਂ ਨਾਲ ਰੋਸ ਵਿਖਾਵੇ ਕਰਨਗੇ। ਜੂਨ 2023 ਵਿੱਚ ਪੈਡੀ ਸੀਜ਼ਨ ਸ਼ੁਰੂ ਹੋਣ ਵਾਲੇ ਦਿਨ ਸੂਬਾ ਪੱਧਰ 'ਤੇ ਇੱਕ ਰੋਜ਼ਾ ਹੜਤਾਲ ਕੀਤੀ ਜਾਵੇਗੀ। 17 ਮਈ ਨੂੰ ਬਿਜਲੀ ਮੰਤਰੀ ਪੰਜਾਬ ਦੀ ਰਿਹਾਇਸ਼ ਅੱਗੇ ਜੰਡਿਆਲਾ ਗੁਰੂ ਦੀ ਥਾਂ ਨਿਊ ਅੰਮ੍ਰਿਤਸਰੀਏ ਬਲਾਕ ਜਲੰਧਰ ਰੋਡ ਵਿਖੇ ਸੂਬਾ ਪੱਧਰੀ ਰੋਸ ਧਰਨਾ ਦਿੱਤਾ ਜਾਵੇਗਾ। ਮੁੱਖ ਮੰਤਰੀ ਪੰਜਾਬ ਦੇ ਨਾਂਅ ਵਿਧਾਇਕਾਂ ਅਤੇ ਮੰਤਰੀਆਂ ਰਾਹੀਂ ਮੈਮੋਰੰਡਮ ਦਿੱਤੇ ਜਾਣਗੇ। ਇਹ ਜਾਣਕਾਰੀ ਸਾਥੀ ਕਰਮਚੰਦ ਭਾਰਦਵਾਜ ਨੇ ਦਿੰਦਿਆਂ ਦੱਸਿਆ ਕਿ ਜੇਕਰ ਫਿਰ ਵੀ ਮਸਲੇ ਹੱਲ ਨਾ ਹੋਏ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

### ਸਟੈਂਪ ਪੇਪਰ ਦੀ...

ਦੀ ਸਰਵੋਤਮ ਵਰਤੋਂ ਨੂੰ ਯਕੀਨੀ ਬਣਾਉਣ ਲਈ ਅਤੇ ਦੂਜੇ ਪਾਸੇ ਲੋਕਾਂ ਨੂੰ ਸਹੂਲਤ ਪ੍ਰਦਾਨ ਕਰਨ ਲਈ ਮਕਾਨਾਂ ਅਤੇ ਹੋਰ ਖੇਤਰਾਂ ਵਿੱਚ ਵੀ ਇਹੀ ਕਲਰ ਕੋਡਿੰਗ ਸਟੈਂਪ ਪੇਪਰ ਲਾਗੂ ਕੀਤਾ ਜਾਵੇਗਾ। ਭਗਵੰਤ ਮਾਨ ਨੇ ਆਸ ਪ੍ਰਗਟਾਈ ਕਿ ਇਸ ਵਿਲੱਖਣ ਵਿਚਾਰ ਸਦਕਾ ਪੰਜਾਬ ਉਦਯੋਗਿਕ ਖੇਤਰ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣ ਕੇ ਉੱਭਰੇਗਾ।

ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਇਸ ਨੇਕ ਪਹਿਲਕਦਮੀ ਨਾਲ ਸੂਬੇ ਵਿੱਚ ਹੋਰ ਨਿਵੇਸ਼ ਆਕਰਸ਼ਿਤ ਹੋਵੇਗਾ, ਜਿਸ ਨਾਲ ਸੂਬੇ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਉਨ੍ਹਾਂ ਸਮਾਜ ਦੇ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਹਰ ਫੈਸਲਾ ਇਸ ਦਿਸ਼ਾ ਵੱਲ ਕੇਂਦਰਤ ਹੈ। ਭਗਵੰਤ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਹੋਰ ਸੂਬੇ ਵੀ ਪੰਜਾਬ ਸਰਕਾਰ ਦੀ ਇਸ ਉਦਯੋਗ ਪੱਖੀ ਪਹਿਲਕਦਮੀ ਨੂੰ ਅਪਨਾਉਣਗੇ।

### ਇੰਜੀਨੀਅਰ ਬੀਬੀ...

ਸਟਾਫ ਨਾਲ ਵਾਕੀ-ਟਾਕੀ ਨਾਲ ਗੱਲ ਕਰਦੀ ਸੀ ਤੇ ਉਸ ਨੇ ਉਥੇ ਜੈਮਰ ਵੀ ਲੁਆਇਆ ਹੋਇਆ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਉਸ ਨੇ ਘਰ ਇਕ ਕਰੋੜ ਰੁਪਏ ਦਾ ਬਣਾਇਆ ਹੈ ਤੇ ਪਿਤਾ ਰਾਮਸਵਰੂਪ ਮੀਣਾ ਦੇ ਨਾਂਅ 'ਤੇ ਰਜਿਸਟਰਡ ਕਰਵਾਇਆ ਹੈ। ਉਸ ਨੇ ਬਿਲਖਿਰੀਆ ਪਿੰਡ ਵਿਚ 20 ਹਜ਼ਾਰ ਵਰਗ ਫੁੱਟ ਥਾਂ ਵੀ ਖਰੀਦੀ ਹੋਈ ਹੈ।

## ਨੌਜਵਾਨੀ, ਪ੍ਰਵਾਸ, ਨਸ਼ੇ ਤੇ ਅਪਰਾਧ ਵਿਸ਼ੇ 'ਤੇ ਹੋਈ ਵਿਚਾਰ ਚਰਚਾ

**ਸਰਦੂਲਗੜ੍ਹ (ਅਵਤਾਰ ਜਟਾਣਾ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਨੌਜਵਾਨੀ, ਪ੍ਰਵਾਸ, ਨਸ਼ੇ ਤੇ ਅਪਰਾਧ ਵਿਸ਼ੇ ਉਪਰ ਇੱਕ ਵਿਚਾਰ ਚਰਚਾ ਲਾਲਾ ਚਰੰਜੀ ਲਾਲ ਧਰਮਸ਼ਾਲਾ ਵਿਖੇ ਕਰਾਈ ਗਈ। ਵਿਚਾਰ ਚਰਚਾ ਨੂੰ ਸੰਬੋਧਨ ਕਰਦੇ ਹੋਏ ਡਾਕਟਰ ਸਰਬਜੀਤ ਸਿੰਘ ਮੁਠੱਡਾ ਨੇ ਕਿਹਾ ਕਿ ਮਨੁੱਖ ਸਦੀਆਂ ਤੋਂ ਪ੍ਰਵਾਸ ਕਰਦਾ ਆਇਆ ਹੈ, ਆਪਣੀ ਰੋਜ਼ੀ ਰੋਟੀ ਦੀ ਭਾਲ ਵਿੱਚ ਲੋਕ ਇੱਕ ਤੋਂ ਦੂਜੇ ਦੇਸ਼ ਵਿੱਚ ਉਦੋਂ ਵੀ ਜਾਂਦੇ ਰਹੇ ਹਨ, ਜਦੋਂ ਪਾਸਪੋਰਟ ਵਰਗੀ ਵਿਵਸਥਾ ਨਹੀਂ ਸੀ। ਅੱਜ ਸਾਡੀ ਨੌਜਵਾਨ ਪੀੜ੍ਹੀ 18-20 ਸਾਲਾਂ ਦੀ ਉਮਰ ਵਿੱਚ ਜਦੋਂ ਵਿਦੇਸ਼ ਜਾ ਰਹੀ ਹੈ, ਉਸ ਨਾਲ ਸਾਡੇ ਸਮਾਜ ਦੇ ਕਈ ਨੁਕਸਾਨ ਹੋ ਰਹੇ ਹਨ ਜਿਵੇਂ ਕਿ ਸਾਡੀ ਕਿਰਤ ਸ਼ਕਤੀ ਬਾਹਰ ਜਾ ਰਹੀ ਹੈ, ਕਿਉਂਕਿ ਕਿਰਤ ਦਾ ਸਮਾਜ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਹੁੰਦਾ ਹੈ। ਉਸ ਦੇ ਨਾਲ ਸਾਡੇ ਦੇਸ਼ ਦਾ ਅਰਬਾਂ ਰੁਪਏ ਫ਼ੀਸਾਂ ਦੇ ਰੂਪ ਵਿੱਚ ਦੂਜੇ ਮੁਲਕਾਂ ਵਿੱਚ ਲੱਗ ਰਿਹਾ ਹੈ, ਜਿਸ ਦਾ ਆਰਥਿਕਤਾ ਨੂੰ ਨੁਕਸਾਨ ਹੁੰਦਾ ਹੈ ਤੇ ਜਿਸ ਦੇਸ਼ ਵਿੱਚ ਜਾਂਦੇ ਹਨ, ਉਸ ਦੇਸ਼ ਨੂੰ ਫ਼ਾਇਦਾ ਹੁੰਦਾ ਹੈ ਉੱਚ ਸਿੱਖਿਆ ਪ੍ਰਾਪਤ ਨੌਜਵਾਨ ਜੀ ਕਿ ਸਾਡੇ ਦੇਸ਼ ਵਿੱਚ ਪੜ੍ਹ ਕੇ ਖੋਜ ਖੇਤਰਾਂ 'ਚ ਵਿਦੇਸ਼ੀ ਕੰਪਨੀਆਂ ਵਿੱਚ ਯੋਗਦਾਨ ਪਾ ਰਹੇ ਹਨ। ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਸਭਾ, ਨੌਜਵਾਨ ਕਲੱਬ, ਖੇਡ ਸਭਾਵਾਂ ਆਦਿ ਵਿੱਚ ਜਥੇਬੰਦ ਕਰਨ ਦੀ ਅੱਜ ਅਹਿਮ ਲੋੜ ਹੈ। ਇਸ ਮੌਕੇ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਲਾਲ ਚੰਦ ਨੇ ਵੀ ਆਪਣੇ ਵਿਚਾਰ ਰੱਖੇ। ਸਮਾਗਮ ਦੀ ਪ੍ਰਧਾਨਗੀ ਗੁਰਦੇਵ ਸਿੰਘ ਲੋਹਗੜ੍ਹ, ਰਣਵੀਰ ਸਿੰਘ ਜੈਨ, ਧੰਨਾ ਸਿੰਘ ਟਾਹਲੀਆਂ ਨੇ ਕੀਤੀ। ਵਿਚਾਰ ਚਰਚਾ 'ਚ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਬੰਸੀ ਲਾਲ, ਰਾਮ ਕ੍ਰਿਸ਼ਨ ਭਾਰਤੀ, ਮਨਪ੍ਰੀਤ ਸਿੰਘ, ਮਨਦੀਪ ਸਿੰਘ, ਦਵਿੰਦਰ ਸਿੰਘ, ਵਿਦਿਆਰਥੀ ਆਗੂ ਸਿਮਰਜੀਤ ਸਿੰਘ ਫੱਤਾ ਮਾਲੋਕਾ, ਪ੍ਰਗਟ ਸਿੰਘ ਆਲੀਕੇ, ਨਵਦੀਪ ਕੌਰ ਤੇ ਨਿਰਮਲ ਕੌਰ ਨੇ ਸਵਾਲ ਜਵਾਬ ਕਰਕੇ ਭਾਗ ਲਿਆ।

## ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਸੰਘਰਸ਼ ਦੇ ਨਾਲ ਨਾਲ ਕਾਨੂੰਨੀ ਲੜਾਈ ਲੜਨ ਦਾ ਫੈਸਲਾ

**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਗੌਰਮਿੰਟ ਪੈਨਸਨਰਜ ਐਸੋਸੀਏਸ਼ਨ (ਰਜਿ:) ਦੀ ਮੀਟਿੰਗ ਸੂਬਾ ਪ੍ਰਧਾਨ ਠਾਕੁਰ ਸਿੰਘ ਦੀ ਪ੍ਰਧਾਨਗੀ ਹੇਠ ਪੈਨਸ਼ਨਰ ਭਵਨ ਵਿਖੇ ਹੋਈ। ਸੂਬਾ ਪ੍ਰੈਸ ਸਕੱਤਰ ਸੁਲੱਖਣ ਸਿੰਘ ਭਗਤਾ ਭਾਈਕਾ ਨੇ ਦੱਸਿਆ ਕਿ ਮੀਟਿੰਗ ਦੇ ਸ਼ੁਰੂ ਵਿੱਚ ਵਿੱਛੜ ਚੁੱਕੇ ਪੈਨਸ਼ਨਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸੂਬਾ ਪ੍ਰਧਾਨ ਠਾਕੁਰ ਸਿੰਘ ਨੇ ਪੈਨਸ਼ਨਰਾਂ ਦੇ ਬਕਾਏ ਤੇ ਜਨਵਰੀ 16 ਤੋਂ ਪਹਿਲੇ ਪੈਨਸ਼ਨਰਾਂ ਨੂੰ ਗੁਣਾਂਕ 2.59 ਤੇ ਨੈਸ਼ਨਲ ਆਧਾਰ 'ਤੇ ਪੈਨਸ਼ਨਾਂ ਫਿਕਸ ਕਰਨ ਦੇ ਛੇਵੇਂ ਪੇ ਕਮਿਸ਼ਨ ਦੁਆਰਾ ਸਿਫ਼ਾਰਸ਼ ਨੂੰ ਪੰਜਾਬ ਸਰਕਾਰ ਵੱਲੋਂ ਲਗਾਤਾਰ ਸੰਘਰਸ਼ ਕਰਨ ਦੇ ਬਾਵਜੂਦ ਅਣਗੌਲਿਆ ਕੀਤਾ ਜਾ ਰਿਹਾ ਹੈ ਅਤੇ ਲਾਰਾ ਲੱਪਾ ਤੇ ਟਰਕਾਊ ਨੀਤੀ ਨਾਲ ਸਮਾਂ ਲੰਘਾਇਆ ਜਾ ਰਿਹਾ ਹੈ। ਜਨਵਰੀ 16 ਤੋਂ ਬਾਅਦ ਹੁਣ ਤੱਕ 30-32 ਹਜ਼ਾਰ ਪੈਨਸ਼ਨਰ ਬਕਾਏ ਤੇ ਪੈਨਸ਼ਨਾਂ ਸੋਧਣ ਨੂੰ ਉਡੀਕਦੇ ਸਦਾ ਲਈ ਵਿਛੋੜਾ ਦੇ ਗਏ ਹਨ। 80-85 ਸਾਲ ਦੀ ਉਮਰ ਪਾਰ ਕਰ ਚੁੱਕੇ ਪੈਨਸ਼ਨਰ ਵੱਖ-ਵੱਖ ਨਾ ਮੁਰਾਦ ਬਿਮਾਰੀਆਂ ਨਾਲ ਜੂਝ ਰਹੇ ਹਨ ਤੇ ਬਕਾਏ ਉਡੀਕ ਰਹੇ ਹਨ। ਪੈਨਸ਼ਨਰਾਂ ਦਾ 65-70 ਸਾਲ ਵਾਲਾ ਤਬਕਾ ਸੰਘਰਸ਼ਾਂ ਵਿੱਚ ਆਪਣਾ ਬਣਦਾ ਯੋਗਦਾਨ ਪਾ ਰਿਹਾ ਹੈ, ਪਰ ਸਰਕਾਰ ਦੇ ਬੋਲੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ। ਅਜਿਹੀ ਬੇਵਿਸ਼ਵਾਸੀ ਦੀ ਹਾਲਤ ਨੂੰ ਵੇਖਦੇ ਹੋਏ ਜਥੇਬੰਦੀ ਨੇ ਮਾਨਯੋਗ ਹਾਈਕੋਰਟ ਵਿੱਚ ਦੋ ਰਿੱਟਾਂ ਪਾਉਣ ਦਾ ਫ਼ੈਸਲਾ ਕੀਤਾ ਹੈ, ਬਕਾਏ ਸਬੰਧੀ ਅਤੇ 2. 59 ਦਾ ਗੁਣਾਕ ਅਤੇ ਨੈਸ਼ਨਲ ਪੈਨਸ਼ਨ ਸੋਧ ਵਿਧੀ ਲਈ। ਸਮੂਹ ਜ਼ਿਲ੍ਹਾ ਪ੍ਰਧਾਨਾਂ ਸਕੱਤਰਾਂ ਤੇ ਸੂਬਾ ਕਮੇਟੀ ਮੈਂਬਰਾਂ ਨੇ ਸਰਬਸੰਮਤੀ ਨਾਲ ਇਸ ਫੈਸਲੇ ਦੀ ਹਮਾਇਤ ਕਰਦੇ ਹੋਏ ਪੈਨਸ਼ਨਰਾਂ ਤੋਂ ਉਨ੍ਹਾਂ ਦੇ ਵੇਰਵੇ ਦੋ ਪਰਤਾਂ ਵਿੱਚ ਇੱਕਤਰ ਕਰਨ ਦਾ ਫ਼ੈਸਲਾ ਕੀਤਾ। ਮੀਟਿੰਗ ਦੀ ਕਾਰਵਾਈ ਸੂਬਾ ਜਨਰਲ ਸਕੱਤਰ ਸੁਰਿੰਦਰ ਰਾਮ ਕੁੱਸਾ ਨੇ ਨਿਭਾਈ ਅਤੇ ਸੂਬਾ ਕਮੇਟੀ ਦੇ 23 ਅਪ੍ਰੈਲ ਦੇ ਇਜਲਾਸ ਵਿੱਚ ਹੋਏ ਫ਼ੈਸਲੇ ਮੁਤਾਬਕ ਕਾਰਜ ਕਰਨੀ ਦਾ ਗਠਨ ਕਰਨ ਲਈ ਪ੍ਰਧਾਨ ਜੀ ਤੋਂ ਪ੍ਰਵਾਨਗੀ ਲਈ, ਜਿਸ ਅਨੁਸਾਰ ਵਿੱਤ ਸਕੱਤਰ ਲਈ ਓਮ ਪ੍ਰਕਾਸ਼ ਭਗਤਾ ਭਾਈਕਾ ਨੂੰ ਇਸ ਅਹੁਦੇ ਲਈ ਚੁਣ ਲਿਆ ਗਿਆ। ਪ੍ਰੈਸ ਸਕੱਤਰ ਲਈ ਸੁਲੱਖਣ ਸਿੰਘ ਬਠਿੰਡਾ, ਜੁਆਇੰਟ ਪ੍ਰੈਸ ਸਕੱਤਰ ਦੇਵ ਰਾਜ ਸ਼ਰਮਾ, ਜੁਆਇੰਟ ਜਨਰਲ ਸਕੱਤਰ ਜਸਵਿੰਦਰ ਸਿੰਘ ਵਾਲੀਆ ਫ਼ਤਿਹਗੜ੍ਹ ਸਾਹਿਬ ਸਹਾਇਕ ਜੁਆਇੰਟ ਸਕੱਤਰ ਬਾਬੂ ਰਾਮ ਮੁਕਤਸਰ ਤੇ ਆਡੀਟਰ ਦੇ ਅਹੁਦੇ ਲਈ ਗੁਰਬਚਨ ਸਿੰਘ ਲੁਧਿਆਣਾ ਚੁਣੇ ਗਏ। ਉਨ੍ਹਾਂ ਦੱਸਿਆ ਕਿ ਸਾਰੇ ਜ਼ਿਲ੍ਹਾ ਪ੍ਰਧਾਨ ਸਕੱਤਰ ਸੂਬਾ ਕਮੇਟੀ ਦੇ ਮੈਂਬਰ ਹੁੰਦੇ ਹਨ। ਚਾਰ ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਗਿੱਦੜਬਾਹਾ, ਇੰਦਰਜੀਤ ਸਿੰਘ ਖੀਵਾ, ਸੁਬੇਗ ਸਿੰਘ ਫ਼ਿਰੋਜ਼ਪੁਰ, ਹਰ ਭਜਨ ਸਿੰਘ ਅਜਨੋਹਾ ਹੁਸ਼ਿਆਰਪੁਰ ਚੁਣੇ ਗਏ, ਚਾਰ ਮੀਤ ਪ੍ਰਧਾਨ ਹਰਚੰਦ ਸਿੰਘ ਪੰਜੋਲੀ, ਚਮਕੌਰ ਸਿੰਘ ਸਰਾਂ ਮੋਗਾ, ਦੇਸ ਰਾਜ ਗਾਂਧੀ, ਸੁੱਚਾ ਸਿੰਘ ਸੁਲਤਾਨ ਪੁਰ ਲੋਧੀ ਬਣਾਏ ਗਏ। ਮੀਟਿੰਗ ਵਿੱਚ ਇੱਕ ਅਗਵਾਈ ਦੇਣ ਤੇ ਸੂਬਾ ਪ੍ਰਧਾਨ ਦੀ ਸਹਾਇਤਾ ਲਈ ਇੱਕ ਸੂਬਾ ਕਾਰਜਕਰਨੀ ਦਾ ਗਠਨ ਕੀਤਾ ਗਿਆ, ਜੋ 2026 ਤੋਂ ਬਾਅਦ ਨਵੀਂ ਆਗੂ ਟੀਮ ਦਾ ਰਾਹ ਪੱਧਰਾ ਕਰੇਗੀ, ਜਿਨ੍ਹਾਂ ਵਿੱਚ ਭਜਨ ਸਿੰਘ ਗਿੱਲ, ਦਰਸ਼ਨ ਸਿੰਘ ਬਰਾੜ ਫ਼ਰੀਦਕੋਟ, ਬੂਟਾ ਸਿੰਘ ਫ਼ਾਜ਼ਿਲਕਾ, ਹਰਜੀਤ ਸਿੰਘ ਫ਼ਤਿਹਗੜ੍ਹ ਸਾਹਿਬ, ਖ਼ਜ਼ਾਨ ਸਿੰਘ ਫ਼ਿਰੋਜ਼ਪੁਰ, ਆਤਮ ਤੇਜ ਸ਼ਰਮਾ, ਅਜੀਤ ਸਿੰਘ ਸੋਢੀ, ਗੁਰਮੀਤ ਸਿੰਘ ਜੈਤੋ, ਸੁੱਚਾ ਸਿੰਘ ਕਪੂਰਥਲਾ, ਨਰਿੰਦਰ ਸਿੰਘ ਗੋਲੀ, ਸੱਤ ਪ੍ਰਕਾਸ਼ ਪਠਾਨਕੋਟ ਸਵਰਨ ਜੀਤ ਸਿੰਘ ਲੁਧਿਆਣਾ, ਰਣਜੀਤ ਸਿੰਘ ਮਲੋਟ ਤੇ ਬਿੱਕਰ ਸਿੰਘ ਮਾਛੀਕੇ ਸ਼ਾਮਲ ਕੀਤੇ ਗਏ। ਅੰਤ ਮੰਗ ਕੀਤੀ ਗਈ ਕਿ ਜਨਵਰੀ 16 ਤੋਂ ਬਾਅਦ ਸੇਵਾਮੁਕਤ ਮੁਲਾਜ਼ਮਾਂ ਦੀ ਕਮਾਈ ਛੁੱਟੀ ਦੇ ਬਕਾਏ ਸਬੰਧੀ ਸਪੱਸ਼ਟ ਪੱਤਰ ਜਾਰੀ ਕੀਤਾ ਜਾਵੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਦਿੱਲੀ ਗੁਰਦੁਆਰਾ ਕਮੇਟੀ 'ਚ ਸਿੰਘ ਸਭਾਵਾਂ ਦੇ ਪ੍ਰਧਾਨਾਂ ਦੀ ਨਾਮਜ਼ਦਗੀ 'ਤੇ ਕਿੰਤੂ-ਪ੍ਰੰਤੂ ਕਿਉਂ ? : ਇੰਦਰ ਮੋਹਨ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਦਿੱਲੀ ਦੀ ਰਜਿਸਟਰਡ ਸਿੰਘ ਸਭਾਵਾਂ ਦੇ 2 ਪ੍ਰਧਾਨਾਂ ਦੀ ਨਾਮਜ਼ਦਗੀ ਸਵਾਲਾਂ ਦੇ ਘੇਰੇ 'ਚ ਹੈ। ਇਸ ਸੰਬੰਧ 'ਚ ਖੁਲਾਸਾ ਕਰਦਿਆਂ ਦਸ਼ਮੇਸ਼ ਸੇਵਾ ਸੁਸਾਇਟੀ (ਰਜਿ:) ਦੇ ਪ੍ਰਧਾਨ, ਦਿੱਲੀ ਕਮੇਟੀ ਦੇ ਸਾਬਕਾ ਮੈਂਬਰ ਤੇ ਦਿੱਲੀ ਗੁਰਦੁਆਰਾ ਮਾਮਲਿਆਂ ਦੇ ਜਾਣਕਾਰ ਇੰਦਰ ਮੋਹਨ ਸਿੰਘ ਨੇ ਗੁਰਦੁਆਰਾ ਐਕਟ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਧਾਰਾ 4 ਮੁਤਾਬਕ 46 ਚੁਣੇ ਹੋਏ ਮੈਂਬਰਾਂ ਤੋਂ ਇਲਾਵਾ 9 ਨਾਮਜ਼ਦ ਮੈਂਬਰਾਂ 'ਚੋਂ 2 ਮੈਂਬਰ ਦਿੱਲੀ ਦੇ ਰਜਿਸਟਰਡ ਸਿੰਘ ਸਭਾ ਗੁਰਦੁਆਰਿਆਂ ਦੇ ਪ੍ਰਧਾਨਾਂ 'ਚੋਂ ਸਿੰਘ ਸਭਾਵਾਂ ਦੇ ਨੁਮਾਇੰਦੇ ਦੇ ਤੌਰ 'ਤੇ ਲਾਟਰੀ ਰਾਹੀਂ ਨਾਮਜ਼ਦ ਕੀਤੇ ਜਾਂਦੇ ਹਨ। ਉਨ੍ਹਾ ਦੱਸਿਆ ਕਿ ਇਹ ਹਾਸੋਹੀਣਾ ਹੈ ਕਿ ਇਸ ਪ੍ਰਕਾਰ ਨਾਮਜ਼ਦ ਕੀਤਾ ਮੈਂਬਰ ਜੇਕਰ ਕਮੇਟੀ ਦੇ 4 ਸਾਲਾਂ ਦੇ ਕਾਰਜਕਾਲ 'ਚ ਆਪਣੀ ਲੋਕਲ ਸਿੰਘ ਸਭਾ ਦੀ ਚੋਣ ਹਾਰ ਕੇ ਪ੍ਰਧਾਨ ਦੇ ਅਹੁਦੇ ਤੋਂ ਹਟਾ ਦਿੱਤਾ ਜਾਂਦਾ ਹੈ ਤਾਂ ਵੀ ਉਹ ਦਿੱਲੀ ਗੁਰਦੁਆਰਾ ਕਮੇਟੀ ਦੇ ਪੂਰੇ ਕਾਰਜਕਾਲ 'ਚ ਮੈਂਬਰ ਵਜੋਂ ਪੂਰੀਆਂ ਸਹੂਲਤਾਂ ਲੈ ਕੇ ਆਪਣੇ ਵੋਟ ਹੱਕ ਦੇ ਅਧਿਕਾਰ ਦੀ ਵਰਤੋਂ ਕਰਦਾ ਰਹਿੰਦਾ ਹੈ, ਜੋ ਕਿਸੇ ਪ੍ਰਕਾਰ ਨਾਲ ਜਾਇਜ਼ ਨਹੀਂ ਕਿਉਂਕਿ ਜਦ ਉਹ ਆਪਣੀ ਸਿੰਘ ਸਭਾ ਦਾ ਪ੍ਰਧਾਨ ਨਹੀਂ ਰਹਿ ਜਾਂਦਾ ਤਾਂ ਉਹ ਦਿੱਲੀ ਗੁਰਦੁਆਰਾ ਕਮੇਟੀ 'ਚ ਉਸ ਸਿੰਘ ਸਭਾ ਦੇ ਨੁਮਾਇੰਦੇ ਵਜੋਂ ਮੈਂਬਰ ਕਿਵੇਂ ਰਹਿ ਸਕਦਾ ਹੈ ? ਇਨ੍ਹਾਂ ਹਾਲਾਤ 'ਚ ਚੋਣ ਡਾਇਰੈਕਟਰ ਨੂੰ ਸਾਬਕਾ ਪ੍ਰਧਾਨ ਦੀ ਮੈਂਬਰੀ ਰੱਦ ਕਰਕੇ ਉਸ ਸਿੰਘ ਸਭਾ ਦੇ ਮੌਜੂਦਾ ਪ੍ਰਧਾਨ ਦੀ ਨਾਮਜ਼ਦਗੀ ਕਰਨ ਦੀ ਪ੍ਰਕਿਆ ਕਰਨੀ ਚਾਹੀਦੀ ਹੈ।

ਇੰਦਰ ਮੋਹਨ ਸਿੰਘ ਨੇ ਕਿਹਾ ਕਿ ਲਾਟਰੀ ਤੋਂ ਨਿਕਲੇ ਨਾਮਜ਼ਦ ਮੈਂਬਰਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ, ਕਿਉਂਕਿ ਇਹ ਕੇਵਲ ਸਿੰਘ ਸਭਾਵਾਂ ਦੇ ਨੁਮਾਇੰਦੇ ਹਨ ਨਾ ਕਿ ਉਹ ਵੋਟਾਂ ਰਾਹੀ ਜਿੱਤ ਕੇ ਮੈਂਬਰ ਬਣੇ ਹਨ, ਹਾਲਾਂਕਿ ਬੀਤੇ ਸਮੇਂ ਇਕ ਲਾਟਰੀ ਚੋਂ ਨਿਕਲਿਆ ਸਿੰਘ ਸਭਾ ਦਾ ਨਾਮਜ਼ਦ ਮੈਂਬਰ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਦਾ ਵੀ ਲੰਬੇ ਸਮੇਂ ਆਨੰਦ ਮਾਣ ਚੁੱਕਾ ਹੈ। ਇੰਦਰ ਮੋਹਨ ਸਿੰਘ ਨੇ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਲ 2021 'ਚ ਹੋਈਆਂ ਦਿੱਲੀ ਗੁਰਦੁਆਰਾ ਚੋਣਾਂ 'ਚ ਸਾਬਕਾ ਚੋਣ ਡਾਇਰੈਕਟਰ ਵੱਲੋਂ ਨਿਰਧਾਰਤ 2 ਪਰਚੀਆਂ ਦੀ ਥਾਂ 'ਤੇ 5 ਪਰਚੀਆਂ ਕੱਢਣ ਦੀ ਨਵੀ ਪਿਰਤ ਪਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਸ ਦੇ ਚਲਦੇ ਕਈ ਪਟੀਸ਼ਨਾਂ ਮਾਣਯੋਗ ਦਿੱਲੀ ਹਾਈ ਕੋਰਟ ਚ ਵਿਚਾਰਾਧੀਨ ਹਨ, ਜਦਕਿ ਇਨ੍ਹਾਂ ਦਾ ਫੈਸਲਾ ਛੇਤੀ ਆਉਣ ਦੀ ਕੋਈ ਆਸ ਨਹੀਂ, ਜਿਸ ਕਾਰਨ ਭਵਿਖ 'ਚ ਅਯੋਗ ਕਰਾਰ ਦਿੱਤੇ ਜਾਣ ਵਾਲੇ ਨਾਮਜ਼ਦ ਮੈਂਬਰ ਫੈਸਲਾ ਆਉਣ ਤੱਕ ਆਪਣੀ ਮੈਂਬਰੀ ਦਾ ਆਨੰਦ ਮਾਣਦੇ ਰਹਿਣਗੇ।

## ਸਿਵਲ ਸਰਜਨ ਵੱਲੋਂ ਸੀ ਐੱਚ ਸੀ ਦੀ ਅਚਨਚੇਤ ਚੈਕਿੰਗ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਨਵ-ਨਿਯੁਕਤ ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਵੱਲੋਂ ਸੀ. ਐਚ.ਸੀ ਝਬਾਲ ਵਿਖੇ ਅਚਨਚੇਤ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਉਨ੍ਹਾ ਓ ਪੀ ਡੀ, ਈ ਸੀ ਜੀ, ਐਮਰਜੈਂਸੀ, ਡਰੱਗ ਸਟੋਰ, ਲੇਬਰ ਰੂਮ, ਲੈਬੋਰੇਟਰੀ ਤੇ ਹੋਰ ਸਹੂਲਤਾਂ ਬਾਰੇ ਬਰੀਕੀ ਨਾਲ ਮੁਆਇਨਾ ਕੀਤਾ। ਇਸ ਮੌਕੇ ਉਨ੍ਹਾ ਨਾਲ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰ ਪਾਲ ਕੌਰ, ਜ਼ਿਲ੍ਹਾ ਮਾਸ ਮੀਡੀਆ ਅਫਸਰ ਅਮਰਦੀਪ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ. ਸੁਰਜਪਾਲ ਵੀ ਹਾਜ਼ਰ ਸਨ । ਉਨ੍ਹਾ ਹਸਪਤਾਲ ਦੇ ਸਮੂਹ ਸਟਾਫ ਨਾਲ ਜਾਣ ਪਛਾਣ ਕਰਦਿਆਂ ਸਮੂਹ ਮੁਲਾਜ਼ਮਾਂ ਨੂੰ ਆਪਣਾ ਕੰਮ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕਰਨ ਲਈ ਹਦਾਇਤਾਂ ਦਿੱਤੀਆਂ। ਉਨ੍ਹਾ ਸਿਹਤ ਸਹੂਲਤਾਂ ਵਿਚ ਹੋਰ ਸੁਧਾਰ ਲਿਆਉਣ ਲਈ ਸਮੂਹ ਮੁਲਾਜ਼ਮਾਂ ਨੂੰ ਹਦਾਇਤ ਵੀ ਕੀਤੀ। ਉਨ੍ਹਾ ਮੁਲਾਜ਼ਮਾਂ ਦੀ ਹਾਜ਼ਰੀ ਵੀ ਚੈੱਕ ਕੀਤੀ ਅਤੇ ਸਮੂਹ ਮੁਲਾਜ਼ਮਾਂ ਨੂੰ ਸਮੇਂ ਸਿਰ ਪੁੱਜਣ ਦੀ ਹਦਾਇਤ ਕਰਦਿਆਂ ਸਿਹਤ ਸਹੂਲਤਾਂ ਅਤੇ ਹੋਰ ਸੁਧਾਰ ਲਿਆਉਣ ਲਈ ਦਿਸ਼ਾ ਨਿਰਦੇਸ਼ ਦਿੱਤੇ। ਉਨ੍ਹਾ ਹੈਲਥ ਵਰਕਰਾਂ ਨੂੰ ਸਮੂਹ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਸਿਹਤ ਸਹੂਲਤਾਂ ਬਾਰੇ ਜਾਗਰੂਕ ਕਰਨ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਲ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦੇਣ ਲਈ ਆਖਿਆ। ਇਸ ਮੌਕੇ ਡਾ. ਹਰਪ੍ਰੀਤ ਸਿੰਘ, ਹੈਲਥ ਇੰਸਪੈਕਟਰ ਰਾਮ ਰਛਪਾਲ ਧਵਨ, ਗੁਰਬੀਰ ਸਿੰਘ ਪੰਡੋਰੀ, ਫਾਰਮਾਸਿਸਟ ਪਾਲਜੀਤ ਸਿੰਘ, ਗੁਰਮੀਤ ਸਿੰਘ, ਨਛੱਤਰ ਸਿੰਘ, ਵਰਿੰਦਰ ਕੌਰ, ਰਬਿੰਦਰ ਸਿੰਘ ਭੋਜੀਆ, ਐਲ.ਟੀ ਜਸਵੰਤ ਸਿੰਘ ਤੋਂ ਇਲਾਵਾ ਹੋਰ ਵੀ ਸਿਹਤ ਕਰਮਚਾਰੀ ਹਾਜ਼ਰ ਸਨ।

# ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਖੇਤ ਮਜ਼ਦੂਰਾਂ ਦੇ ਹਾਲਾਤ ਨਹੀਂ ਸੁਧਰੇ : ਨੂਰਪੁਰੀ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਪੁਤਲੀਘਰ ਸਥਿਤ ਸੀਟੂ ਦਫਤਰ ਵਿਖੇ ਮਾਝਾ ਜ਼ੋਨ ਦੇ ਸਰਗਰਮ ਵਰਕਰਾਂ ਦੀ ਸਕੂਲਿੰਗ ਕੀਤੀ ਗਈ ਜਿਸ ਵਿਚ ਲੈਕਚਰ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਰਾਮ ਸਿੰਘ ਨੂਰਪੁਰੀ ਨੇ ਕਿਹਾ ਕਿ ਆਜਾਦੀ ਦੇ 75 ਸਾਲਾਂ ਬਾਅਦ ਵੀ ਖੇਤ ਮਜ਼ਦੂਰਾਂ ਦੇ ਹਾਲਾਤ ਨਹੀਂ ਸੁਧਰੇ ਜਿਸ ਦੀਆਂ ਦੋਸ਼ੀ ਇਨ੍ਹਾਂ 75 ਸਾਲਾਂ ਵਿੱਚ ਰਾਜ ਕਰਨ ਵਾਲੀਆਂ ਸਰਕਾਰਾਂ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀਆ ਗਲਤ ਨੀਤੀਆਂ ਕਾਰਨ ਅਮੀਰੀ ਅਤੇ ਗਰੀਬੀ 'ਚ ਪਾੜਾ ਦਿਨੋਂ ਦਿਨ ਵਧਦਾ ਜਾ ਰਿਹਾ ਹੈ। ਇਸ ਪਾੜੇ ਨੂੰ ਭਰਨ ਤੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਲਈ ਅਤੇ ਸਰਮਾਏਦਾਰ ਪੱਖੀ ਸਰਕਾਰਾਂ ਨਾਲ ਲੜਨ ਲਈ ਮਜ਼ਬੂਤ ਜਥੇਬੰਦੀ ਉਸਾਰਨ ਦੀ ਲੋੜ ਹੈ। ਸੂਬਾਈ ਜਰਨਲ ਸਕੱਤਰ ਸਾਥੀ ਗੁਰਮੇਜ ਸਿੰਘ ਨੇ ਲੈਕਚਰ ਦਿੰਦਿਆਂ ਕਿਹਾ ਕਿ ਬੁਨਿਆਦੀ ਸਿਧਾਂਤਾਂ ਤੋਂ ਬਿਨਾਂ ਜਥੇਬੰਦੀ ਮਜ਼ਬੂਤ ਨਹੀਂ ਹੋ ਸਕਦੀ। ਸਾਥੀ ਨੇ ਕੋਲਕਾਤਾ ਕਾਨਫਰੰਸ 'ਚ ਪਾਸ ਮਤੇ ਪੰਜਾਬ ਵਿੱਚ ਲਾਗੂ ਕਰਨ 'ਤੇ ਜ਼ੋਰ ਦਿੰਦਿਆਂ ਯੂਨਿਟ ਪੱਧਰ ਤੱਕ ਯੂਨੀਅਨ ਦੇ ਵਰਕਰਾਂ ਨੂੰ ਬੁਨਿਆਦੀ ਸਿਧਾਂਤਾਂ ਨਾਲ ਜੋੜ ਜਥੇਬੰਦੀ ਦੀ ਉਸਾਰੀ ਕਰਕੇ ਮਜ਼ਦੂਰਾਂ ਨੂੰ ਉਨ੍ਹਾਂ ਦੀਆਂ ਮੰਗਾਂ ਤੇ ਮੁਸ਼ਕਲਾਂ ਲਈ ਸਥਾਨਕ ਸੰਘਰਸ਼ ਵਿੱਚ ਪਾਉਣ ਬਾਰੇ ਪ੍ਰੇਰਿਆ। ਉਨ੍ਹਾਂ ਸਾਂਝੇ ਸੰਘਰਸ਼ ਲਾਮਬੰਦ ਕਰਨ ਦੀ ਜ਼ੋਰਦਾਰ ਅਪੀਲ ਕੀਤੀ। ਜਥੇਬੰਦੀ ਦੇ ਸੂਬਾਈ ਸਹਾਇਕ ਸਕੱਤਰ ਜਸਬੀਰ ਸਿੰਘ ਝਬਾਲ ਨੇ ਮਾਝਾ ਜ਼ੋਨ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ ਤੇ ਪਠਾਨਕੋਟ ਜ਼ਿਲ੍ਹਿਆਂ ਤੋਂ ਸਕੂਲਿੰਗ 'ਚ ਭਾਗ ਲੈਣ ਵਾਲੇ ਸਾਥੀਆਂ ਵੱਲੋਂ ਜਥੇਬੰਦੀ ਮਜ਼ਬੂਤ ਕਰਨ ਦਾ ਅਹਿਦ ਕਰਨ ਤੇ ਧੰਨਵਾਦ ਕੀਤਾ। ਸਕੂਲਿੰਗ ਤੋਂ ਪਹਿਲਾਂ ਜਥੇਬੰਦੀ ਦੇ ਕੇਂਦਰੀ ਆਗੂ ਸੁਨੀਤ ਚੋਪੜਾ ਜੋ ਕਿ ਪਿਛਲੇ ਸਮੇਂ ਦੌਰਾਨ ਸਦੀਵੀ ਵਿਛੋੜਾ ਦੇ ਗਏ ਸਨ ਨੂੰ ਸ਼ੋਕ ਮਤੇ ਰਾਹੀਂ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਜਥੇਬੰਦੀ ਦੇ ਹੈੱਡਕੁਆਰਟਰ ਜਲੰਧਰ ਵਿਖੇ 23 ਮਈ ਨੂੰ ਸੂਬਾ ਪੱਧਰੀ ਸ਼ੋਕ ਸਭਾ ਕਰਨ ਬਾਰੇ ਜਾਣਕਾਰੀ ਦਿੱਤੀ ਗਈ ਜਿਸ ਵਿੱਚ ਸਹਾਇਕ ਸਕੱਤਰ ਡਾ. ਵਿਕਰਮ ਸਿੰਘ ਹਾਜ਼ਰ ਹੋਣਗੇ। ਸਕੂਲ ਵਿੱਚ ਸਾਥੀ ਗੁਰਨਾਮ ਸਿੰਘ ਤਲਵੰਡੀ, ਗੁਰਦੀਪ ਸਿੰਘ ਭਿੱਖੀਵਿੰਡ, ਧੀਰ ਸਿੰਘ ਗੁਰਦਾਸਪੁਰ, ਮੁਰਾਰੀ ਲਾਲ, ਪੁਰਸ਼ੋਤਮ ਲਾਲ, ਜਨਕ ਰਾਜ, ਰਾਮ ਸਰਨ, ਨਸੀਬ ਕੌਰ ਤੇ ਸਤਨਾਮ ਸਿੰਘ ਕਲੇਰ ਸਮੇਤ ਭਾਰੀ ਗਿਣਤੀ ਵਿੱਚ ਸਾਥੀ ਹਾਜ਼ਰ ਸਨ।

## ਬੱਬਰੀ ਦੇ 5 ਪੰਚਾਇਤ ਮੈਂਬਰ ਪਰਵਾਰਾਂ ਸਮੇਤ ਆਮ ਆਦਮੀ ਪਾਰਟੀ 'ਚ ਸ਼ਾਮਲ

**ਗੁਰਦਾਸਪੁਰ, ( ਜਨਕ ਮਹਾਜਨ)**-ਅੱਜ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਬੱਬਰੀ (ਨੇੜੇ ਜੀਵਨਵਾਲ) ਦੀ ਪੰਚਾਇਤ ਦੇ ਸਮੂਹ 5 ਪੰਚਾਇਤ ਮੈਂਬਰ ਆਪਣੇ ਪਰਵਾਰਾਂ ਤੇ ਸਮਰਥਕਾਂ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਇਨਾਂ ਮੈਂਬਰਾਂ ਨੂੰ ਰਸਮੀ ਤੌਰ 'ਤੇ ਪਾਰਟੀ ਵਿਚ ਸ਼ਾਮਲ ਕਰਵਾਉਣ ਲਈ ਪਿੰਡ ਵਿਚ ਕਰਵਾਏ ਗਏ ਸਮਾਗਮ ਦੌਰਾਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਅਤੇ ਸਾਰੇ ਮੈਂਬਰਾਂ ਦਾ ਪਾਰਟੀ ਵਿਚ ਸਵਾਗਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਹੋਏ ਬਦਲਾਅ ਦੇ ਦੌਰ ਕਾਰਨ ਲੋਕ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ। ਬਹਿਲ ਨੇ ਦੱਸਿਆ ਕਿ ਅੱਜ ਪੰਚ ਸੁਖਵੰਤ ਰਾਜ, ਪੰਚ ਕੁਲਵਿੰਦਰ ਕੌਰ, ਪੰਚ ਰਮੇਸ਼ ਕੁਮਾਰ, ਪੰਚ ਕਸ਼ਮੀਰ ਕੌਰ ਅਤੇ ਪੰਚ ਰੋਜ਼ੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ ਜਿਸ ਨਾਲ ਪਿੰਡ ਬੱਬਰੀ ਵਿਚ ਆਮ ਆਦਮੀ ਪਾਰਟੀ ਦਾ ਝੰਡਾ ਹੋਰ ਬੁਲੰਦ ਹੋਇਆ ਹੈ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੇ ਨਾਲ ਨਾਲ ਪੰਜਾਬ ਦੇ ਸਰਵਪੱਖੀ ਵਿਕਾਸ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਜਦੋਂ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾ ਪਿੰਡ ਬੱਬਰੀ ਦੇ ਸਮੂਹ ਪੰਚਾਂ ਅਤੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪਿੰਡ ਦੇ ਵਿਕਾਸ ਵਿਚ ਕੋਈ ਕਸਰ ਨਹੀਂ ਰਹਿਣ ਦਿੱਤੀ ਜਾਵੇਗੀ। ਸਮੂਹ ਪੰਚਾਂ ਅਤੇ ਪਿੰਡ ਵਾਸੀਆਂ ਨੇ ਬਹਿਲ ਨੂੰ ਭਰੋਸਾ ਦਿੱਤਾ ਕਿ ਉਹ ਆਮ ਆਦਮੀ ਪਾਰਟੀ ਦਾ ਪੂਰਾ ਸਾਥ ਦੇਣਗੇ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਅਤੇ ਪਿੰਡ ਵਾਸੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

## ਟੈਕਨੀਕਲ ਸਰਵਿਸ ਯੂਨੀਅਨ ਸਰਕਲ ਗੁਰਦਾਸਪੁਰ ਦੀ ਮੀਟਿੰਗ



**ਗੁਰਦਾਸਪੁਰ, (ਜਨਕ ਮਹਾਜਨ)**-ਟੈਕਨੀਕਲ ਸਰਵਿਸ ਯੂਨੀਅਨ ਸਰਕਲ ਗੁਰਦਾਸਪੁਰ ਦੀ ਮੀਟਿੰਗ ਸੰਜੀਵ ਸੈਣੀ ਸਰਕਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸਾਥੀਆਂ ਨੂੰ ਆ ਰਹੀਆਂ ਮੁਸ਼ਕਲਾਂ ਦੇ ਵਿਚਾਰ ਵਟਾਂਦਰਾ ਕੀਤਾ ਗਿਆ। ਆਗੂਆਂ ਨੇ ਮੰਗ ਕੀਤੀ ਕਿ ਜਿਨ੍ਹਾਂ ਸਾਥੀਆਂ ਦਾ ਪਰਖਕਾਲ ਦਾ ਸਮਾਂ ਪੂਰਾ ਹੋ ਚੁੱਕਿਆ ਹੈ, ਉਨ੍ਹਾਂ ਦੀ ਪੂਰੀ ਤਨਖ਼ਾਹ ਬਣਾਈ ਜਾਵੇ। ਉਨ੍ਹਾਂ ਕਿਹਾ ਜੇਕਰ ਸਾਡੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਬਿਜਲੀ ਮੰਤਰੀ ਦੀ ਰਿਹਾਇਸ਼ 'ਤੇ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਲਖਵਿੰਦਰ ਸਿੰਘ ਸੈਣੀ, ਸੰਜੀਵ ਸ਼ਰਮਾ, ਦਿਨੇਸ਼ਵਰ ਸਿੰਘ, ਧਰਮਿੰਦਰ ਸਿੰਘ, ਗੁਰਪਾਲ ਸਿੰਘ, ਰਾਹੁਲ, ਨਵਦੀਪ ਸੈਣੀ, ਇੰਜ. ਸੁਖਪਾਲ ਸਿੰਘ ਜੇ.ਈ. ਆਦਿ ਹਾਜ਼ਰ ਸਨ।

## ਉਰਦੂ ਜਮਾਤ ਦਾ ਕੋਰਸ ਪੂਰਾ ਕਰਨ ਵਾਲਿਆਂ ਨੂੰ ਵਿਭਾਗ ਵੱਲੋਂ ਦਿੱਤਾ ਜਾਂਦਾ ਪ੍ਰਮਾਣ ਪੱਤਰ : ਜ਼ਿਲ੍ਹਾ ਭਾਸ਼ਾ ਅਫ਼ਸਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅੰਮ੍ਰਿਤਸਰ ਦੇ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਪਰਮਜੀਤ ਸਿੰਘ ਕਲਸੀ ਨੇ ਵਿਭਾਗੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਅੰਮ੍ਰਿਤਸਰ ਵਿੱਚ 01 ਜਨਵਰੀ ਤੋਂ 30 ਜੂਨ ਅਤੇ 01 ਜੁਲਾਈ ਤੋਂ 31 ਦਸੰਬਰ ਤੱਕ ਦੋ ਛਿਮਾਹੀ ਸੈਸ਼ਨਾਂ ਲਈ ਹਰ ਸਾਲ ਦਫ਼ਤਰੀ ਸਮੇਂ ਤੋਂ ਬਾਅਦ ਰੋਜ਼ਾਨਾ ਇੱਕ ਘੰਟੇ ਲਈ ਉਰਦੂ ਆਮੋਜ਼ ਜਮਾਤ ਲਗਾਈ ਜਾਂਦੀ ਹੈ। ਛਿਮਾਹੀ ਉਰਦੂ ਜਮਾਤ ਦਾ ਕੋਰਸ ਪੂਰਾ ਕਰਨ ਵਾਲਿਆਂ ਨੂੰ ਵਿਭਾਗ ਵੱਲੋਂ ਪ੍ਰਮਾਣ-ਪੱਤਰ ਵੀ ਜਾਰੀ ਕੀਤਾ ਜਾਂਦਾ ਹੈ। ਇਸ ਵਿੱਚ ਕੋਈ ਵੀ ਉਮੀਦਵਾਰ, ਸਰਕਾਰੀ ਕਰਮਚਾਰੀ/ਅਧਿਕਾਰੀ, ਅਰਧ-ਸਰਕਾਰੀ ਕਰਮਚਾਰੀ, ਵਿਦਿਆਰਥੀ/ਕਾਰੋਬਾਰੀ ਦਾਖ਼ਲਾ ਲੈ ਸਕਦਾ ਹੈ। ਕੋਰਸ ਦੀ ਛਿਮਾਹੀ ਫ਼ੀਸ 1000 ਰੁਪਏ ਨਿਰਧਾਰਤ ਕੀਤੀ ਗਈ ਹੈ, ਜੋ ਕਿ ਦਾਖ਼ਲੇ ਸਮੇਂ ਦਫ਼ਤਰ ਜਮ੍ਹਾਂ ਕਰਵਾਉਣੀ ਪੈਂਦੀ ਹੈ। ਪੰਜਾਬ ਸਰਕਾਰ ਵੱਲੋਂ ਉਰਦੂ ਦੇ ਬੁਨਿਆਦੀ ਗਿਆਨ ਨਾਲ ਸੰਬੰਧਤ ਇਸ ਜਮਾਤ ਨੂੰ ਪੜ੍ਹਾਉਣ ਵਾਲੇ ਉਰਦੂ ਅੰਸ਼ਕਾਲੀ ਅਧਿਆਪਕਾਂ ਲਈ ਘੱਟੋ-ਘੱਟ ਵਿੱਦਿਅਕ ਯੋਗਤਾ ਐੱਮ.ਏ. ਉਰਦੂ ਕੀਤੀ ਗਈ ਹੈ। ਐੱਮ.ਏ. ਉਰਦੂ ਵਾਲੇ ਉਮੀਦਵਾਰ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਅੰਮ੍ਰਿਤਸਰ ਵਿਖੇ ਸੰਪਰਕ ਕਰਕੇ ਅੰਸ਼ਕਾਲੀ ਉਰਦੂ ਅਧਿਆਪਕ ਲਈ ਆਪਣਾ ਬੇਨਤੀ ਪੱਤਰ ਯੋਗਤਾ ਦੇ ਸਬੂਤ ਸਹਿਤ 15 ਜੂਨ ਤੱਕ ਜਮ੍ਹਾਂ ਕਰਵਾ ਸਕਦੇ ਹਨ। ਪੰਜਾਬ ਸਰਕਾਰ ਵੱਲੋਂ ਰੋਜ਼ਾਨਾ ਇੱਕ ਘੰਟੇ ਦੀ ਉਰਦੂ ਜਮਾਤ ਲਈ ਅੰਸ਼ਕਾਲੀ ਉਰਦੂ ਅਧਿਆਪਕ ਨੂੰ ਮਹੀਨੇ ਦਾ ਉੱਕਾ-ਪੁੱਕਾ 8000 ਮਿਹਨਤਾਨਾ ਵੀ ਦਿੱਤਾ ਜਾਵੇਗਾ।

## 18 ਗ੍ਰਾਮ ਹੈਰੋਇਨ ਸਮੇਤ ਨੌਜਵਾਨ ਕਾਬੂ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਜ਼ਿਲ੍ਹਾ ਤਰਨਤਾਰਨ ਦੇ ਮੁੱਖੀ ਐਸਐਸਪੀ ਗੁਰਮੀਤ ਸਿੰਘ ਚੌਹਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਭੈੜੇ ਪੁਰਸ਼ਾਂ ਦੇ ਖਿਲਾਫ ਵਿੱਢੀ ਮੁਹਿੰਮ ਤਹਿਤ ਥਾਣਾ ਵਲਟੋਹਾ ਦੀ ਪੁਲਸ ਦੌਰਾਨੇ ਗਸ਼ਤ ਇੱਕ ਨੌਜਵਾਨ ਨੂੰ 18 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਇਸ ਸੰਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਥਾਣਾ ਵਲਟੋਹਾ ਦੇ ਮੁਖੀ ਐਸ.ਐਚ.ਓ. ਹਰਜੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਪਿੰਡ ਆਸਲ ਉਤਾੜ ਕੈਂਚੀ ਮੋੜ ਕੋਲੋਂ 18 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ ਜਿਸ ਦੀ ਪਹਿਚਾਣ ਰਾਜੀਵ ਕੁਮਾਰ ਉਰਫ ਜੀਵਾ ਪੁੱਤਰ ਸੁਰਿੰਦਰ ਕੁਮਾਰ ਵਾਸੀ ਆਸਲ ਉਤਾੜ ਵਜੋਂ ਹੋਈ ਹੈ ਜਿਸ ਨੂੰ ਐੱਨਡੀਪੀਐੱਸ ਦੇ ਪਰਚੇ 'ਚ ਨਾਮਜ਼ਦ ਕਰਕੇ ਅਦਾਲਤ 'ਚ ਪੇਸ਼ ਕਰਕੇ ਉਕਤ ਮੁਲਜ਼ਮ ਨੂੰ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ।

## ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜਿੱਥੇ ਬੱਚਿਆਂ ਦਾ ਹੁੰਦੈ ਚਹੁੰ-ਮੁਖੀ ਵਿਕਾਸ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਇੱਕ ਅਜਿਹਾ ਅਦਾਰਾ ਹੈ, ਜਿੱਥੇ ਬੱਚਿਆਂ ਨੂੰ ਰੈਗੂਲਰ ਪੜ੍ਹਾਈ ਦੇ ਨਾਲ ਨਾਲ ਕੰਪੀਟਿਸ਼ਨ ਮੁਕਾਬਲਿਆਂ ਲਈ ਤਿਆਰ ਕਰਨ ਵਾਸਤੇ ਵੀ ਨਿਵੇਕਲੇ ਉਪਰਾਲੇ ਕੀਤੇ ਜਾਂਦੇ ਹਨ। ਇਸ ਤਹਿਤ ਸਕੂਲ ਦੇ ਬੱਚਿਆਂ ਨੇ ਐਜੂਕੇਸ਼ਨ ਲੈਬ ਲਰਨਿੰਗ ਸਲਿਊਸ਼ਨ ਪ੍ਰਾਈਵੇਟ ਲਿਮਟਿਡ ਲਾਈਵ ਉਲੰਪਿਆਡ ਵਲੋਂ ਲਈ ਜਾਂਦੀ ਕੰਪੀਟਿਸ਼ਨ ਦੀ ਤਿਆਰੀ ਲਈ ਪ੍ਰੀਖਿਆ ਵਿੱਚ ਹਿੱਸਾ ਲਿਆ। ਇਸ ਪ੍ਰੀਖਿਆ ਵਿੱਚ ਲਗਭਗ 100 ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ। ਇਸ ਪ੍ਰੀਖਿਆ ਵਿੱਚ ਚੌਥੀ ਕਲਾਸ ਦੀ ਵਿਦਿਆਰਥਣ ਸਮਾਇਰਾ ਸ਼ਰਮਾ ਨੇ ਇੰਗਲਿਸ਼ ਵਿੱਚ ਨੈਸ਼ਨਲ ਐਵਾਰਡ ਜਿੱਤ ਕੇ ਗੋਲਡ ਮੈਡਲ ਹਾਸਿਲ ਕੀਤਾ। 100 ਸਕੂਲਾਂ ਦੇ ਵਿਦਿਆਰਥੀਆਂ ਵਿੱਚੋਂ ਸਮਾਇਰਾ ਸ਼ਰਮਾ ਨੂੰ ਗਲੋਬਲ ਗੋਲਡ ਅਤੇ ਸ਼ਾਨਦਾਰ ਗੋਲਡ ਮੈਡਲ, ਸਰਟੀਫਿਕੇਟ ਅਤੇ ਇਨਾਮ ਵਜੋਂ ਇੱਕ ਸ਼ਾਨਦਾਰ ਸਮਾਰਟ ਫੋਨ ਵੀ ਦਿੱਤਾ ਗਿਆ। ਸਕੂਲ ਦੇ 11 ਬੱਚੇ ਨੈਸ਼ਨਲ ਲਈ ਕੁਆਲੀਫਾਈ ਹੋਏ ਅਤੇ 8 ਬੱਚਿਆਂ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਦੇ ਐਮ. ਡੀ. ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਕਿਹਾ ਕਿ ਸਾਡਾ ਮੁੱਖ ਮੰਤਵ ਹੀ ਬੱਚਿਆਂ ਨੂੰ ਨੈਸ਼ਨਲ ਅਤੇ ਇੰਟਰਨੈਸ਼ਨਲ ਲੈਵਲ ਦੇ ਕੰਪੀਟਿਸ਼ਨ ਲਈ ਤਿਆਰ ਕਰਨਾ ਹੈ ਅਤੇ ਛੋਟੀਆਂ ਕਲਾਸਾਂ ਤੋਂ ਹੀ ਇਸਦੀ ਤਿਆਰੀ ਬਹੁਤ ਜ਼ਰੂਰੀ ਹੈ ਤਾਂ ਕਿ ਸਾਡੇ ਬੱਚੇ ਅੱਗੇ ਜਾ ਕੇ ਕਿਸੇ ਵੀ ਕੰਪੀਟਿਸ਼ਨ ਦੀ ਪ੍ਰੀਖਿਆ ਵਿੱਚ ਚੰਗੇ ਨੰਬਰਾਂ ਨਾਲ ਮੈਰਿਟ ਵਿੱਚ ਆਉਣ। ਇਸ ਉਪਲਬਧੀ ਲਈ ਉਨ੍ਹਾਂ ਨੇ ਬੱਚਿਆਂ ਅਤੇ ਅਧਿਆਪਕਾਂ ਦੀ ਮਿਹਨਤ ਨੂੰ ਖੂਬ ਸਰਾਹਿਆ ਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਆ।

## ਕਲਾਸਵਾਲਾ ਖਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਇਤਿਹਾਸਕ ਸਥਾਨਾਂ ਦੇ ਕੀਤੇ ਦਰਸ਼ਨ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਲਾਸਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂ ਦੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਸਾਲਿਨੀ ਸਰਮਾ ਦੇ ਦਿਸਾ ਨਿਰਦੇਸਾਂ ਅਤੇ ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਬੱਚਿਆਂ ਨੂੰ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏ । ਇਹ ਟੂਰ ਨਵੇਂ ਸੈਸ਼ਨ ਨੂੰ ਮੱਦੇਨਜ਼ਰ ਰੱਖਦੇ ਹੋਏ ਲਿਜਾਇਆ ਗਿਆ । ਇਸ ਟੂਰ ਦੀ ਅਗਵਾਈ ਹਰਦੀਪ ਸਿੰਘ ਨੇ ਕੀਤੀ ਅਤੇ ਬੱਚਿਆਂ ਨੂੰ ਸਭ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਰਾਜਾ ਰਾਮ ਵਿਖੇ ਨਤਮਸਤਕ ਹੋਣ ਲਈ ਲਿਜਾਇਆ ਗਿਆ ਤੇ ਫਿਰ ਕਾਹਨੂੰਵਾਨ ਵਿਖੇ ਛੋਟੇ ਘੱਲੂਘਾਰੇ ਲਿਜਾਇਆ ਗਿਆ। ਪ੍ਰਿੰਸੀਪਲ ਸ਼ਾਲਿਨੀ ਸ਼ਰਮਾ ਨੇ ਕਿਹਾ ਕਿ ਬੱਚਿਆਂ ਨੂੰ ਆਪਣੇ ਇਤਿਹਾਸ ਤੋਂ ਜਾਣੂ ਕਰਵਾਉਣ ਅਤੇ ਵਿਰਸੇ ਨੂੰ ਪੁਨਰ-ਸੁਰਜੀਤ ਕਰਨ ਲਈ ਅਜਿਹੇ ਟੂਰ ਲਗਾਏ ਜਾਣੇ ਚਾਹੀਦੇ ਹਨ ਤਾਂ ਕਿ ਆਉਣ ਵਾਲੀ ਪੀੜ੍ਹੀ ਆਪਣੀਆਂ ਰਵਾਇਤਾਂ ਅਤੇ ਗੁਰੂ ਸਾਹਿਬਾਨ ਦੇ ਦੱਸੇ ਹੋਏ ਮਾਰਗ ਨਾ ਭੁੱਲ ਜਾਣ । ਇਸ ਟੂਰ ਦੇ ਯੋਗ ਪ੍ਰਬੰਧਾਂ ਅਤੇ ਅਨੁਸ਼ਾਸਨ ਦੀ ਸ਼ਲਾਘਾ ਵੀ ਕੀਤੀ ਗਈ ਅਤੇ ਬੱਚਿਆਂ ਦੇ ਮਾਰਗ ਦਰਸ਼ਨ ਲਈ ਰਜਿੰਦਰ ਕੌਰ, ਰਛਪਾਲ ਸਿੰਘ ਅਤੇ ਵਿਪਨ ਕੁਮਾਰ ਆਦਿ ਵੀ ਹਾਜ਼ਰ ਸਨ ।

# ਤਰਕਸ਼ੀਲ ਸੁਸਾਇਟੀ ਵੱਲੋਂ ਲੋਕਾਂ ਨੂੰ ਧਰਮ ਦੀ ਆੜ ਹੇਠ ਠੱਗਣ ਵਾਲੇ ਦੰਭੀਆਂ ਤੋਂ ਬਚਣ ਦੀ ਅਪੀਲ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਤਰਕਸ਼ੀਲ ਸੁਸਾਇਟੀ ਪੰਜਾਬ ਅੰਮ੍ਰਿਤਸਰ ਇਕਾਈ ਦੀ ਮਹੀਨਾਵਾਰ ਬੈਠਕ ਸਥਾਨਕ ਕੰਪਨੀ ਬਾਗ਼ ਵਿਖੇ ਤਰਕਸ਼ੀਲ ਆਗੂ ਬਨਾਰਸੀ ਦਾਸ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਲੋਕਾਂ ਨੂੰ ਧਰਮ ਦੀ ਆੜ ਹੇਠ ਅੰਧਵਿਸ਼ਵਾਸਾਂ ਵਿਚ ਫਸਾ ਕੇ ਲੁੱਟਣ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ, ਪੁੱਛਾਂ ਦੇਣ ਵਾਲੇ ਢੋਂਗੀਆਂ ਦੇ ਖਿਲਾਫ ਵਿਗਿਆਨਕ ਚੇਤਨਾ ਦੀ ਮੁਹਿੰਮ ਨੂੰ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ।

ਇਸ ਮੌਕੇ ਇਕਾਈ ਦੇ ਜਥੇਬੰਦਕ ਮੁੱਖੀ ਸੁਮੀਤ ਸਿੰਘ ਨੇ ਕਿਹਾ ਕਿ ਜਗ੍ਹਾ ਜਗ੍ਹਾ ਦੁਕਾਨਾਂ ਖੋਲ ਕੇ ਬੈਠੇ ਪਾਖੰਡੀ ਬਾਬੇ, ਤਾਂਤਰਿਕ, ਸਾਧ, ਜੋਤਸ਼ੀ, ਚੌਂਕੀਆਂ ਲਗਾ ਕੇ ਪੁੱਛਾਂ ਦੇਣ ਵਾਲੇ ਅਖੌਤੀ ਸਿਆਣੇ ਅਤੇ ਵਿਸ਼ੇਸ਼ ਕਰਕੇ ਕੁਝ ਡੇਰਿਆਂ ਦੇ ਬਾਬੇ ਲੋਕਾਂ ਦੀ ਅੰਧਵਿਸ਼ਵਾਸੀ ਮਾਨਸਿਕਤਾ ਦਾ ਫਾਇਦਾ ਉਠਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ, ਦੁੱਖਾਂ, ਬਿਮਾਰੀਆਂ, ਖਾਹਿਸ਼ਾਂ, ਗਰਜਾਂ ਦਾ ਆਪਣੀ ਅਖੌਤੀ ਦੈਵੀ ਸ਼ਕਤੀ ਨਾਲ ਨਿਵਾਰਨ ਕਰਨ ਦੇ ਬਹਾਨੇ ਉਨ੍ਹਾਂ ਨੂੰ ਭੂਤਾਂ-ਪ੍ਰੇਤਾਂ, ਜਾਦੂ ਟੂਣਿਆਂ,ਧਾਗੇ ਤਵੀਤਾਂ, ਗ੍ਰਹਿ ਚੱਕਰਾਂ, ਰਾਸ਼ੀਫਲ, ਜਨਮ ਟੇਵਿਆਂ, ਵਸ਼ੀਕਰਨ, ਕੀਤੇ-ਕਰਾਏ, ਵਾਸਤੂ ਸ਼ਾਸਤਰ, ਮੰਤਰ, ਕਾਲੇ ਇਲਮ, ਪੁਨਰ ਜਨਮ, ਸਵਰਗ-ਨਰਕ, ਕਿਸਮਤ ਅਤੇ ਅਗਲੇ ਪਿਛਲੇ ਜਨਮ ਦੇ ਅੰਧਵਿਸ਼ਵਾਸਾਂ ਵਿਚ ਫਸਾ ਕੇ ਉਨ੍ਹਾਂ ਦਾ ਸ਼ਰੇਆਮ ਆਰਥਿਕ, ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰ ਰਹੇ ਹਨ ਪਰ ਪੁਲਸ ਪ੍ਰਸ਼ਾਸਨ ਵਲੋਂ ਅਜਿਹੇ ਪਾਖੰਡੀਆਂ ਦੇ ਖਿਲਾਫ ਕਦੇ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ।

ਇਸ ਮੌਕੇ ਤਰਕਸ਼ੀਲ ਆਗੂਆਂ ਜਸਪਾਲ ਬਾਸਰਕੇ ਅਤੇ ਅਸ਼ਵਨੀ ਕੁਮਾਰ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਅਜਿਹੇ ਪਾਖੰਡੀਆਂ ਦੀਆਂ ਗ਼ੈਰ ਕਾਨੂੰਨੀ ਗਤੀਵਿਧੀਆਂ ਉਤੇ ਰੋਕ ਲਾਉਣ ਲਈ ਡਰੱਗਜ਼ ਤੇ ਮੈਜਿਕ ਰੈਮਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਐਕਟ 1954 ਲਾਗੂ ਕੀਤਾ ਗਿਆ ਸੀ ਪਰ ਪ੍ਰਿੰਟ ਅਤੇ ਬਿਜਲਈ ਮੀਡੀਏ ਵਲੋਂ ਇਸ ਕਾਨੂੰਨ ਦੀ ਸ਼ਰੇਆਮ ਉਲੰਘਣਾ ਕਰਕੇ ਪਾਖੰਡੀ ਬਾਬਿਆਂ, ਤਾਂਤਰਿਕਾਂ ਅਤੇ ਜੋਤਸ਼ੀਆਂ ਦੀ ਝੂਠੀ ਅਤੇ ਗ਼ੈਰ ਕਾਨੂੰਨੀ ਇਸ਼ਤਿਹਾਰਬਾਜ਼ੀ ਬਿਨਾਂ ਕਿਸੇ ਰੋਕ ਟੋਕ ਦੇ ਸ਼ਰੇਆਮ ਕੀਤੀ ਜਾ ਰਹੀ ਹੈ ਪਰ ਉਲੰਘਣਾ ਕਰਨ ਵਾਲਿਆਂ ਇਨ੍ਹਾਂ ਦੋਵਾਂ ਧਿਰਾਂ ਦੇ ਖਿਲਾਫ ਕਿਸੇ ਸਿਆਸੀ ਦਬਾਅ ਹੇਠ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

ਤਰਕਸ਼ੀਲ ਆਗੂਆਂ ਮਾਸਟਰ ਕੁਲਜੀਤ ਵੇਰਕਾ ਅਤੇ ਮਾਸਟਰ ਬਲਦੇਵ ਰਾਜ ਵੇਰਕਾ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਜੇਕਰ ਕਿਸੇ ਦੇ ਘਰ ਵਿਚ ਆਪਣੇ ਆਪ ਅੱਗਾਂ ਲੱਗਣ, ਕਪੜੇ ਕੱਟੇ ਜਾਣ, ਵਾਲ ਕੱਟੇ ਜਾਣ,ਖੂਨ ਦੇ ਛਿੱਟੇ ਪੈਣ, ਰੋੜੇ ਵੱਜਣ ਜਾਂ ਸਿਰ ਮਾਰਨ ਆਦਿ ਦੀਆਂ ਗੈਰ ਕੁਦਰਤੀ ਘਟਨਾਵਾਂ ਵਾਪਰਨ ਤਾਂ ਉਹ ਪਾਖੰਡੀ ਬਾਬਿਆਂ ਅਤੇ ਜੋਤਸ਼ੀਆਂ ਦੇ ਝਾਂਸੇ ਵਿੱਚ ਫਸਣ ਦੀ ਬਜਾਏ ਇਨ੍ਹਾਂ ਘਟਨਾਵਾਂ ਦੇ ਵਿਗਿਆਨਕ ਹੱਲ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਕਾਰਕੁਨਾਂ ਨਾਲ 7696030173 ਅਤੇ 9878436884 ਉਤੇ ਸੰਪਰਕ ਕਰਨ। ਇਸ ਮੌਕੇ ਤਰਕਸ਼ੀਲ ਆਗੂਆਂ ਬਨਾਰਸੀ ਦਾਸ ਅਤੇ ਕਾ. ਬਲਵਿੰਦਰ ਦੁਧਾਲਾ ਨੇ ਪਾਖੰਡੀ ਬਾਬਿਆਂ, ਅਖੌਤੀ ਸਿਆਨਿਆਂ ਅਤੇ ਜੋਤਸ਼ੀਆਂ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੀਆਂ 23 ਸ਼ਰਤਾਂ ਵਿੱਚੋਂ ਕਿਸੇ ਇੱਕ ਨੂੰ ਆਪਣੀ ਅਖੌਤੀ ਗੈਬੀ ਸ਼ਕਤੀ ਨਾਲ ਪੂਰਾ ਕਰਨ ਉੱਤੇ ਪੰਜ ਲੱਖ ਰੁਪਏ ਦਾ ਇਨਾਮ ਜਿੱਤਣ ਦੀ ਚੁਣੌਤੀ ਵੀ ਦਿੱਤੀ।

ਇਸ ਮੌਕੇ ਜੰਤਰ ਮੰਤਰ ਦਿੱਲੀ ਵਿਖੇ ਜਿਨਸੀ ਸ਼ੋਸ਼ਣ ਦੇ ਖਿਲਾਫ ਇਨਸਾਫ ਲੈਣ ਲਈ ਧਰਨਾ ਦੇ ਰਹੇ ਪਹਿਲਵਾਨ ਖਿਡਾਰੀਆਂ ਦੀ ਹਮਾਇਤ ਕਰਦਿਆਂ ਮੁੱਖ ਮੁਲਜ਼ਮ ਬ੍ਰਿਜ ਭੂਸ਼ਨ ਸ਼ਰਨ ਸਿੰਘ ਅਤੇ ਹੋਰਨਾਂ ਮੁਲਜ਼ਮਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾਵਾਂ ਦੇਣ ਦੀ ਜ਼ੋਰਦਾਰ ਮੰਗ ਕੀਤੀ ਗਈ। ਇਸ ਤੋਂ ਇਲਾਵਾ ਐਨ ਸੀ ਈ ਆਰ ਟੀ ਦੇ ਦਸਵੀਂ ਜਮਾਤ ਦੇ ਸਿਲੇਬਸ ਚੋਂ ਡਾਰਵਿਨ ਦੇ ਜੀਵ ਵਿਕਾਸ ਦੇ ਸਿਧਾਂਤ ਨੂੰ ਬਾਹਰ ਕੱਢਣ ਦੇ ਲੋਕ ਵਿਰੋਧੀ ਫੈਸਲੇ ਨੂੰ ਤੁਰੰਤ ਰੱਦ ਕਰਨ ਅਤੇ ਸਿੱਖਿਆ ਦੇ ਨਿੱਜੀਕਰਨ, ਵਪਾਰੀਕਰਨ ਅਤੇ ਭਗਵੇਂਕਰਨ ਨੂੰ ਬੰਦ ਕਰਕੇ ਵਿਗਿਆਨਕ ਚੇਤਨਾ ਦੇ ਵਿਸ਼ਿਆਂ ਨੂੰ ਵਧੇਰੇ ਸ਼ਾਮਿਲ ਕਰਨ ਦੀ ਵੀ ਜ਼ੋਰਦਾਰ ਮੰਗ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਕਸ਼ੀਲ ਆਗੂ ਸੁਖਮੀਤ ਸਿੰਘ, ਰਾਜ ਕੁਮਾਰ ਵੇਰਕਾ, ਹਰਜਿੰਦਰ ਜਲਾਲਪੁਰ,ਰਮੇਸ਼ ਜੈਨ,ਸ਼ਕਤੀ ਅਤੇ ਪਰਮਜੀਤ ਸਿੰਘ ਸ਼ਾਮਿਲ ਹੋਏ।

## ਏਜੰਸੀਆਂ ਵੱਲੋਂ 10 ਮਈ ਤੱਕ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ 105528 ਮੀਟ੍ਰਿਕ ਟਨ ਵੱਧ ਕਣਕ ਦੀ ਖਰੀਦ ਕੀਤੀ ਗਈ : ਡੀ ਸੀ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)** - ਖਰੀਦ ਏਜੰਸੀਆਂ ਵੱਲੋਂ ਇਸ ਵਾਰ ਪਿਛਲੇ ਸਾਲ ਦੇ ਮੁਕਾਬਲੇ ਵੱਧ ਕਣਕ ਦੀ ਖਰੀਦ ਕੀਤੀ ਗਈ ਹੈ। ਪਿਛਲੇ ਸਾਲ 10 ਮਈ ਤੱਕ 527073 ਮੀਟ੍ਰਿਕ ਟਨ ਕਣਕ ਖਰੀਦੀ ਗਈ ਸੀ ਜਦਕਿ ਇਸ ਵਾਰ 10 ਮਈ ਤੱਕ 631964 ਮੀਟ੍ਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਮੰਡੀਆਂ ਵਿੱਚ ਅਜੇ ਵੀ ਕਣਕ ਆ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਮੰਡੀਆਂ ਵਿੱਚ ਵੱਧ ਕਣਕ ਆਈ ਹੈ ਜਿਸ ਨੂੰ ਨਾਲ ਦੀ ਨਾਲ ਹੀ ਖਰੀਦਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 633700 ਮੀਟ੍ਰਿਕ ਟਨ ਕਣਕ ਦੀ ਫਸਲ ਆਈ ਸੀ ਜਿਸ ਵਿੱਚੋਂ 631964 ਮੀਟ੍ਰਿਕ ਟਨ ਫਸਲ ਨੂੰ ਖਰੀਦ ਲਿਆ ਗਿਆ ਹੈ। ਉਨ੍ਹਾ ਦੱਸਿਆ ਕਿ ਇਸ ਸਾਲ 10 ਮਈ ਤੱਕ ਪਿਛਲੇ ਸਾਲ ਦੀ 10 ਮਈ ਦੇ ਮੁਕਾਬਲੇ 105528 ਮੀਟ੍ਰਿਕ ਟਨ ਕਣਕ ਵੱਧ ਖਰੀਦੀ ਗਈ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਬੀਤੀ ਸ਼ਾਮ ਤੱਕ ਖਰੀਦ ਏਜੰਸੀ ਪਨਗਰੇਨ ਵੱਲੋਂ 170876 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਇਸੇ ਤਰਾਂ ਸਰਕਾਰੀ ਖਰੀਦ ਏਜੰਸੀ ਮਾਰਕਫੈਡ ਨੇ 150337 ਮੀਟ੍ਰਿਕ ਟਨ, ਪਨਸਪ ਵੱਲੋਂ 150897 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ ਵੱਲੋਂ 139661 ਮੀਟ੍ਰਿਕ ਟਨ ਅਤੇ ਐੱਫ.ਸੀ.ਆਈ ਵੱਲੋਂ 20193 ਮੀਟ੍ਰਿਕ ਟਨ ਕਣਕ ਦੀ ਫਸਲ ਖਰੀਦੀ ਗਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਖਰੀਦੀ ਗਈ ਕਣਕ ਦੀ ਲਿਫਟਿੰਗ ਕਰਕੇ ਗੁਦਾਮਾਂ ਵਿੱਚ ਪਹੁੰਚਾਇਆ ਜਾਵੇ ਜਿਸ ਤਹਿਤ ਲਿਫਟਿੰਗ ਦੇ ਕੰਮ ਵਿੱਚ ਵੀ ਤੇਜ਼ੀ ਆਈ ਹੈ। ਉਨ੍ਹਾ ਦੱਸਿਆ ਕਿ ਬੀਤੀ ਸ਼ਾਮ ਤੱਕ 474904 ਮੀਟ੍ਰਿਕ ਟਨ ਕਣਕ ਜੋ 75 ਫੀਸਦੀ ਤੋਂ ਵੱਧ ਬਣਦੀ ਹੈ ਦੀ ਲਿਫਟਿੰਗ ਕਰ ਲਈ ਗਈ ਹੈ। ਉਨ੍ਹਾ ਕਿਹਾ ਕਿ ਬਹੁਤ ਜਲਦੀ ਹੀ ਲਿਫਟਿੰਗ ਦਾ ਕੰਮ ਵੀ ਮੁਕੰਮਲ ਕਰ ਲਿਆ ਜਾਵੇਗਾ।

# ਆੜ੍ਹਤੀ ਐਸੋਸੀਏਸ਼ਨ ਵੱਲੋਂ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ



**ਤਰਨ ਤਾਰਨ ( ਪ੍ਰਿਤਪਾਲ ਸਿੰਘ)**-ਕਸਬਾ ਖੇਮਕਰਨ ਦੀਆਂ ਮੰਡੀਆਂ ਰੱਤੋਕੇ ਬੁਰੇ ਆਦਿ ਵਿਚੋਂ ਕਣਕ ਦੀ ਲਿਫਟਿੰਗ ਨਾ ਹੋਣ ਬਾਰੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਤਰਨ ਤਾਰਨ ਨੂੰ ਵਫਦ ਮਿਲਿਆ ਜਿਸ ਦੀ ਅਗਵਾਈ ਆੜ੍ਹਤੀ ਐਸੋਸੀਏਸ਼ਨ ਖੇਮਕਰਨ ਦੇ ਪ੍ਰਧਾਨ ਹਰਭਜਨ ਸਿੰਘ ਅਤੇ ਕੁਲਬੀਰ ਸਿੰਘ ਨੇ ਕੀਤੀ । ਉਨ੍ਹਾਂ ਕਿਹਾ ਕਿ ਲੱਖਾਂ ਦੀ ਗਿਣਤੀ ਵਿੱਚ ਬੋਰੀਆਂ ਪਈਆਂ ਹਨ ਪਰ ਅਜੇ ਤੱਕ ਚੁੱਕੀਆਂ ਨਹੀਂ ਜਾ ਰਹੀਆਂ । ਇਨ੍ਹਾਂ ਆਗੂਆਂ ਨੇ ਦੋਸ਼ ਲਾਇਆ ਕਿ ਹਾਕਮ ਧਿਰ ਦੇ ਖਾਸ ਬੰਦਿਆਂ ਤੇ ਆਪਣੇ ਨਾਂਅ 'ਤੇ ਟੈਂਡਰ ਲਏ ਹਨ ਪਰ ਉਨ੍ਹਾਂ ਕੋਲ ਗੱਡੀਆਂ ਦਾ ਕੋਈ ਪ੍ਰਬੰਧ ਨਹੀ ਹੈ। ਇਨ੍ਹਾਂ ਆਗੂਆਂ ਨੇ ਮੰਗ ਕੀਤੀ ਕਿ ਛੇਤੀ ਤੋਂ ਛੇਤੀ ਪ੍ਰਬੰਧ ਕਰਕੇ ਬੋਰੀਆਂ ਚੁਕਾਈਆਂ ਜਾਣ। ਇਨ੍ਹਾਂ ਆਗੂਆਂ ਨੇ ਕਿਹਾ ਕਿ ਜੇਕਰ ਸਾਡੀਆਂ ਮੰਗਾ ਵੱਲ ਧਿਆਨ ਨਾ ਦਿੱਤਾ ਤਾ 15 ਮਈ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤਰਨ ਤਾਰਨ ਦੇ ਦਫਤਰ ਅੱਗੇ ਜਨਤਕ ਜਥੇਬੰਦੀਆਂ ਨੂੰ ਨਾਲ ਲੈ ਕੇ ਧਰਨਾ ਦਿੱਤਾ ਜਾਵੇਗਾ । ਇਸ ਮੌਕੇ ਅਮਨ ਕੁਮਾਰ ਉਪਲ, ਮਨੀਸ਼ ਕੁਮਾਰ, ਅਸ਼ਵਨੀ ਕੁਮਾਰ, ਪਰਦੀਪ ਕੁਮਾਰ, ਸੁਰਿੰਦਰ ਕੁਮਾਰ, ਰਾਜਨ, ਵਰਿੰਦਰ ਕੁਮਾਰ, ਹੰਸ ਰਾਜ ਕਪੂਰ, ਗੁਲਾਬ ਸਿੰਘ, ਅਸ਼ਵਨੀ ਸਹਿਗਲ, ਅਮਿਤ, ਵਿਜੇ ਆਦਿ ਹਾਜ਼ਰ ਸਨ।

# ਨਸ਼ੇ ਦਾ ਸ਼ਿਕਾਰ ਨੌਜਵਾਨ ਬੇਹੋਸ਼ੀ ਦੀ ਹਾਲਤ 'ਚ ਮਿਲਿਆ



**ਪੱਟੀ (ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ)** - ਕਸਬਾ ਹਰੀਕੇ ਦੇ ਮੈਡੀਕਲ ਅਫਸਰ ਡਾ. ਬੇਅੰਤ ਸਿੰਘ ਅਤੇ ਸਮੂਹ ਸਟਾਫ ਦੇ ਯਤਨਾਂ ਸਦਕਾ ਨੌਜਵਾਨ ਨੂੰ ਜੀਵਨ ਦਾਨ ਮਿਲਿਆ ਜੋ ਕਿ ਤੜਕਸਾਰ ਹੀ ਹਸਪਤਾਲ ਦੀ ਹਦੂਦ ਅੰਦਰ ਕਥਿਤ ਨਸ਼ੇ ਦਾ ਟੀਕਾ ਲਗਾ ਦੇ ਬੇਹੋਸ਼ ਪਿਆ ਸੀ। ਕਿਰਤੋਵਾਲ ਦੇ ਦਲਿਤ ਪਰਵਾਰ ਨਾਲ ਸੰਬੰਧਤ ਨੌਜਵਾਨ ਨੇ ਬੇਹੋਸ਼ੀ ਦੇ ਆਲਮ ਵਿੱਚ ਜਿਥੇ ਹੈਰੋਇਨ ਦਾ ਟੀਕਾ ਲਗਾਉਣ ਦੀ ਗੱਲ ਡਾਕਟਰਾਂ ਦੀ ਟੀਮ ਸਾਹਮਣੇ ਰੱਖੀ ਉਥੇ ਹੀ ਨਸ਼ਾ ਵੇਚਣ ਵਾਲੇ ਹਰੀਕੇ ਦੇ ਨਾਮੀ ਤਸਕਰਾਂ ਬਾਰੇ ਅਹਿਮ ਇੰਕਸ਼ਾਫ ਵੀ ਕੀਤੇ। ਜਾਣਕਾਰੀ ਦਿੰਦਿਆਂ ਡਾ. ਬੇਅੰਤ ਸਿੰਘ ਨੇ ਦੱਸਿਆ ਕਿ ਹਸਪਤਾਲ ਦੀ ਚਾਰਦੁਆਰੀ ਨਾਲ ਅਣਪਛਾਤੇ ਨੌਜਵਾਨ ਬੇਹੋਸ਼ੀ ਦੀ ਹਾਲਤ ਵਿੱਚ ਮਿਲਿਆ ਜਿਸ ਨੂੰ ਸਟਾਫ ਦੀ ਮਦਦ ਨਾਲ ਦਾਖਲ ਕਰਕੇ ਮੁਢਲੀ ਸਹਾਇਤਾ ਦਿੱਤੀ। ਉਨ੍ਹਾਂ ਕਿਹਾ ਕਿ ਪੀੜਤ ਨੇ ਆਪਣਾ ਨਾਂਅ ਸੁਖਬੀਰ ਸਿੰਘ ਪੁੱਤਰ ਨਿਰਵੈਰ ਸਿੰਘ ਵਾਸੀ ਕਿਰਤੋਵਾਲ ਦੱਸਿਆ, ਜਿਸ ਦੇ ਵਾਰਸਾਂ ਨੂੰ ਇਤਲਾਹ ਵੀ ਦਿੱਤੀ ਗਈ। ਖਬਰ ਲਿਖੇ ਜਾਣ ਤੱਕ ਨੌਜਵਾਨ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਹਸਪਤਾਲ ਸਟਾਫ ਨੇ ਥਾਣਾ ਹਰੀਕੇ ਵਿਖੇ 9:14 'ਤੇ ਕਾਲ ਕਰਕੇ ਬੇਹੋਸ਼ ਨੌਜਵਾਨ ਬਾਰੇ ਦੱਸਿਆ ਜਿਸ ਤੇ ਉਨ੍ਹਾਂ ਨਸ਼ਾ ਕਰਨ ਦਾ ਸ਼ੰਕਾ ਜਤਾਇਆ। ਲਿਖਤੀ ਦਰਖਾਸਤ ਦੇਣ ਮਗਰੋਂ ਨਿੱਜੀ ਤੌਰ 'ਤੇ ਥਾਣਾ ਮੁਖੀ ਸੁਨੀਤਾ ਰਾਣੀ ਨਾਲ ਗੱਲ ਕੀਤੀ। ਉਪਰੰਤ ਡੀ ਐਸ ਪੀ ਪੱਟੀ ਨਾਲ ਗੱਲ ਕੀਤੀ। ਉਨ੍ਹਾ ਫਿਲੌਰ ਹੋਣ ਦੀ ਗੱਲ ਕੀਤੀ। ਇਸ ਤੋਂ ਬਾਅਦ ਮਾਮਲਾ ਐਸ ਪੀ ਹੈੱਡਕੁਆਰਟਰ ਮਨਿੰਦਰ ਸਿੰਘ ਦੇ ਧਿਆਨ ਵਿੱਚ ਲਿਆਂਦਾ ਤਾਂ ਉਨ੍ਹਾ ਵੀ ਛੁੱਟੀ 'ਤੇ ਹੋਣ ਦੀ ਗੱਲ ਕਹੀ। ਜਦੋਂ ਕਿ ਡਾਕਟਰਾਂ ਨੇ ਐਸ ਐਸ ਪੀ ਤਰਨ ਤਾਰਨ ਨਾਲ ਸੰਪਰਕ ਕਰਨਾ ਚਾਹਿਆ ਤਾਂ ਰਸੀਵਰ ਨੇ ਕੰਟਰੋਲ ਰੂਮ 'ਤੇ ਗੱਲ ਕਰਨ ਦੀ ਤਾਕੀਦ ਕਰਦਿਆਂ ਫੋਨ ਕੱਟ ਦਿੱਤਾ। ਜਦੋਂਕਿ ਕੰਟਰੋਲ ਰੂਮ 'ਤੇ ਤਾਇਨਾਤ ਕਰਮਚਾਰੀਆਂ ਨੇ ਥਾਣਾ ਮੁਖੀ ਦਾ ਨੰਬਰ ਦੇ ਦਿੱਤਾ। ਇਸ ਸਾਇਕਲ ਵਿੱਚ 4 ਘੰਟੇ ਲੰਘਣ ਉਪਰੰਤ ਸਹਾਇਕ ਥਾਣੇਦਾਰ ਨੇ ਹਸਪਤਾਲ ਦਸਤਕ ਦਿੱਤੀ। ਡਿਊਟੀ ਅਫਸਰ ਪਲਵਿੰਦਰ ਸਿੰਘ ਨੇ ਦੱਸਿਆ ਕਿ ਪੀੜਤ ਕੋਈ ਜਾਣਕਾਰੀ ਦੇਣ ਤੋਂ ਅਸਮਰੱਥ ਹੈ। ਪੂਰੀ ਤੌਰ 'ਤੇ ਹੋਸ਼ 'ਚ ਆਉਣ ਮਗਰੋਂ ਹੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਸਭਰਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਜਥੇਦਾਰ ਸੁਖਵਿੰਦਰ ਸਿੰਘ ਸਭਰਾ ਦਾ ਕਹਿਣਾ ਹੈ ਕਿ ਪੁਲਸ, ਸਿਆਸਤਦਾਨਾਂ ਅਤੇ ਤਸਕਰਾਂ ਦੇ ਨਾਪਾਕ ਗੱਠਜੋੜ ਨੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਬਜ਼ੁਰਗ ਮਾਪਿਆਂ ਦੇ ਮੋਢਿਆਂ 'ਤੇ ਨੌਜਵਾਨਾਂ ਦੀਆਂ ਅਰਥੀਆਂ ਵੇਖੀਆਂ ਨਹੀਂ ਜਾਂਦੀਆਂ। ਉਨ੍ਹਾ ਕਿਹਾ ਕਿ ਹਰੀਕੇ ਦੀ ਨਸ਼ਾ ਮੰਡੀ ਥਾਣੇ ਤੋਂ ਚੰਦ ਕਦਮਾਂ ਦੀ ਦੂਰੀ 'ਤੇ ਹੋਣ ਦੇ ਬਾਵਜੂਦ ਪੁਲਸ ਮੂਕ ਦਰਸ਼ਕ ਬਣ ਕੇ ਲੋਕਾਂ ਦੀ ਮੌਤ ਦਾ ਤਮਾਸ਼ਾ ਵੇਖ ਰਹੀ ਹੈ।

## ਡਾ. ਮਨਜੀਤ ਸਿੰਘ ਬੱਲ ਨਾਲ ਰਚਾਇਆ ਸਾਹਿਤਕ ਸੰਵਾਦ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਪੰਜਾਬੀ ਲੇਖਕਾਂ ਦੀ ਜਥੇਬੰਦੀ ਜਨਵਾਦੀ ਲੇਖਕ ਸੰਘ ਵੱਲੋਂ ਆਰੰਭੀ "ਲੇਖਕਾਂ ਸੰਗ ਸੰਵਾਦ" ਸਮਾਗਮਾਂ ਦੀ ਲੜੀ ਤਹਿਤ ਅੱਜ ਏਥੇ ਢਲਦੀ ਦੁਪਹਿਰ ਨੂੰ ਪ੍ਰਮੁੱਖ ਸਾਹਿਤਕਾਰ ਡਾ. ਮਨਜੀਤ ਸਿੰਘ ਬੱਲ ਨਾਲ ਸਾਹਿਤਕ ਸੰਵਾਦ ਰਚਾਇਆ ਗਿਆ। ਡਾ. ਬਲ ਦੇ ਗ੍ਰਹਿ ਪਾਮ ਗਾਰਡਨ ਵਿਖੇ ਹੋਏ ਇਸ ਅਦਬੀ ਮਹਿਫਲ ਦਾ ਆਗਾਜ਼ ਗੀਤਕਾਰ ਅਤੇ ਗਾਇਕ ਸਤਨਾਮ ਸੱਤਾ ਜਸਪਾਲ ਦੇ ਧਾਰਮਕ ਗੀਤ "ਸਿਰ ਅੱਗੇ ਕਰਤੇ ਮਾਵਾਂ ਨੇ" ਨਾਲ ਕੀਤਾ। ਸਮਾਗਮ ਦੇ ਕਨਵੀਨਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਅਜਿਹੇ ਗੈਰ ਰਸਮੀ ਸਮਾਗਮ ਲੇਖਕ ਦੇ ਆਪਣੇ ਪਰਵਾਰ ਅਤੇ ਸਾਹਿਤਕ ਪਰਵਾਰ ਦਾ ਆਪਸੀ ਤਾਲਮੇਲ ਬਣਾਉਣ ਲਈ ਸਭ ਤੋਂ ਉੱਤਮ ਵਸੀਲਾ ਹਨ। ਸੰਤਾਲੀ ਦੀ ਮੁਲਕ ਵੰਡ ਵੇਲੇ ਲਹਿੰਦੇ ਪੰਜਾਬ ਰਹਿ ਗਏ ਨੇੜਲੇ ਰਿਸ਼ਤੇਦਾਰਾਂ ਨੂੰ ਪਿਛਲੇ ਦਿਨੀਂ ਮਿਲ ਕੇ ਆਏ ਡਾ. ਬਲ ਨੇ ਕਿਹਾ ਕਿ ਪੌਣੀ ਸਦੀ ਪਹਿਲਾਂ ਵਾਪਰੇ ਇਸ ਉਜਾੜੇ ਦਾ ਸੰਤਾਪ ਅਜੇ ਵੀ ਲੋਕ ਮਨਾਂ ਵਿੱਚ ਜਿਉਂ ਦਾ ਤਿਉਂ ਹੈ। ਪ੍ਰਮੁੱਖ ਨੇਤਰ ਸਰਜਨ ਤੇ ਸਾਹਿਤਕਾਰ ਡਾ. ਬਲਜੀਤ ਢਿੱਲੋਂ ਨੇ ਦੱਸਿਆ ਕਿ ਉਨ੍ਹਾ ਦੇ ਵੱਡੇ ਵਡੇਰੇ ਵੀ ਜਿਹੜੇ ਲਾਇਲਪੁਰ ਵਿਖੇ ਜ਼ਮੀਨ ਜਾਇਦਾਦ ਛੱਡ ਕੇ ਆਏ ਸਨ ਉਹ ਉਮਰ ਭਰ ਜਨਮ ਭੌਏਂ ਵੇਖਣ ਨੂੰ ਤਰਸਦੇ ਰਹੇ। ਨਾਟਕਕਾਰ ਜਗਦੀਸ਼ ਸਚਦੇਵਾ ਅਤੇ ਡਾ. ਮੋਹਨ ਬੇਗੋਵਾਲ ਨੇ ਕਿਹਾ ਕਿ ਸੰਤਾਲੀ ਦੀ ਵੰਡ ਮੁਲਕ ਵੰਡ ਨਹੀਂ ਬਲਕਿ ਪੰਜਾਬੀਆਂ ਦੀ ਵੰਡ ਸੀ।

# ਜੀ ਜੀ ਐੱਸ ਬਾਕਸਿੰਗ ਕਲੱਬ ਬਖਤਪੁਰ ਦੇ ਖਿਡਾਰੀਆਂ ਨੇ ਦਰਜ ਕੀਤੀਆਂ ਸ਼ਾਨਦਾਰ ਜਿੱਤਾਂ




52 ਕਿਲੋ ਭਾਰ ਵਰਗ ਵਿੱਚ ਚਾਂਦੀ ਅਤੇ ਅੰਮ੍ਰਿਤਪੀਤ ਸਿੰਘ ਨੇ 37-40 ਕਿਲੋ ਭਾਰ ਵਰਗ ਵਿੱਚ ਕਾਂਸੇ ਦਾ ਮੈਡਲ ਪ੍ਰਾਪਤ ਕੀਤਾ। ਜੇਤੂ ਬੱਚਿਆਂ ਦਾ ਸਕੂਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਪ੍ਰਬੰਧਕ ਕਮੇਟੀ ਦੇ ਡਾਇਰੈਕਟਰ ਡਾ. ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਰਣਜੀਤ ਕੌਰ, ਪ੍ਰਿੰਸੀਪਲ ਮੇਜਰ ਸਿੰਘ ਚਾਹਲ ਅਤੇ ਮੈਡਮ ਸੁਖਮੀਤ ਕੌਰ ਨੇ ਮੈਡਲ ਜੇਤੂ ਬੱਚਿਆਂ ਅਤੇ ਕੋਚ ਵਰਿਆਮ ਸਿੰਘ ਤੇ ਨਵਤੇਜ ਸਿੰਘ ਨੂੰ ਮੁਬਾਰਕਬਾਦ ਦਿੱਤੀ ਅਤੇ ਅਗਾਂਹ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੈਡਮ ਕੁਲਦੀਪ ਕੌਰ, ਮੈਡਮ ਰੁਪਿੰਦਰ ਕੌਰ, ਮੈਡਮ ਜਤਿੰਦਰ ਕੌਰ, ਮੈਡਮ ਮਨਪ੍ਰੀਤ ਕੌਰ, ਮੈਡਮ ਸੁਖਵੰਤ ਕੌਰ ਅਤੇ ਮਾਸਟਰ ਅਜਮੇਰ ਸਿੰਘ ਆਦਿ ਹਾਜ਼ਰ ਸਨ।

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਚੱਲ ਰਹੇ ਜੀ ਜੀ ਐੱਸ ਬਾਕਸਿੰਗ ਕਲੱਬ ਦੇ ਖਿਡਾਰੀਆਂ ਨੇ ਸੂਬਾ ਪੱਧਰੀ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਸੋਨੇ, ਚਾਂਦੀ ਅਤੇ ਕਾਂਸੇ ਦੇ ਤਗਮੇ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ, ਸਕੂਲ ਅਤੇ ਕਲੱਬ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਬਾਬਤ ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਬਾਕਸਿੰਗ ਕਲੱਬ ਪੰਜਾਬ ਵੱਲੋਂ ਪਬਲਿਕ ਕਾਲਜ ਸਮਾਣਾ (ਪਟਿਆਲਾ) ਵਿਖੇ ਲੜਕਿਆਂ ਅਤੇ ਗਾਡਵਿਨ ਸੀਨੀਅਰ ਸਕੈਂਡਰੀ ਸਕੂਲ ਘੱਲੂ ਵਿਖੇ ਲੜਕੀਆਂ ਦੀ ਸਬ-ਜੂਨੀਅਰ ਚੈਂਪੀਅਨਸ਼ਿਪ ਕਰਵਾਈ ਗਈ। ਇਨ੍ਹਾਂ ਮੁਕਾਬਲਿਆਂ ਦੌਰਾਨ 48-50 ਕਿਲੋ ਭਾਰ ਵਰਗ ਵਿੱਚ ਕਲੱਬ ਦੀ ਖਿਡਾਰਨ ਤਾਨੀਆਂ ਨੇ ਗੋਲਡ ਮੈਡਲ ਅਤੇ ਸੁਕਲੀਨ ਕੌਰ ਨੇ ਕਾਂਸੇ ਦਾ ਮੈਡਲ ਪ੍ਰਾਪਤ ਕੀਤਾ।

ਲੜਕਿਆਂ ਵਿੱਚੋਂ ਨਵਜੋਤ ਸਿੰਘ ਨੇ 49-

## ਜ਼ਿਲ੍ਹਾ ਪਠਾਨਕੋਟ 'ਚ ਵਰਕਰਜ਼ ਵੈੱਲਫੇਅਰ ਬੋਰਡ ਅਧੀਨ 19264 ਲਾਭਪਾਤਰੀ ਲੈ ਰਹੇ ਨੇ ਲਾਭ

**ਪਠਾਨਕੋਟ: (ਦਵਿੰਦਰ ਸਿੰਘ )**- ਸੂਬਾ ਸਰਕਾਰ ਵੱਲੋਂ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰੱਕਸ਼ਨ ਵਰਕਰਜ਼ ਵੈਲਫੇਅਰ ਬੋਰਡ ਰਾਹੀਂ ਵੱਖ-ਵੱਖ ਕਿਰਤ ਭਲਾਈ ਸਕੀਮਾਂ ਤਹਿਤ ਰਜਿਸਟਰਡ 33378 ਉਸਾਰੀ ਕਿਰਤੀਆਂ ਨੂੰ ਵੱਖ ਵੱਖ ਉਸਾਰੀ ਕਿਰਤੀ ਭਲਾਈ ਸਕੀਮਾਂ ਅਧੀਨ 34.4 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਅਤੇ ਜ਼ਿਲ੍ਹਾ ਪਠਾਨਕੋਟ ਵਿੱਚ ਵੀ ਕਰੀਬ 19264 ਉਸਾਰੀ ਕਾਮੇ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਅਧੀਨ ਵੱਖ ਵੱਖ ਯੋਜਨਾਵਾਂ ਦਾ ਲਾਭ ਪ੍ਰਾਪਤ ਕਰ ਰਹੇ ਹਨ। ਇਹ ਪ੍ਰਗਟਾਵਾ ਸੰਤੋਖ ਸਿੰਘ ਸਹਾਇਕ ਕਿਰਤ ਕਮਿਸ਼ਨਰ ਪਠਾਨਕੋਟ ਅਤੇ ਮਨੋਜ ਕੁਮਾਰ ਲੇਬਰ ਇਨਫੋਰਸਮੈਂਟ ਅਫਸਰ ਪਠਾਨਕੋਟ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਕੀਤਾ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਪਹਿਲਾਂ ਹੀ ਗੈਰ-ਹੁਨਰਮੰਦ ਕਾਮਿਆਂ ਦੀ ਘੱਟੋ-ਘੱਟ ਉਜਰਤਾਂ 10354 ਰੁਪਏ ਕੀਤੀਆਂ ਗਈਆਂ ਹਨ, ਜਦਕਿ ਅਰਧ ਹੁਨਰਮੰਦਾਂ ਦੀ ਘੱਟੋ-ਘੱਟ ਉਜਰਤਾਂ 11134 ਰੁਪਏ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਹੁਨਰਮੰਦ ਕਾਮਿਆਂ ਦੀ ਉਜਰਤਾਂ 12031 ਰੁਪਏ ਅਤੇ ਉੱਚ ਹੁਨਰਮੰਦ ਕਾਮਿਆਂ ਦੀਆਂ ਉਜਰਤਾਂ 13063 ਰੁਪਏ 1 ਮਾਰਚ 2023 ਤੋਂ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਉਸਾਰੀ ਕਿਰਤੀਆਂ ਦੀ ਸੁਵਿਧਾ ਲਈ ਮੋਬਾਇਲ ਐਪ "ਪੰਜਾਬ ਕਿਰਤੀ ਸਹਾਇਕ" ਲਾਂਚ ਕੀਤੀ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਮੋਬਾਇਲ ਐਪ ਨਾਲ ਉਸਾਰੀ ਕਿਰਤੀ ਆਪਣੇ ਮੋਬਾਇਲ ਤੋਂ ਖੁਦ ਹੀ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਲਾਭ ਲੈਣ ਲਈ ਰਜਿਸਟ੍ਰੇਸ਼ਨ ਕਰ ਸਕਦਾ ਹੈ, ਜਿਸ ਨਾਲ ਉਸ ਨੂੰ ਆਪਣੀ ਦਿਹਾੜੀ ਦਾ ਨੁਕਸਾਨ ਕਰਕੇ ਸੁਵਿਧਾ ਕੇਂਦਰਾ ਵਿੱਚ ਜਾ ਕੇ ਰਜਿਸਟਰ ਕਰਵਾਉਣ ਦੀ ਵੀ ਲੋੜ ਨਹੀਂ ਪਵੇਗੀ। ਉਨ੍ਹਾਂ ਜ਼ਿਲ੍ਹਾ ਪਠਾਨਕੋਟ ਦੇ ਉਸਾਰੀ ਕਿਰਤੀਆਂ ਨੂੰ ਅਪੀਲ ਕੀਤੀ ਹੈ ਕਿ ਉਹ "ਪੰਜਾਬ ਕਿਰਤੀ ਸਹਾਇਕ" ਰਾਹੀਂ ਖੁਦ ਨੂੰ ਰਜਿਸਟਰਡ ਕਰਨ ਅਤੇ ਸੂਬਾ ਸਰਕਾਰ ਦੀਆਂ ਉਸਾਰੀ ਕਿਰਤੀ ਭਲਾਈ ਸਕੀਮਾਂ ਦੇ ਲਾਭਪਾਰਤੀ ਬਣਨ।

## ਬੇਰੁਜ਼ਗਾਰ ਉਪਵੈਦ ਯੂਨੀਅਨ 14 ਨੂੰ ਮੀਤ ਹੇਅਰ ਦੀ ਕੋਠੀ ਦਾ ਕਰੇਗੀ ਘਿਰਾਓ: ਟੇਕ ਸਿੰਘ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਬੇਰੁਜ਼ਗਾਰ ਉਪਵੈਦ ਯੂਨੀਅਨ ਦੇ ਜ਼ਿਲ੍ਹਾ ਗੁਰਦਾਸਪੁਰ ਪ੍ਰਧਾਨ ਟੇਕ ਸਿੰਘ ਧਾਰੀਵਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਲੰਧਰ ਜ਼ਿਮਨੀ ਚੋਣ ਦੇ ਦੌਰਾਨ ਬੇਰੁਜ਼ਗਾਰ ਸਾਂਝੇ ਮੋਰਚੇ ਵੱਲੋਂ 7 ਮਈ ਨੂੰ ਆਮ ਆਦਮੀ ਪਾਰਟੀ ਦੇ ਖਿਲਾਫ ਰੋਸ ਪ੍ਰਦਰਸ਼ਨ ਕਰਨਾ ਸੀ, ਪਰ ਜਲੰਧਰ ਦੇ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਪੰਜਾਬ ਨਾਲ ਰੋਸ ਪ੍ਰਦਰਸ਼ਨ ਤੋਂ ਪਹਿਲਾਂ ਹੀ ਮੀਟਿੰਗ ਤੈਅ ਕਰ ਦਿੱਤੀ ਗਈ। ਪਰ ਮੁੱਖ ਮੰਤਰੀ ਦੇ ਅਧਾਰ 'ਤੇ ਇਹ ਮੀਟਿੰਗ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਕੀਤੀ ਗਈ। ਮੀਤ ਹੇਅਰ ਵੱਲੋਂ ਉਪਵੈਦ ਯੂਨੀਅਨ ਪੰਜਾਬ ਨੂੰ ਸਿਹਤ ਮੰਤਰੀ ਨਾਲ ਪੈਨਲ ਮੀਟਿੰਗ ਕਰਾਉਣ ਦਾ ਭਰੋਸਾ ਦਿੱਤਾ ਗਿਆ, ਪਰ ਹਾਲੇ ਤੱਕ ਮੀਟਿੰਗ ਸੰਬੰਧੀ ਕੋਈ ਵੀ ਨੋਟਿਸ ਜਾਰੀ ਨਹੀਂ ਕੀਤਾ ਗਿਆ। ਜਿਸ ਦੇ ਚਲਦਿਆਂ ਉਪਵੈਦ ਯੂਨੀਅਨ ਨੇ ਲਾਰੇਬਾਜ਼ ਮੀਤ ਹੇਅਰ ਦੀ ਕੋਠੀ ਦਾ 14 ਮਈ ਨੂੰ ਘਿਰਾਓ ਕਰਨ ਦਾ ਫੈਸਲਾ ਲਿਆ ਹੈ। ਜੇਕਰ ਮੀਤ ਹੇਅਰ ਵੱਲੋਂ ਦਿੱਤੇ ਭਰੋਸੇ ਅਨੁਸਾਰ ਮੀਟਿੰਗ ਨਹੀਂ ਮਿਲਦੀ ਤਾਂ 14 ਮਈ ਨੂੰ ਬਰਨਾਲਾ ਵਿਖੇ ਮੀਤ ਹੇਅਰ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ।

13-May-PAGE-4.qxd 5/12/2023 10:48 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 13 ਮਈ 2023

# ਭਾਜਪਾ ਤੇਰੇ ਫਿੱਟੇ ਮੂੰਹ

ਕਰਨਾਟਕ ਦੇ ਨਤੀਜੇ ਅੱਜ ਆ ਜਾਣਗੇ। ਪਿਛਲੇ ਬੁੱਧਵਾਰ ਉਥੇ ਵੋਟਾਂ ਪਈਆਂ ਸਨ। ਉਸ ਤੋਂ ਪਹਿਲੀ ਸ਼ਾਮ ਰਾਜ ਦੀ ਕੇ ਆਰ ਪੇਟ ਵਿਧਾਨ ਸਭਾ ਵਿੱਚ ਭਾਜਪਾ ਵਾਲਿਆਂ ਵੱਲੋਂ ਵੋਟਰਾਂ ਨੂੰ ਲੁਭਾਉਣ ਲਈ ਉਨ੍ਹਾਂ ਵਿੱਚ ਸਾੜ੍ਹੀਆਂ ਤੇ ਚਿਕਨ ਵੰਡਿਆ ਗਿਆ ਸੀ।

ਇੰਡੀਅਨ ਐਕਸਪ੍ਰੈੱਸ ਦੀ ਖ਼ਬਰ ਮੁਤਾਬਕ ਅਗਲੀ ਸਵੇਰੇ ਜਦੋਂ ਕਾਂਗਰਸ ਵਾਲਿਆਂ ਨੂੰ ਇਸ ਦਾ ਪਤਾ ਲੱਗਿਆ ਤਾਂ ਉਨ੍ਹਾਂ ਲੋਕਾਂ ਨੂੰ ਇਹ ਤੋਹ.ਫੇ ਵਾਪਸ ਕਰਨ ਲਈ ਪ੍ਰੇਰ ਲਿਆ। ਅਖ਼ਬਾਰ ਮੁਤਾਬਕ ਵੋਟਰਾਂ ਨੇ ਭਾਜਪਾ ਆਗੂ ਦੇ ਘਰ ਅੱਗੇ ਸਾੜ੍ਹੀਆਂ ਤੇ ਚਿਕਨ ਦਾ ਢੇਰ ਲਾ ਦਿੱਤਾ ਤੇ ਨਾਲ ਹੀ ਭਾਜਪਾ ਵਿਰੁੱਧ ਫਿੱਟੇ ਮੂੰਹ ਦੇ ਨਾਅਰੇ ਵੀ ਲਾਏ। ਇਸ ਸਾਰੀ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਹੈ।

ਅਖ਼ਬਾਰ ਮੁਤਾਬਕ ਇੱਕ ਵੋਟਰ ਨੇ ਦੱਸਿਆ ਕਿ ਭਾਜਪਾ ਵਾਲੇ ਵੋਟ ਦੇਣ ਬਦਲੇ ਸਾੜ੍ਹੀਆਂ ਤੇ ਚਿਕਨ ਵੰਡਣ ਲਈ ਆਦਿਵਾਸੀ ਬਹੁਗਿਣਤੀ ਵਾਲੇ ਪਿੰਡ ਗੰਜਗੋਰੇ ਆਏ ਸਨ। ਜਦੋਂ ਲੋਕਾਂ ਨੇ ਇਹ ਲੈਣ ਤੋਂ ਇਨਕਾਰ ਕਰ ਦਿੱਤਾ ਤਾਂ ਉਹ ਇਹ ਸਾਮਾਨ ਉਨ੍ਹਾਂ ਦੇ ਬੂਹਿਆਂ ਅੱਗੇ ਰੱਖ ਆਏ। ਇੱਕ ਪੇਂਡੂ ਨੇ ਦੱਸਿਆ ਕਿ ਕੁਝ ਲੋਕਾਂ ਨੇ ਇਹ ਤੋਹ.ਫੇ ਸਵੀਕਾਰ ਕਰ ਲਏ ਸਨ, ਪਰ ਜਦੋਂ ਅਗਲੀ ਸਵੇਰ ਸਥਾਨਕ ਕਾਂਗਰਸੀ ਆਗੂ ਉਨ੍ਹਾਂ ਕੋਲ ਆਇਆ ਤਾਂ ਉਨ੍ਹਾਂ ਇਹ ਤੋਹ.ਫੇ ਵਾਪਸ ਕਰਨ ਦਾ .ਫੈਸਲਾ ਕਰ ਲਿਆ। ਇਹ ਪਿੰਡ ਭਾਜਪਾ ਦੇ ਵੱਡੇ ਆਗੂ ਤੇ ਸਾਬਕਾ ਮੁੱਖ ਮੰਤਰੀ ਯੇਦੂਰੱਪਾ ਦਾ ਜਨਮ ਸਥਾਨ ਹੈ।

ਪਿੰਡ ਦੇ ਵਕੀਲ ਲੋਕੇਸ਼ ਜੀਜੇ ਨੇ ਅਖ਼ਬਾਰ ਨੂੰ ਦੱਸਿਆ ਕਿ ਰਾਤ ਕਰੀਬ ਦੋ ਵਜੇ ਭਾਜਪਾ ਉਮੀਦਵਾਰ ਨਰਾਇਣ ਗੌੜਾ ਦੇ ਸਮੱਰਥਕ ਪਿੰਡ ਆਏ ਸਨ। ਉਨ੍ਹਾਂ ਵੋਟਰਾਂ ਨੂੰ ਲੁਭਾਉਣ ਲਈ ਚਿਕਨ, ਸਾੜ੍ਹੀਆਂ ਤੇ ਪੈਸੇ ਵੰਡਣ ਦੀ ਕੋਸ਼ਿਸ਼ ਕੀਤੀ, ਪਰ ਪਿੰਡ ਵਾਲਿਆਂ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਉਹੀ ਵਿਅਕਤੀ ਫਿਰ ਸਵੇਰੇ 3-4 ਵਜੇ ਦੇ ਕਰੀਬ ਆਏ ਤੇ ਸਾਮਾਨ ਲੋਕਾਂ ਦੇ ਘਰਾਂ ਦੇ ਬਾਹਰ ਰੱਖ ਕੇ ਚਲੇ ਗਏ। ਪਿੰਡ ਵਾਸੀਆਂ ਨੇ ਗੁੱਸੇ ਵਿੱਚ ਇਹ ਸਾਮਾਨ ਚੁੱਕ ਕੇ ਭਾਜਪਾ ਆਗੂ ਦੇ ਘਰ ਅੱਗੇ ਰੱਖ ਦਿੱਤਾ ਤੇ ਕੁਝ ਨੇ ਨਾਲ ਵਗਦੀ ਨਦੀ ਵਿੱਚ ਸੁੱਟ ਦਿੱਤਾ। ਇਸ ਘਟਨਾ ਤੋਂ ਸਾ.ਫ ਹੈ ਕਿ ਭਾਜਪਾ ਨੇ ਕਰਨਾਟਕ ਜਿੱਤਣ ਲਈ ਪੈਸੇ ਦੀ ਅੰਨ੍ਹੀ ਵਰਤੋਂ ਕੀਤੀ ਸੀ।

## ਠਾਕੁਰਾਂ ਦਾ ਜਾਤੀ ਘੁਮੰਡ

ਠਾਕੁਰ ਜਾਤ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਸੱਤਾ ਸੰਭਾਲਣ ਤੋਂ ਬਾਅਦ ਯੂ ਪੀ ਅੰਦਰ ਦਲਿਤ ਜਾਤੀਆਂ ਉੱਤੇ ਜਬਰ ਦਾ ਕੁਹਾੜਾ ਤੇਜ਼ੀ ਨਾਲ ਚੱਲਣਾ ਸ਼ੁਰੂ ਹੋ ਗਿਆ ਸੀ। ਪਿਛਲੇ ਦਿਨੀਂ ਆਗਰਾ ਦੇ ਮੁਹੱਲੇ ਸੁਹੱਲਾ ਜਾਟਵ ਬਸਤੀ ਵਿੱਚ ਇੱਕ 24 ਸਾਲਾ ਦਲਿਤ ਲਾੜੇ ਦੀ ਘੋੜੀ ਚੜ੍ਹਨ ਕਾਰਨ ਉੱਚੀ ਜਾਤ ਦੇ ਲੋਕਾਂ ਨੇ ਕੁੱਟਮਾਰ ਕੀਤੀ ਤੇ ਘੋੜੀ ਤੋਂ ਉਤਰਨ ਲਈ ਮਜਬੂਰ ਕਰ ਦਿੱਤਾ।

ਲਾੜੇ ਦੀ ਸੱਸ ਗੀਤਾ ਜਾਟਵ ਨੇ ਆਗਰੇ ਦੇ ਸਦਰ ਬਜ਼ਾਰ ਥਾਣੇ ਵਿੱਚ ਦਰਜ ਕਰਾਈ ਰਿਪੋਰਟ ਵਿੱਚ ਕਿਹਾ ਹੈ ਕਿ ਉਸ ਦੀ ਬੇਟੀ ਦੀ ਬਰਾਤ ਜਦੋਂ ਮੁਹੱਲੇ ਵਿੱਚੋਂ ਗੁਜ਼ਰ ਰਹੀ ਸੀ ਤਾਂ ਉੱਚ ਜਾਤੀ ਦੇ 20-25 ਲੱਠਮਾਰਾਂ ਨੇ ਲਾੜੇ ਨੂੰ ਘੋੜੀ ਤੋਂ ਉਤਰਨ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਸਾਡੇ ਪਿੰਡ ਵਿੱਚ ਦਲਿਤ ਘੋੜੀ ਨਹੀਂ ਚੜ੍ਹਦੇ, ਤੁਹਾਡੀ ਹਿੰਮਤ ਕਿਵੇਂ ਹੋਈ? ਗੀਤਾ ਨੇ ਅੱਗੇ ਕਿਹਾ ਕਿ ਜਦੋਂ ਬਸਤੀ ਦੇ ਦਲਿਤ ਲੋਕ ਝਗੜਾ ਨਿਪਟਾਉਣ ਆਏ ਤਾਂ ਲੱਠਮਾਰਾਂ ਨੇ ਉਨ੍ਹਾਂ ਨੂੰ ਕੁੱਟ ਕੇ ਭਜਾ ਦਿੱਤਾ ਤੇ ਔਰਤਾਂ ਨਾਲ ਛੇੜਛਾੜ ਵੀ ਕੀਤੀ।

ਗੀਤਾ ਦੀ ਸ਼ਿਕਾਇਤ 'ਤੇ ਪੁਲਸ ਨੇ ਯੋਗੇਸ਼ ਠਾਕੁਰ, ਸੋਨੂੰ ਠਾਕੁਰ ਰਾਹੁਲ, ਕੁਨਾਲ ਤੇ ਸ਼ਿਸ਼ੂਪਾਲ ਸਣੇ 20 ਅਗਿਆਤ ਵਿਅਕਤੀਆਂ ਵਿਰੁੱਧ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਐਕਟ ਅਧੀਨ ਵੱਖ-ਵੱਖ ਧਾਰਾਵਾਂ ਲਾ ਕੇ ਮੁਕੱਦਮਾ ਦਰਜ ਕਰ ਲਿਆ ਹੈ। ਹਾਲਾਂਕਿ ਪੁਲਸ ਮੁਤਾਬਕ ਕਿਸੇ ਨੂੰ ਵੀ ਗ੍ਰਿ.ਫਤਾਰ ਨਹੀਂ ਕੀਤਾ ਗਿਆ। ਸ਼ਾਇਦ ਗ੍ਰਿ.ਫਤਾਰੀਆਂ ਹੋਣ ਵੀ ਨਾ, ਕਿਉਂਕਿ 'ਸਈਆਂ ਭਏ ਕੋਤਵਾਲ, ਡਰ ਕਾਹੇ ਕਾ।'

# ਆਨਲਾਈਨ ਠੱਗੀ ਤੋਂ ਬਚਣ ਲਈ ਇੱਕੋ ਤਰੀਕਾ ਹੈ ਸਾਵਧਾਨੀ

ਪਰਮਜੀਤ ਸਿੰਘ ਧੰਜੂ



ਇੰਟਰਨੈੱਟ ਦੇ ਆਉਣ ਨਾਲ ਜਿੱਥੇ ਲੋਕਾਂ ਦੇ ਕੰਮ ਆਸਾਨ ਹੋ ਗਏ ਹਨ ਅਤੇ ਆਪਸ ਵਿਚ ਦੂਰੀਆਂ ਘਟੀਆਂ ਹਨ, ਉਥੇ ਹੀ ਆਨਲਾਈਨ ਧੋਖਾਦੇਹੀ ਦੇ ਮਾਮਲੇ ਵੀ ਹੱਦ ਨਾਲੋਂ ਜ਼ਿਆਦਾ ਵਧ ਗਏ ਹਨ। ਰਿਜ਼ਰਵ ਬੈਂਕ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਵਾਰ-ਵਾਰ ਅਲਰਟ ਜਾਰੀ ਕਰਨ ਦੇ ਬਾਵਜੂਦ ਲੋਕ ਹਰ ਰੋਜ਼ ਆਨਲਾਈਨ ਧੋਖਾਦੇਹੀ ਦਾ ਸ਼ਿਕਾਰ ਹੋ ਰਹੇ ਹਨ। ਧੋਖਾਦੇਹੀ ਕਰਕੇ ਲੋਕਾਂ ਦੇ ਖਾਤਿਆਂ ਵਿੱਚੋਂ ਪੈਸੇ ਟਰਾਂਸਫਰ ਕਰਨ ਦੀ ਗੱਲ ਹੋਵੇ ਜਾਂ ਕਿਸੇ ਦੀ ਡਿਟੇਲ ਲੈ ਕੇ ਪੈਸੇ ਕਢਵਾਉਣ ਲਈ, ਆਨਲਾਈਨ ਧੋਖੇਬਾਜ਼ ਨਿੱਤ ਨਵੇਂ ਫਾਰਮੂਲੇ ਵਰਤ ਰਹੇ ਹਨ। ਇਨ੍ਹਾਂ ਠੱਗਾਂ ਤੋਂ ਬਚਣ ਲਈ ਥੋੜ੍ਹੀ ਜਿਹੀ ਸਾਵਧਾਨੀ ਤੁਹਾਡੀ ਮਿਹਨਤ ਦੀ ਕਮਾਈ ਨੂੰ ਬਚਾ ਸਕਦੀ ਹੈ। ਆਪਣੇ ਪੈਸੇ ਨੂੰ ਬਚਾਉਣ ਲਈ ਚੌਕਸੀ ਜ਼ਰੂਰੀ ਹੈ।

**ਕਿਵੇਂ ਹੋ ਰਹੀ ਹੈ ਧੋਖਾਦੇਹੀ ?**

* ਲੱਕੀ ਡਰਾਅ ਦੇ ਨਾਂਅ 'ਤੇ
* ਬੈਂਕ ਖਾਤੇ ਨੂੰ ਆਧਾਰ ਕਾਰਡ ਨਾਲ ਲਿੰਕ ਕਰਵਾਉਣ ਦੇ ਨਾਂਅ 'ਤੇ
* ਬਿਜਲੀ ਦਾ ਬਿੱਲ ਭਰਨ ਦੇ ਨਾਂਅ 'ਤੇ
* ਬੈਂਕ ਅਧਿਕਾਰੀ ਬਣ ਕੇ ਖਾਤਾ ਅਪਡੇਟ ਕਰਨ ਦੇ ਨਾਂਅ 'ਤੇ
* ਏ.ਟੀ.ਐੱਮ. ਅਤੇ ਕ੍ਰੈਡਿਟ ਕਾਰਡ ਲੈਪਸ ਦੇ ਨਾਂਅ 'ਤੇ

**ਨਿੱਜੀ ਜਾਣਕਾਰੀ ਕਦੇ ਵੀ ਮੋਬਾਇਲ 'ਤੇ ਸ਼ੇਅਰ ਨਾ ਕਰਨ ਦੀ ਸਲਾਹ**

ਇਹ ਧੋਖਾਦੇਹੀ ਦੇ ਉਹ ਤਰੀਕੇ ਹਨ, ਜਿਨ੍ਹਾਂ ਰਾਹੀਂ ਠੱਗਾਂ ਵੱਲੋਂ ਲੋਕਾਂ ਦੇ ਖਾਤਿਆਂ ਤੋਂ ਆਨਲਾਈਨ ਲੱਖਾਂ ਰੁਪਏ ਟਰਾਂਸਫਰ ਕੀਤੇ ਜਾ ਰਹੇ ਹਨ। ਰਿਜ਼ਰਵ ਬੈਂਕ ਵਾਰ-ਵਾਰ ਲੋਕਾਂ ਨੂੰ ਆਪਣੀ ਨਿੱਜੀ ਜਾਣਕਾਰੀ ਕਦੇ ਮੋਬਾਇਲ 'ਤੇ ਸ਼ੇਅਰ ਨਾ ਕਰਨ ਦੀ ਸਲਾਹ ਦਿੰਦਾ ਹੈ, ਫਿਰ ਵੀ ਲੋਕ ਧੋਖਾਧੜੀ ਦਾ ਸ਼ਿਕਾਰ ਹੋ ਰਹੇ ਹਨ। ਸ਼ਾਤਿਰ ਲੋਕ ਇਕ ਤੋਂ ਬਾਅਦ ਇੱਕ ਠੱਗੀ ਮਾਰਨ ਦਾ ਨਵਾਂ ਤਰੀਕਾ ਲੱਭ ਰਹੇ ਹਨ, ਜਿਸ ਲਈ ਲੋਕਾਂ ਨੂੰ ਸੁਚੇਤ ਰਹਿਣਾ ਪਵੇਗਾ, ਕਿਸੇ ਵੀ ਹਾਲਤ ਵਿਚ ਉਨ੍ਹਾਂ ਦੇ ਖਾਤੇ ਦਾ ਓ.ਟੀ. ਪੀ. ਕਿਸੇ ਨਾਲ ਸਾਂਝਾ ਨਾ ਕਰੋ। ਆਪਣੇ ਖਾਤੇ ਦੀ ਜਾਣਕਾਰੀ ਫੋਨ 'ਤੇ ਕਿਸੇ ਨਾਲ ਵੀ ਸਾਂਝੀ ਨਾ ਕਰੋ।

ਪੈਸੇ ਲੈਣ ਲਈ ਕਿਸੇ ਵੀ ਸਮੇਂ ਓ. ਟੀ. ਪੀ. ਦੀ ਕੋਈ ਲੋੜ ਨਹੀਂ

ਤੁਹਾਡੇ ਖਾਤੇ ਵਿਚ ਪੈਸੇ ਪਾਉਣ ਦੇ ਬਹਾਨੇ ਤੁਹਾਡੇ ਤੋਂ ਓ. ਟੀ. ਪੀ. ਲਈ ਕਿਹਾ ਗਿਆ ਹੈ, ਇੱਥੇ ਜ਼ਿਕਰਯੋਗ ਹੈ ਕਿ ਪੈਸੇ ਲੈਣ ਲਈ ਕਿਸੇ ਵੀ ਸਮੇਂ ਓ.ਟੀ.ਪੀ. ਜਦੋਂਕਿ ਲੋੜ ਨਹੀਂ ਹੈ। ਇਹ ਉਸੇ ਸਥਿਤੀ ਵਿਚ ਦੇਣਾ ਪੈਂਦਾ ਹੈ, ਜਦੋਂ ਤੁਹਾਡੇ ਖਾਤੇ ਵਿੱਚੋਂ ਕਿਸੇ ਨੂੰ ਭੁਗਤਾਨ ਕਰਨਾ ਹੁੰਦਾ ਹੈ। ਜੇਕਰ ਕੋਈ ਤੁਹਾਨੂੰ ਪੁੱਛਦਾ ਹੈ ਜੇਕਰ ਤੁਸੀਂ ਮੰਗ ਕਰਦੇ ਹੋ, ਤਾਂ ਇਹ ਤੁਹਾਡੇ ਖਾਤੇ ਤੋਂ ਸਿੱਧੇ ਪੈਸੇ ਟ੍ਰਾਂਸਫਰ ਕਰਨ ਜਾ ਰਿਹਾ ਹੈ, ਇਸ ਲਈ ਤੁਰੰਤ ਆਪਣਾ ਫੋਨ ਬੰਦ ਕਰ ਦਿਓ।

ਅਣਜਾਣ ਵਿਅਕਤੀ ਦੁਆਰਾ ਭੇਜੇ ਗਏ ਮੋਬਾਇਲ 'ਤੇ ਲਿੰਕ ਨੂੰ ਕਦੇ ਵੀ ਨਾ ਖੋਲ੍ਹੋ

ਠੱਗਾਂ ਦਾ ਪੈਸਾ ਟ੍ਰਾਂਸਫਰ ਕਰਨ ਦਾ ਇਹ ਪੁਰਾਣਾ ਤਰੀਕਾ ਹੈ, ਜਿਸ ਵਿਚ ਧੋਖਾਦੇਹੀ ਕਰਨ ਵਾਲਾ ਪਹਿਲਾਂ ਗਾਹਕ ਨੂੰ ਭੇਜਦਾ ਹੈ ਅਤੇ ਜਿਵੇਂ ਹੀ ਉਹ ਵਿਅਕਤੀ ਖੋਲ੍ਹਦਾ ਹੈ, ਉਸ ਦੁਆਰਾ ਬਣਾਇਆ ਗਿਆ ਇਕ ਪੇਜ ਖੁੱਲ੍ਹਦਾ ਹੈ, ਜਿਸ 'ਤੇ ਤੁਸੀਂ ਆਪਣੀ ਜਾਣਕਾਰੀ ਸਾਂਝੀ ਕਰੋ ਅਤੇ ਤੁਹਾਡਾ ਖਾਤਾ ਖਾਲੀ ਹੋ ਜਾਵੇਗਾ। ਇਸ ਲਈ ਅਣਜਾਣ ਵਿਅਕਤੀ ਦੁਆਰਾ ਭੇਜੀ ਗਈ ਐਪ 'ਤੇ ਕਦੇ ਵੀ ਆਪਣੀ ਨਿੱਜੀ ਜਾਣਕਾਰੀ ਜਾਂ ਕਿਸੇ ਬੈਂਕ ਖਾਤੇ ਦੀ ਜਾਣਕਾਰੀ ਸਾਂਝੀ ਨਾ ਕਰੋ।

**ਜਜ਼ਬਾਤਾਂ ਨਾਲ ਖੇਡ ਕੇ ਕੀਤੀ ਜਾਂਦੀ ਹੈ ਆਨਲਾਈਨ ਠੱਗੀ**

ਬਜ਼ੁਰਗ ਵੀ ਅੱਜ-ਕੱਲ੍ਹ ਇੰਟਰਨੈੱਟ ਦੀ ਬਹੁਤ ਜ਼ਿਆਦਾ ਵਰਤੋਂ ਕਰ ਰਹੇ ਹਨ, ਪਰ ਇੰਟਰਨੈੱਟ ਦੀ ਪੂਰੀ ਜਾਣਕਾਰੀ ਨਾ ਹੋਣ ਕਾਰਨ ਇਹ ਲੋਕ ਅਕਸਰ ਠੱਗਾਂ ਦੇ ਸਾਫਟਵੇਅਰ 'ਤੇ ਰਹਿੰਦੇ ਹਨ। ਜਾਅਲਸਾਜ਼ ਨੇ ਭਾਵੁਕ ਕਰ ਆਪਣਾ ਸ਼ਿਕਾਰ ਬਣਾਉਂਦੇ ਹਨ। ਆਨਲਾਈਨ ਧੋਖਾਦੇਹੀ ਪਿੱਛੇ ਟੈਕਨਾਲੋਜੀ ਜ਼ਿੰਮੇਵਾਰ ਨਹੀਂ ਹੈ, ਇਸ ਵਿਚ ਪੀੜਤ ਵੀ ਜ਼ਿੰਮੇਵਾਰ ਹੈ। ਜਦੋਂ ਅਸੀਂ ਕਿਸੇ ਬਾਰੇ ਗੱਲ ਕਰਕੇ ਭਾਵੁਕ ਹੋ ਜਾਂਦੇ ਹਾਂ ਤਾਂ ਉਸ ਸਮੇਂ ਠੱਗਾਂ ਦਾ ਸ਼ਿਕਾਰ ਖਾਣ ਦਾ ਸਮਾਂ ਆ ਜਾਂਦਾ ਹੈ। ਕਈ ਵਾਰ ਦੇਖਿਆ ਗਿਆ ਹੈ ਕਿ ਆਨਲਾਈਨ ਧੋਖਾਧੜੀ ਕਰਨ ਵਾਲੇ ਜਾਂ ਤਾਂ ਭਾਵਨਾਤਮਕ ਬਣਾਉਂਦੇ ਹਨ ਜਾਂ ਉਨ੍ਹਾਂ ਦੇ ਮਨ ਵਿਚ ਡਰ ਪੈਦਾ ਕਰਦੇ ਹਨ ਜਾਂ ਫਿਰ ਕਈ-ਕਈ ਦਿਨ ਗੱਲਾਂ ਕਰਨ ਤੋਂ ਬਾਅਦ ਉਨ੍ਹਾਂ ਦੀਆਂ ਗੱਲਾਂ ਵਿਚ ਫਸ ਕੇ ਅਜਿਹਾ ਭਰੋਸਾ ਜਿੱਤ ਲੈਂਦੇ ਹਨ ਕਿ ਉਨ੍ਹਾਂ ਨੂੰ ਆਪਣੇ ਪੀੜਤ ਦਾ ਬੈਂਕ ਖਾਤਾ ਖਾਲੀ ਕਰਨਾ ਪੈਂਦਾ ਹੈ। ਇਸ ਨੂੰ ਕਰਨ ਲਈ ਸਮਾਂ ਨਹੀਂ ਲੱਗਦਾ।

**ਸਾਵਧਾਨੀ ਹੈ ਸੁਰੱਖਿਆ**

ਆਨਲਾਈਨ ਧੋਖਾਦੇਹੀ ਤੋਂ ਬਚਣ ਲਈ ਹਰ ਵਿਅਕਤੀ ਨੂੰ ਸਾਵਧਾਨ ਰਹਿਣ ਦੀ ਲੋੜ ਹੈ। ਸਾਵਧਾਨੀ ਦੇ ਨਾਲ ਸਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਕੋਈ ਬੈਂਕ, ਟੈਕਸ ਅਥਾਰਟੀ ਜਾਂ ਕਾਰਡ ਪ੍ਰਦਾਤਾ, ਬੇਸ਼ੱਕ ਉਹ ਏ.ਟੀ.ਐੱਮ. ਜਾਂ ਕ੍ਰੈਡਿਟ ਕਾਰਡ, ਫੋਨ 'ਤੇ ਵੇਰਵੇ ਦੇਣ ਜਾਂ ਮੇਲ 'ਤੇ ਕਲਿੱਕ ਕਰਨ ਲਈ ਨਹੀਂ ਕਹਿੰਦਾ। ਜੇਕਰ ਕੋਈ ਤੁਹਾਨੂੰ ਅਜਿਹਾ ਕਰਨ ਲਈ ਕਹਿ ਰਿਹਾ ਹੈ, ਤਾਂ ਇਹ ਸਾਫ-ਸਾਫ ਸਮਝ ਲੈਣਾ ਚਾਹੀਦਾ ਹੈ ਕਿ ਤੁਸੀਂ ਧੋਖਾਧੜੀ ਦਾ ਸ਼ਿਕਾਰ ਹੋਣ ਜਾ ਰਹੇ ਹੋ। ਕੋਈ ਭੁਗਤਾਨ ਕਰਨ ਤੋਂ ਪਹਿਲਾਂ ਉਸ ਦੀ ਭਰੋਸੇਯੋਗਤਾ ਦੀ ਜਾਂਚ ਕਰੋ ਤਾਂ ਜੋ ਤੁਹਾਨੂੰ ਬਾਅਦ ਵਿੱਚ ਪਛਤਾਵਾ ਨਾ ਹੋਵੇ।

**ਧੋਖਾਦੇਹੀ ਦਾ ਸ਼ਿਕਾਰ ਹੋਣ ਤੋਂ ਬਾਅਦ ਕੀ ਕਰਨਾ ਚਾਹੀਦੈ ?**

ਜੇਕਰ ਤੁਸੀਂ ਧੋਖਾਦੇਹੀ ਦਾ ਸ਼ਿਕਾਰ ਹੋ ਗਏ ਹੋ ਤਾਂ ਤੁਰੰਤ ਇਸ ਬਾਰੇ ਆਪਣੇ ਬੈਂਕ ਨੂੰ ਸੂਚਿਤ ਕਰੋ, ਪੁਲਸ ਦੇ ਸਾਈਬਰ ਕ੍ਰਾਈਮ ਸੈੱਲ ਨੂੰ ਸ਼ਿਕਾਇਤ ਕਰੋ। ਬੈਂਕ ਤੁਹਾਡੀ ਮਿਹਨਤ ਦੀ ਕਮਾਈ ਨੂੰ ਬਚਾਉਣ ਦੀ ਕੋਸ਼ਿਸ਼ ਕਰੇਗਾ ਅਤੇ ਜੇਕਰ ਤੁਹਾਡਾ ਪੈਸਾ ਧੋਖੇਬਾਜ਼ ਦੇ ਖਾਤੇ ਵਿਚ ਪਿਆ ਹੈ, ਤਾਂ ਉਹ ਇਸ ਨੂੰ ਕਢਵਾਉਣ ਤੋਂ ਵੀ ਰੋਕ ਸਕਦਾ ਹੈ।

*# ਸੰਪਰਕ : 88725-99601*

# ਦੁੱਧ ਦਾ ਦੁੱਧ, ਪਾਣੀ ਦਾ ਪਾਣੀ



ਅਮਰਜੀਤ ਸਿੰਘ 'ਫੌਜੀ'

ਗੱਲ 1997/98 ਦੀ ਹੋਵੇਗੀ, ਮੇਰੇ ਪਿੰਡ ਦਾ ਇੱਕ ਪ੍ਰਵਾਸੀ ਮਜ਼ਦੂਰ ਛੋਟੇ ਲਾਲ ਜੋ ਸ਼ਾਇਦ ਬਿਹਾਰ ਤੋਂ ਬਹੁਤ ਸਾਲਾਂ ਤੋਂ ਸਾਡੇ ਪਿੰਡ ਮਜ਼ਦੂਰੀ ਕਰਨ ਆਉਂਦਾ ਹੁੰਦਾ ਸੀ। ਇੱਕ ਦਿਨ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ "ਮੈਂਬਰ ਸਾਹਿਬ (ਮੈਂ ਉਸ ਵੇਲੇ ਪੰਚਾਇਤ ਮੈਂਬਰ ਸੀ) ਤੁਸੀਂ ਮੇਰੀ ਮਦਦ ਕਰੋ, ਮੈਂ ਪ੍ਰੇਸ਼ਾਨੀ 'ਚ ਹਾਂ।" ਮੈਂ ਕਿਹਾ, ਛੋਟੇ ਲਾਲ ਦੱਸ ਕੀ ਪ੍ਰੇਸ਼ਾਨੀ ਹੈ? " ਤਾਂ ਉਸ ਨੇ ਕਿਹਾ ਕਿ ਮੈਂ ਬਿਹਾਰ ਦਾ ਰਹਿਣ ਵਾਲਾ ਹਾਂ ਅਤੇ ਮੈਂ ਆਪਣੀ ਬੇਟੀ ਦੀ ਸ਼ਾਦੀ ਕਈ ਸਾਲ ਪਹਿਲਾਂ ਕੀਤੀ ਸੀ ਅਤੇ ਮੇਰੀ ਬੇਟੀ ਦੇ ਦੋ ਬੱਚੇ ਵੀ ਹੋ ਗਏ ਹੁਣ ਕਈ ਸਾਲ ਤੋਂ ਮੇਰਾ ਜਵਾਈ ਮੇਰੀ ਬੇਟੀ ਕੋਲ ਪਿੰਡ ਨਹੀਂ ਜਾ ਰਿਹਾ ਅਤੇ ਨਾ ਹੀ ਕੋਈ ਖਰਚਾ ਵਗੈਰਾ ਭੇਜਦਾ ਹੈ। ਮੇਰੀ ਬੇਟੀ ਅਤੇ ਬੱਚੇ ਪ੍ਰੇਸ਼ਾਨ ਹਨ ਅਤੇ ਉਨ੍ਹਾਂ ਦਾ ਖਰਚਾ ਵੀ ਮੈਨੂੰ ਚੁੱਕਣਾ ਪੈਂਦਾ ਹੈ ਅਤੇ ਮੈਂ ਵੀ ਉਸ ਨੂੰ ਕਾਫੀ ਸਮੇਂ ਤੋਂ ਲੱਭ ਰਿਹਾ ਸੀ। ਹੁਣ ਮੈਨੂੰ ਪਤਾ ਲੱਗਾ ਹੈ ਕਿ ਉਹ ਹੁਸ਼ਿਆਰਪੁਰ ਸ਼ਹਿਰ ਵਿੱਚ ਹੀ ਕੰਮ ਕਰਦਾ ਹੈ ਅਤੇ ਮੈਂ ਉਸ ਦਾ ਪੱਕਾ ਥਾਂ ਟਿਕਾਣਾ ਪਤਾ ਕਰ ਲਿਆ ਹੈ, ਇਸ ਕਰਕੇ ਤੁਸੀਂ ਮੇਰੇ ਨਾਲ ਚੱਲੋ ਅਤੇ ਉਸ ਨੂੰ ਸਮਝਾ-ਬੁਝਾ ਕੇ ਘਰ ਬੱਚਿਆਂ ਕੋਲ ਭੇਜੀਏ।" ਮੈਂ ਉਸ ਨੂੰ ਕਿਹਾ ਕਿ ਛੋਟੇ ਲਾਲ ਬਿਲਕੁਲ ਤੇਰੀ ਸਮੱਸਿਆ ਗੰਭੀਰ ਹੈ, ਪਰ ਘਬਰਾਉਣ ਦੀ ਲੋੜ ਨਹੀਂ। ਅਸੀਂ ਤੇਰੇ ਨਾਲ ਹਾਂ ਅਸੀਂ ਤੇਰੇ ਨਾਲ ਵੀ ਚੱਲਾਂਗੇ ਅਤੇ ਜਿੰਨੇ ਜੋਗੇ ਹਾਂ, ਤੇਰੀ ਮਦਦ ਵੀ ਕਰਾਂਗੇ "ਸੋ ਇੱਕ ਦੋ ਦਿਨ ਬਾਅਦ ਅਸੀਂ, ਮੈਂ ਤੇ ਮੇਰਾ ਦੋਸਤ ਗੁਰਦੀਪ ਸਿੰਘ ਜਿਸ ਨੂੰ ਪਿੰਡ ਵਾਸੀ ਪਿਆਰ ਨਾਲ ਮਿੱਠੂ ਮੈਂਬਰ ਕਹਿੰਦੇ ਸਨ, ਟਾਟਾ ਸੂਮੋ ਗੱਡੀ ਕਰਵਾ ਕੇ ਛੋਟੇ ਲਾਲ ਨਾਲ ਹੁਸ਼ਿਆਰਪੁਰ ਚਲੇ ਗਏ, ਜਦੋਂ ਅਸੀਂ ਉਸ ਦੇ ਜਵਾਈ ਦੇ ਟਿਕਾਣੇ 'ਤੇ ਪਹੁੰਚੇ ਤਾਂ ਉਸ ਦੇ ਨਾਲ ਦੇ ਮਜ਼ਦੂਰਾਂ ਤੋਂ ਪਤਾ ਲੱਗਾ ਕਿ ਉਹ ਕੰਮ ਤੇ ਚਲਾ ਗਿਆ ਹੈ ਤਾਂ ਛੋਟੇ ਲਾਲ ਨੇ ਉਸ ਦੇ ਸਾਥੀ ਮਜ਼ਦੂਰਾਂ ਨੂੰ ਕਿਹਾ ਕਿ ਤੁਹਾਨੂੰ ਪਤਾ ਹੈ ਕਿ ਕਿੱਥੇ ਕੰਮ ਕਰਦਾ ਹੈ, ਇਸ ਲਈ ਤੁਹਾਡੇ ਵਿੱਚੋਂ ਇੱਕ ਜਣਾ ਮੇਰੇ ਨਾਲ ਚੱਲੋ, ਆਪਾਂ ਉਸ ਨੂੰ ਲੈ ਆਈਏ। ਇਸ ਤਰ੍ਹਾਂ ਜਲਦੀ-ਜਲਦੀ ਵਿੱਚ ਛੋਟੇ ਲਾਲ ਗੱਡੀ ਲੈ ਕੇ ਉਸ ਨੂੰ ਲੈਣ ਚਲੇ ਗਿਆ ਅਤੇ ਮੈਂ ਅਤੇ ਮਿੱਠੂ ਮੈਂਬਰ ਬਾਹਰ ਗਲੀ ਵਿੱਚ ਖੜ੍ਹੇ ਰਹੇ। ਸਾਨੂੰ ਗਲੀ ਵਿੱਚ ਖੜ੍ਹੇ ਦੇਖ ਕੇ ਸਾਹਮਣੇ ਮਕਾਨ ਵਿੱਚੋਂ ਇੱਕ ਸੇਠ ਸਾਹਿਬ ਬਾਹਰ ਨਿਕਲੇ ਅਤੇ ਸਾਨੂੰ ਕਹਿਣ ਲੱਗੇ ਕਿ ਸਰਦਾਰ ਜੀ ਕੀ ਗੱਲ ਹੋ ਗਈ, ਤੁਸੀਂ ਐਥੇ ਕਿਵੇਂ ਖੜ੍ਹੇ ਹੋ?" ਅਸੀਂ ਉਸ ਨੂੰ ਸਾਰੀ ਗੱਲ ਦੱਸੀ ਤਾਂ ਕਹਿਣ ਲੱਗੇ ਬਾਹਰ ਕਿਉਂ ਖੜ੍ਹੇ ਹੋ, ਆਓ ਅੰਦਰ ਬੈਠ ਜਾਓ ਅਤੇ ਉਹ ਭਾਈ ਸਾਹਿਬ ਬੜੇ ਪਿਆਰ-ਸਤਿਕਾਰ ਨਾਲ ਸਾਨੂੰ ਆਪਣੇ ਘਰ ਅੰਦਰ ਲੈ ਗਏ, ਪਾਣੀ ਪੀਣ ਤੋਂ ਬਾਅਦ ਗੱਲਾਂਬਾਤਾਂ ਕਰਦੇ ਰਹੇ ਐਨੇ ਨੂੰ ਸਾਡੇ ਲਈ ਚਾਹ ਬਣ ਕੇ ਆ ਗਈ "ਚਾਹ ਦੀ ਇੱਕ ਘੁੱਟ ਭਰਨ ਤੋਂ ਬਾਅਦ ਹੀ ਮੇਰੇ ਨਾਲ ਦਾ ਮਿੱਠੂ ਮੈਂਬਰ ਹਾਸੇ-ਮਜ਼ਾਕ ਵਿੱਚ ਬੋਲਿਆ, "ਸੇਠ ਜੀ ਚਾਹ ਤਾਂ ਜਮਾਂ ਜੱਟਾਂ ਵਾਲੀ ਬਣਾਈ ਐ ਤੁਸੀਂ" ਸੁਆਦ ਆ ਗਿਆ ਘੁੱਟ ਭਰ ਕੇ "ਦੁੱਧ ਮੁੱਲ ਲੈਂਦੇ ਹੋ ਜੀ? " ਐਨਾ ਸੁਣ ਕੇ ਸੇਠ ਜੀ ਬੋਲੇ, ਸਰਦਾਰ ਜੀ ਚਾਹ ਪੀ ਲਓ, ਫੇਰ ਦੱਸਦਾ ਹਾਂ ਇਸ ਬਾਰੇ। ਚਾਹ ਖਤਮ ਹੋਈ ਤਾਂ ਉਹ ਕਹਿਣ ਲੱਗੇ, ਸਰਦਾਰ ਜੀ ਆ ਜਾਓ, ਮੈਂ ਤੁਹਾਨੂੰ ਕੁੱਝ ਦਿਖਾਵਾਂ। ਅਸੀਂ ਉੱਠ ਕੇ ਉਸ ਦੇ ਨਾਲ ਪਿੱਛੇ-ਪਿੱਛੇ ਹੋ ਤੁਰੇ ਉਸ ਨੇ ਘਰ ਦੇ ਪਿਛਵਾੜੇ ਦਾ ਦਰਵਾਜ਼ਾ ਖੋਲ੍ਹਿਆ ਤਾਂ ਅਸੀਂ ਦੇਖਿਆ ਕਿ ਪਿੱਛੇ ਮੱਝਾਂ ਗਾਵਾਂ ਦਾ ਤਬੇਲਾ ਹੈ, ਬਹੁਤ ਸੋਹਣੀਆਂ-ਸੋਹਣੀਆਂ ਅਤੇ ਨਿੱਗਰ ਮੱਝਾਂ-ਗਾਵਾਂ ਖੁੱਲ੍ਹੀਆਂ ਫਿਰ ਰਹੀਆਂ ਸਨ। ਸਾਨੂੰ ਸਭ ਕੁੱਝ ਦਿਖਾ ਕੇ ਕਹਿਣ ਲੱਗੇ-ਆਓ ਸਰਦਾਰ ਜੀ ਅੰਦਰ ਬੈਠ ਕੇ ਤੁਹਾਨੂੰ ਇਨ੍ਹਾਂ ਦੀ ਕਹਾਣੀ ਦੱਸਦਾ ਹਾਂ ਅਤੇ ਉਹ ਸਾਨੂੰ ਦੱਸਣ ਲੱਗਾ ਕਿ "ਸਰਦਾਰ ਜੀ ਸਾਡੇ ਘਰ ਬਹੁਤ ਜ਼ਿਆਦਾ ਗਰੀਬੀ ਸੀ, ਘਰ ਰੋਟੀ ਮਸਾਂ ਪੱਕਦੀ ਸੀ ਤਾਂ ਮੇਰੇ ਨਾਨਕਿਆਂ ਨੇ ਮੇਰੀ ਮਾਂ ਨੂੰ ਇੱਕ ਵਧੀਆ ਮੱਝ ਦੇ ਦਿੱਤੀ ਕਿ ਤੁਸੀਂ ਸ਼ਹਿਰ ਵਿੱਚ ਰਹਿੰਦੇ ਹੋ, ਦੁੱਧ ਦਾ ਭਾਅ ਚੰਗਾ ਮਿਲੂ, ਇਸ ਲਈ ਦੁੱਧ ਵੇਚ ਕੇ ਗੁਜ਼ਾਰਾ ਚਲਾਓ" ਅਤੇ ਮੇਰੇ ਮਾਂ ਬਾਪ ਨੇ ਦੁੱਧ ਵੇਚ ਕੇ ਗੁਜ਼ਾਰਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਲਾਲਚ ਵਿੱਚ ਆ ਕੇ ਦੁੱਧ ਵਿੱਚ ਪਾਣੀ ਪਾ ਕੇ ਵੇਚਣ ਲੱਗੇ ਅਤੇ ਇੱਕ ਮੱਝ ਹੋਰ ਲੈ ਲਈ। ਫਿਰ ਦੋ ਮੱਝਾਂ ਦਾ ਦੁੱਧ ਪਾਣੀ ਪਾ ਕੇ ਵੇਚਣ ਲੱਗੇ ਤਾਂ ਤਿੰਨ ਹੋ ਗਈਆਂ। ਆਮਦਨ ਹੋਰ ਵਧ ਗਈ। ਫਿਰ ਇੱਕ ਦਿਨ ਅਚਾਨਕ ਇੱਕ ਮੱਝ ਬਿਮਾਰ ਹੋ ਗਈ। ਉਸ ਦੇ ਇਲਾਜ 'ਤੇ ਬਹੁਤ ਖਰਚ ਕੀਤਾ ਅਤੇ ਇੱਕ ਮੱਝ ਵੇਚ ਕੇ ਦੂਜੀ ਦਾ ਇਲਾਜ ਕਰਵਾਇਆ, ਪਰ ਬਿਮਾਰ ਮੱਝ ਵੀ ਮਰ ਗਈ। ਇੱਕ ਵੇਚ ਦਿੱਤੀ ਇੱਕ ਮਰ ਗਈ ਰਹਿ ਗਈ ਇੱਕ ਦੀ ਇੱਕ ਹੀ ਅਤੇ ਉਹ ਵੀ ਜਿਨ੍ਹਾਂ ਨੂੰ ਦੁੱਧ ਵਿੱਚ ਪਾਣੀ ਪਾ ਕੇ ਵੇਚਿਆ ਸੀ, ਉਨ੍ਹਾਂ ਦੀਆਂ ਬਦਦੁਆਵਾਂ ਨਾਲ ਅਤੇ ਕੁੱਝ ਦੂਜੀਆਂ ਮੱਝਾਂ ਦਾ ਹੇਰਵਾ ਮੰਨ ਕੇ ਪਰਲੋਕ ਸਿਧਾਰ ਗਈ' ਉਸ ਤੋਂ ਬਾਅਦ ਸਾਡੇ ਮਾਂ-ਬਾਪ ਦੀ ਤਰਸਯੋਗ ਹਾਲਤ ਦੇਖ ਕੇ ਮੇਰੇ ਨਾਨੇ ਨੇ ਔਖੇ-ਸੌਖੇ ਹੋ ਕੇ ਇੱਕ ਹੋਰ ਮੱਝ ਮੇਰੀ ਮਾਂ ਨੂੰ ਲੈ ਕੇ ਦਿੱਤੀ ਅਤੇ ਨਾਲ ਹਦਾਇਤ ਕੀਤੀ ਕਿ ਧੀਏ ਭਾਵੇਂ ਭੁੱਖੇ ਰਹਿ ਲਿਓ, ਪਰ ਦੁੱਧ ਵਿੱਚ ਪਾਣੀ ਪਾ ਕੇ ਨਾ ਵੇਚਿਓ ਅਤੇ ਪਾਪਾਂ ਦੇ ਭਾਗੀ ਨਾ ਬਣਿਓਂ, ਨਹੀਂ ਤਾਂ ਪਹਿਲਾਂ ਵਾਂਗ ਪਛਤਾਓਂਗੇ। ਕਹਿੰਦੇ ਸਰਦਾਰ ਜੀ ਉਸ ਤੋਂ ਬਾਅਦ ਮੇਰੇ ਮਾਂ-ਬਾਪ ਨੇ ਕਦੇ ਵੀ ਦੁੱਧ ਵਿੱਚ ਪਾਣੀ ਪਾ ਕੇ ਨਹੀਂ ਵੇਚਿਆ ਅਤੇ ਮਿਹਨਤ ਕਰਨੀ ਵਧਾ ਦਿੱਤੀ ਅਤੇ ਗੁਜ਼ਾਰਾ ਸੌਖਾ ਹੋਣ ਲੱਗ ਪਿਆ।

ਸਾਡਾ ਬਾਪੂ ਸਾਨੂੰ ਵੀ ਜਹਾਨੋਂ ਜਾਣ ਲੱਗਿਆ ਹਦਾਇਤ ਕਰ ਗਿਆ ਸੀ ਕਿ ਪੁੱਤਰੋ ਦੁੱਧ ਵਿੱਚ ਪਾਣੀ ਪਾ ਕੇ ਨਾ ਵੇਚਿਓ, ਨਹੀਂ ਤਾਂ ਪਾਪਾਂ ਦੇ ਭਾਗੀ ਬਣੋਗੇ ਤੇ ਪਛਤਾਓਂਗੇ" ਅਤੇ ਕਹਿਣ ਲੱਗੇ ਸਰਦਾਰ ਜੀ ਅਸੀਂ ਮਿਹਨਤ ਕਰਦੇ ਹਾਂ, ਹੱਕ ਦੀ ਕਮਾਈ ਕਰਦੇ ਹਾਂ, ਸਾਡੇ ਵਾਰੇ -ਨਿਆਰੇ ਹਨ। ਰੱਬ ਦੀ ਕਿਰਪਾ ਹੈ, ਅਸੀਂ ਸੈਂਕੜੇ ਲੀਟਰ ਦੁੱਧ ਹਰ ਰੋਜ਼ ਵੇਚਦੇ ਹਾਂ, ਪਰ ਕਦੇ ਇੱਕ ਬੂੰਦ ਵੀ ਪਾਣੀ ਪਾ ਕੇ ਦੁੱਧ ਨਹੀਂ ਵੇਚਿਆ। ਏਨੇ ਨੂੰ ਛੋਟੇ ਲਾਲ ਆਪਣੇ ਜਵਾਈ ਨੂੰ ਲੈ ਕੇ ਆ ਗਿਆ ਅਤੇ ਅਸੀਂ ਇੱਕ ਪਾਰਕ ਵਿੱਚ ਬੈਠ ਕੇ ਉਸ ਨੂੰ ਪਿਆਰ ਨਾਲ ਸਮਝਾਇਆ ਕਿ ਉਹ ਆਪਣੀ ਪਤਨੀ ਅਤੇ ਬੱਚਿਆਂ ਕੋਲ ਆਪਣੇ ਜੱਦੀ ਪਿੰਡ ਜਾਵੇ ਅਤੇ ਉਨ੍ਹਾਂ ਦੀ ਦੇਖਭਾਲ ਕਰੇ ਅਤੇ ਬੱਚਿਆਂ ਨੂੰ ਬਾਪ ਦਾ ਪਿਆਰ ਦੇਵੇ। ਸਾਡੇ ਪਿਆਰ ਨਾਲ ਸਮਝਾਉਣ 'ਤੇ ਉਹ ਸਾਡੀ ਗੱਲ ਮੰਨ ਕੇ ਆਪਣੇ ਬੱਚਿਆਂ ਕੋਲ ਚਲਾ ਗਿਆ ਅਤੇ ਸਾਰਾ ਪਰਵਾਰ ਰਲ-ਮਿਲ ਕੇ ਰਾਜ਼ੀ ਖ਼ੁਸ਼ੀ ਰਹਿਣ ਲੱਗਾ।

*# ਸੰਪਰਕ : 95011-27033*

# ਬੱਚੇ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਸੁਝਾਅ



ਨਰਿੰਦਰ ਸਿੰਘ

ਬੱਚੇ ਦਾ ਮਨ ਕੋਰੀ ਸਲੇਟ ਵਾਂਗ ਹੁੰਦਾ ਹੈ, ਜਿਸ ਉਪਰ ਜਿਹੜੇ ਅੱਖਰ ਲਿਖੇ ਜਾਣਗੇ, ਉਹ ਪੱਕੇ ਹੁੰਦੇ ਜਾਣਗੇ । ਸਿੱਖਣ ਦੀ ਸ਼ੁਰੂਆਤ ਬੱਚੇ ਦੇ ਜਨਮ ਤੋਂ ਹੀ ਹੋ ਜਾਂਦੀ ਹੈ । ਸਭ ਤੋਂ ਪਹਿਲਾਂ ਬੱਚਾ ਆਪਣੇ ਮਾਤਾ-ਪਿਤਾ ਕੋਲੋਂ ਸਿੱਖਦਾ ਹੈ ਤੇ ਬੱਚੇ ਦਾ ਪਹਿਲਾ ਗੁਰੂ ਉਸ ਦੀ ਮਾਂ ਹੁੰਦੀ ਹੈ । ਬੱਚਿਆਂ ਉਪਰ ਪਰਵਾਰਕ ਮਾਹੌਲ ਤੇ ਆਲੇ-ਦੁਆਲੇ ਦੇ ਮਹੌਲ ਦਾ ਬਹੁਤ ਅਸਰ ਹੁੰਦਾ ਹੈ । ਬੱਚੇ ਦੇ ਸਰਬਪੱਖੀ ਵਿਕਾਸ ਲਈ ਮਾਤਾ-ਪਿਤਾ ਨੂੰ ਬਚਪਨ ਤੋਂ ਹੀ ਧਿਆਨ ਦੇਣ ਦੀ ਲੋੜ ਹੈ । ਬੱਚੇ ਦੀ ਸੰਤੁਲਿਤ ਸ਼ਖ਼ਸੀਅਤ ਦੇ ਵਿਕਾਸ ਲਈ ਸਰੀਰਕ, ਮਾਨਸਿਕ, ਸਮਾਜਿਕ ਤੇ ਬੌਧਕ ਵਿਕਾਸ ਦਾ ਸੁਮੇਲ ਹੋਣਾ ਬੇਹੱਦ ਜ਼ਰੂਰੀ ਹੈ । ਬੱਚਿਆਂ ਨੂੰ ਨਿਡਰ ਤੇ ਬਹਾਦਰ ਬਣਾਉਣ ਲਈ ਦੇਸ਼ ਭਗਤਾਂ ਤੇ ਸੂਰਬੀਰਾਂ ਦੀਆਂ ਜੀਵਨੀਆਂ ਬਾਰੇ ਪਾਠਕ੍ਰਮ 'ਚ ਸ਼ਾਮਲ ਪੁਸਤਕਾਂ ਰਾਹੀਂ ਜਾਣਕਾਰੀ ਦੇਣ ਦੀ ਜ਼ਰੂਰਤ ਹੈ ।

ਬੱਚਿਆਂ ਨੂੰ ਸਵੇਰੇ ਸਕੂਲ ਜਾਣ ਤੋਂ ਪਹਿਲਾਂ ਨਾਸ਼ਤਾ ਜ਼ਰੂਰ ਕਰਾਉਣਾ ਚਾਹੀਦਾ ਹੈ । ਨਾਸ਼ਤੇ ਨਾਲ ਦਿਮਾਗ ਦੀ ਸ਼ਕਤੀ ਵਧਦੀ ਹੈ । ਮਾਹਿਰਾਂ ਅਨੁਸਾਰ ਨਾਸ਼ਤਾ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ । ਨਾਸ਼ਤੇ ਨੂੰ ਬਰੇਨ ਫੂਡ ਮੰਨਿਆ ਜਾਂਦਾ ਹੈ, ਕਿਉਂਕਿ ਇਹ ਵਿਅਕਤੀ ਨੂੰ ਸਾਰਾ ਦਿਨ ਚੁਸਤ ਰੱਖਦਾ ਹੈ । ਖੋਜਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਜੋ ਬੱਚੇ ਨਾਸ਼ਤਾ ਨਹੀਂ ਕਰਦੇ, ਨਾਸ਼ਤਾ ਕਰਨ ਵਾਲੇ ਬੱਚਿਆਂ ਦੇ ਮੁਕਾਬਲੇ ਉਨ੍ਹਾਂ 'ਚ ਵਿਟਾਮਿਨਾਂ ਅਤੇ ਮਿਨਰਲ ਦੀ ਘਾਟ ਹੁੰਦੀ ਹੈ, ਜਿਸ ਕਾਰਨ ਉਹ ਚੰਗੇ ਨਤੀਜੇ ਨਹੀਂ ਦੇ ਪਾਉਂਦੇ, ਕਿਉਂਕਿ ਵਿਟਾਮਿਨ, ਮਿਨਰਲ ਅਤੇ ਹੋਰ ਪੋਸ਼ਕ ਤੱਤਾਂ ਦੀ ਘਾਟ ਕਰਕੇ ਉਨ੍ਹਾਂ ਦੇ ਦਿਮਾਗੀ ਕੰਮ ਕਰਨ ਦੀ ਸ਼ਕਤੀ 'ਤੇ ਅਸਰ ਪੈਂਦਾ ਹੈ । ਇਸ ਲਈ ਤੱਤਾਂ ਵਾਲਾ ਨਾਸ਼ਤਾ ਬੱਚਿਆਂ ਨੂੰ ਜ਼ਰੂਰ ਕਰਾਉਣਾ ਚਾਹੀਦਾ ਹੈ ਤਾਂ ਜੋ ਪੋਸ਼ਕ ਉਨ੍ਹਾਂ ਦੇ ਦਿਮਾਗ ਦੀ ਕੰਮ ਕਰਨ ਦੀ ਸਮਰੱਥਾ ਵਧਾ ਸਕੇ ।

ਦੁੱਧ ਨੂੰ ਸੰਪੂਰਨ ਖੁਰਾਕ ਕਿਹਾ ਗਿਆ ਹੈ । ਬੱਚੇ ਹੋਣ ਜਾਂ ਬਜ਼ੁਰਗ, ਸਾਰਿਆਂ ਲਈ ਦੁੱਧ ਦੀ ਵਰਤੋਂ ਜ਼ਰੂਰੀ ਹੈ । ਅਮਰੀਕੀ ਮਾਹਿਰਾਂ ਅਨੁਸਾਰ 4 ਤੋਂ 8 ਸਾਲ ਦੀ ਉਮਰ ਤੱਕ ਦੇ ਬੱਚਿਆਂ ਨੂੰ ਕੈਲਸ਼ੀਅਮ ਦੀ 800 ਮਿਲੀਗ੍ਰਾਮ ਮਾਤਰਾ ਦੀ ਜ਼ਰੂਰਤ ਹੁੰਦੀ ਹੈ । ਅੱਲੜ੍ਹ ਬੱਚਿਆਂ ਨੂੰ 1300 ਮਿਲੀਗ੍ਰਾਮ ਕੈਲਸ਼ੀਅਮ ਦੀ ਜ਼ਰੂਰਤ ਹੁੰਦੀ ਹੈ । 19 ਤੋਂ 50 ਸਾਲ ਦੀ ਉਮਰ ਦੇ ਵਿਅਕਤੀਆਂ ਨੂੰ 1000 ਮਿਲੀਗ੍ਰਾਮ ਕੈਲਸ਼ੀਅਮ ਦੀ ਹਰ ਰੋਜ਼ ਜ਼ਰੂਰਤ ਹੁੰਦੀ ਹੈ । ਬਿਨਾਂ ਦੁੱਧ ਤੋਂ ਆਪਣੀ ਖ਼ੁਰਾਕ ਵਿੱਚ ਸ਼ਾਮਲ ਕੀਤਿਆਂ ਕੈਲਸ਼ੀਅਮ ਦੀ ਇਸ ਜ਼ਰੂਰਤ ਨੂੰ ਪੂਰਾ ਕਰਨਾ ਮੁਸ਼ਕਿਲ ਹੈ। ਹਰੇਕ ਲਈ ਦੁੱਧ ਪੀਣਾ ਬਹੁਤ ਜ਼ਰੂਰੀ ਹੈ ।

ਬੱਚਿਆਂ ਨੂੰ ਚੰਗੀ ਤਰ੍ਹਾਂ ਖਾਣਾ ਚਬਾ ਕੇ ਖਾਣ ਦੀ ਆਦਤ ਪਾਉਣੀ ਚਾਹੀਦੀ ਹੈ । ਖਾਣਾ ਚਬਾ ਕੇ ਖਾਣ ਨਾਲ ਪਾਚਣਤੰਤਰ ਮਜ਼ਬੂਤ ਹੁੰਦਾ ਹੈ । ਬੱਚਾ ਚੌਕਸ ਹੋ ਕੇ ਚਿੱਥ ਕੇ ਖਾਂਦਾ ਹੈ ਅਤੇ ਖਾਣੇ ਦਾ ਭਰਪੂਰ ਸੁਆਦ ਮਾਣਦਾ ਹੋਇਆ ਖਾਣੇ ਦੇ ਪੌਸ਼ਟਿਕ ਤੱਤਾਂ ਨੂੰ ਹਜ਼ਮ ਕਰਦਾ ਹੈ । ਚਬਾ ਕੇ ਖਾਣ ਵਿੱਚ ਬੱਚਾ ਘੱਟ ਖਾਣ ਵਿੱਚ ਰੁਚਿਤ ਰਹਿੰਦਾ ਹੈ । ਇੰਝ ਕਰਨ ਨਾਲ ਬੱਚੇ ਵਿੱਚ ਵਾਧੂ ਦਾ ਮੋਟਾਪਾ ਨਹੀਂ ਆਉਂਦਾ । ਪਾਚਣਤੰਤਰ ਨੂੰ ਬਲ ਮਿਲਦਾ ਹੈ, ਜਿਸ ਨਾਲ ਬੱਚੇ ਦੀ ਚੰਗੀ ਸਿਹਤ ਤੇ ਲੰਬੀ ਉਮਰ ਹੁੰਦੀ ਹੈ। ਇਹ ਦੰਦਾਂ ਲਈ ਵੀ ਵਧੀਆ ਕਸਰਤ ਹੈ । ਭਾਵ ਚਬਾ ਕੇ ਖਾਣ ਨਾਲ ਦੰਦਾਂ ਦੀ ਕਸਰਤ ਵੀ ਹੁੰਦੀ ਹੈ।

ਬੱਚਿਆਂ ਲਈ ਖੇਡ ਵੀ ਬਹੁਤ ਜ਼ਰੂਰੀ ਹੈ, ਕਿਉਂਕਿ ਖੇਡ ਬੱਚਿਆਂ ਦਾ ਮਾਨਸਿਕ ਵਿਕਾਸ ਕਰਦੀ ਹੈ । ਜਰਮਨੀ ਵਿੱਚ ਕੋਲੋਨ ਦੇ ਸਪੋਰਟਸ ਥੈਰੇਪਿਸਟ ਤੇ ਸਾਈਕੋਲੋਜਿਸਟਸ ਅਨੁਸਾਰ ਬੱਚਿਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਖੇਡ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਚਾਹੇ ਉਹ ਬੱਚੇ ਦਿਲ ਦੇ ਰੋਗੀ ਹੀ ਕਿਉਂ ਨਾ ਹੋਣ। ਜ਼ਿਆਦਾਤਰ ਮਾਤਾ-ਪਿਤਾ ਦਿਲ ਦੇ ਰੋਗੀ ਬੱਚੇ ਨੂੰ ਖੇਡਣ ਤੋਂ ਮਨ੍ਹਾਂ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਇਸ ਨਾਲ ਬੱਚੇ ਦੀ ਹਾਲਤ ਵਿਗੜ ਸਕਦੀ ਹੈ, ਪਰ ਇਨ੍ਹਾਂ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਖੇਡਾਂ ਦੀ ਜ਼ਰੂਰਤ ਹੁੰਦੀ ਹੈ । ਮਾਪਿਆਂ ਨੂੰ ਡਾਕਟਰ ਤੋਂ ਰਾਏ ਲੈ ਕੇ ਕਿਹੜੀ ਖੇਡ ਬੱਚੇ ਲਈ ਠੀਕ ਹੈ, ਵਾਸਤੇ ਬੱਚੇ ਨੂੰ ਖੇਡਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ।

ਨਰੋਏ ਸਰੀਰ ਵਿੱਚ ਨਰੋਏ ਮਨ ਦਾ ਵਿਕਾਸ ਹੁੰਦਾ ਹੈ । ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਸੁਧਾਰਨ ਵਿੱਚ ਮਾਤਾ-ਪਿਤਾ ਅਤੇ ਅਧਿਆਪਕਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਬੱਚਿਆਂ ਨੂੰ ਹਮੇਸ਼ਾ ਸਰੀਰਕ ਅਤੇ ਮਾਨਸਿਕ ਤੌਰ 'ਤੇ ਕਾਰਜਸ਼ੀਲ ਸਰਗਰਮ ਰੱਖਣਾ ਚਾਹੀਦਾ ਹੈ । ਇਸ ਨਾਲ ਬੱਚਿਆਂ ਦੀ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਮਾਨਸਿਕ ਅਤੇ ਭਾਵਨਾਤਮਿਕ ਵਿਕਾਸ ਵੀ ਹੁੰਦਾ ਹੈ ਅਤੇ ਉਨ੍ਹਾਂ ਦੀ ਯਾਦਸ਼ਕਤੀ ਵਿੱਚ ਸੁਧਾਰ ਵੀ ਹੁੰਦਾ ਹੈ । ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਆਧੁਨਿਕ ਤਕਨੀਕੀ ਖੇਡਾਂ ਅਤੇ ਰਵਾਇਤੀ ਖੇਡਾਂ ਦੋਵਾਂ ਲਈ ਢੁਕਵਾਂ ਸਮਾਂ ਦੇਣ ਦਾ ਧਿਆਨ ਮਾਤਾ-ਪਿਤਾ ਨੂੰ ਜ਼ਰੂਰ ਰੱਖਣਾ ਚਾਹੀਦਾ ਹੈ । ਬੱਚੇ ਦੀ ਸ਼ਖ਼ਸੀਅਤ ਦੇ ਵਿਕਾਸ ਲਈ ਮਾਤਾ-ਪਿਤਾ ਦਾ ਨਜ਼ਰੀਆ ਉਸਾਰੂ ਹੋਣਾ ਚਾਹੀਦਾ ਹੈ । ਇਸ ਨਾਲ ਬੱਚਿਆਂ ਅੰਦਰ ਹਾਂ-ਪੱਖੀ ਸੋਚ ਵਾਲੀ ਸ਼ਖ਼ਸੀਅਤ ਦਾ ਵਿਕਾਸ ਹੁੰਦਾ ਹੈ ।

ਸਕੂਲਾਂ ਵਿੱਚ ਅਧਿਆਪਕਾਂ ਨੂੰ ਬੱਚਿਆਂ 'ਤੇ ਚੰਗੀ ਤਰ੍ਹਾਂ ਨਾਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ, ਕਿਉਂਕਿ ਸਕੂਲਾਂ ਵਿੱਚ ਕੇਵਲ ਬੱਚੇ ਪੜ੍ਹਦੇ ਹੀ ਨਹੀਂ, ਸਗੋਂ ਹੋਰ ਅਨੇਕਾਂ ਗਤੀਵਿਧੀਆਂ ਵਿੱਚ ਭਾਗ ਲੈਂਦੇ ਹਨ । ਸਮਾਜਿਕ ਜੀਵਨ ਜਿਊਣ ਦੀ ਸਿੱਖਿਆ ਬੱਚਿਆਂ ਨੂੰ ਸਕੂਲਾਂ ਵਿੱਚੋਂ ਹੀ ਮਿਲਦੀ ਹੈ । ਬੱਚੇ ਦੇ ਮਾਨਸਿਕ ਵਿਕਾਸ ਵਿੱਚ ਅਧਿਆਪਕ ਵਡਮੁੱਲਾ ਯੋਗਦਾਨ ਪਾ ਸਕਦੇ ਹਨ, ਕਿਉਂਕਿ ਅਧਿਆਪਕ ਆਪਣੀ ਜ਼ਿੰਦਗੀ ਦੇ ਤਜਰਬਿਆਂ ਦੀ ਵਰਤੋਂ ਕਰਦਾ ਹੋਇਆ ਬੱਚੇ ਦੀ ਮਾਨਸਿਕ ਤਕਲੀਫ ਸਮਝ ਕੇ ਉਸ ਨੂੰ ਕਿਸੇ ਦਿਮਾਗੀ ਸਦਮੇ ਜਾਂ ਭਾਵਨਾਤਮਿਕ ਸੰਵੇਦਨਾ ਤੋਂ ਬਾਹਰ ਕੱਢ ਸਕਦਾ ਹੈ । ਸਮੇਂ ਦੀ ਮਹੱਤਤਾ ਬਾਰੇ ਵੀ ਬੱਚੇ ਨੂੰ ਜਾਣੂ ਕਰਾਉਣਾ ਚਾਹੀਦਾ ਹੈ । ਸਮੇਂ ਦੀ ਪਾਬੰਦੀ ਵਿਦਿਆਰਥੀ ਅੰਦਰ ਆਤਮ-ਵਿਸ਼ਵਾਸ, ਸਕਾਰਾਤਮਿਕ ਰਵੱਈਆ ਤੇ ਸਬਰ ਪੈਦਾ ਕਰਦੀ ਹੈ । ਬੱਚੇ ਦੇ ਸਵੇਰੇ ਸਮੇਂ ਸਿਰ ਉੱਠਣ ਅਤੇ ਹਰ ਕੰਮ ਬਿਨਾਂ ਦੇਰੀ ਤੋਂ ਨਿਰਧਾਰਤ ਸਮੇਂ 'ਤੇ ਸ਼ੁਰੂ ਕਰਨ ਨਾਲ ਮਿੱਥੇ ਸਮੇਂ ਵਿੱਚ ਉਸ ਦਾ ਸਾਰਾ ਕੰਮ ਪ੍ਰਾਥਮਿਕਤਾ ਮੁਤਾਬਕ ਹੋ ਜਾਂਦਾ ਹੈ । ਸਮੇਂ ਦੀ ਤੇਜ਼ ਰਫਤਾਰ ਨਾਲ ਤਾਲ ਮਿਲਾਉਣ ਨਾਲ ਮੰਜ਼ਲ ਸਰ ਕਰਨੀ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਆਸਾਨ ਹੋ ਜਾਂਦਾ ਹੈ। ਆਪਣੇ ਸਮੇਂ ਦੀ ਤੇ ਬਾਕੀਆਂ ਦੇ ਸਮੇਂ ਦੀ ਸਾਨੂੰ ਕਦਰ ਜ਼ਰੂਰ ਕਰਨੀ ਚਾਹੀਦੀ ਹੈ ।

ਅਨੁਸ਼ਾਸਨ ਜੀਵਨ ਦੇ ਹਰ ਪੜਾਅ ਵਿੱਚ ਜ਼ਰੂਰੀ ਹੈ । ਅਨੁਸ਼ਾਸਨ ਦੀ ਸ਼ੁਰੂਆਤ ਘਰ ਤੋਂ ਹੀ ਹੁੰਦੀ ਹੈ । ਘਰ ਪਰਵਾਰ ਵਿੱਚ ਵੀ ਅਨੁਸ਼ਾਸਨ ਨੂੰ ਰੀੜ੍ਹ ਦੀ ਹੱਡੀ ਕਹਿਣਾ ਬਣਦਾ ਹੈ । ਘਰ ਵਿੱਚ ਅਨੁਸ਼ਾਸਨ ਦੀ ਬਦੌਲਤ ਬੱਚੇ ਦੀ ਪੜ੍ਹਾਈ ਵੱਲ ਧਿਆਨ ਦਿੱਤਾ ਜਾਂਦਾ ਹੈ। ਘਰ ਵਿੱਚ ਬੱਚਿਆਂ ਨੂੰ ਸਮੇਂ ਸਿਰ ਉੱਠਣ, ਖਾਣ-ਪੀਣ ਦੀ ਸਿੱਖਿਆ ਦਿੱਤੀ ਜਾਂਦੀ ਹੈ । ਵਿਦਿਆਰਥੀ ਜੀਵਨ ਵਿੱਚ ਅਨੁਸ਼ਾਸਨ ਦੀ ਖਾਸ ਮਹੱਤਤਾ ਹੁੰਦੀ ਹੈ । ਜਿਵੇਂ ਕੱਚੀ ਮਿੱਟੀ ਨੂੰ ਪਿਆਰ ਨਾਲ ਗੁੰਨ੍ਹ ਕੇ ਅਤੇ ਥੋੜ੍ਹਾ ਟਕੋਰ ਕਰਕੇ ਇਕ ਸੁੰਦਰ ਬੁੱਤ ਘੜਿਆ ਜਾ ਸਕਦਾ ਹੈ, ਉਵੇਂ ਹੀ ਅੱਲੜ੍ਹ ਉਮਰ ਦੇ ਸਕੂਲੀ ਬੱਚਿਆਂ ਨੂੰ ਲਾਡ-ਪਿਆਰ ਦੇ ਕੇ, ਪ੍ਰੇਰਣਾ ਜਾਂ ਥੋੜ੍ਹਾ ਝਿੜਕ ਕੇ ਇੱਕ ਸੁਲਝਿਆ ਆਦਮੀ ਬਣਾਇਆ ਜਾ ਸਕਦਾ ਹੈ, ਪ੍ਰੰਤੂ ਅਜੋਕੇ ਸਮੇਂ ਸਕੂਲੀ ਬੱਚਿਆਂ ਵਿੱਚ ਅਨੁਸ਼ਾਸਨਹੀਣਤਾ ਦਿਨੋ-ਦਿਨ ਵਧਦੀ ਜਾ ਰਹੀ ਹੈ। ਇਸ ਦਾ ਕਾਰਨ ਸਿੱਖਿਆ ਪ੍ਰਣਾਲੀ ਵਿਚਲੀਆਂ ਕਮੀਆਂ, ਪੱਛਮੀ ਸੱਭਿਅਤਾ ਦਾ ਪ੍ਰਭਾਵ ਜਾਂ ਮੋਬਾਈਲਾਂ ਨਾਲ ਵਧਦੀ ਨੇੜਤਾ ਜਾਂ ਕਾਰਨ ਕੋਈ ਵੀ ਹੋਵੇ, ਪਰ ਇਸ ਦਾ ਅਸਰ ਘਰ, ਸਕੂਲ ਜਾਂ ਸਾਰੇ ਆਲੇ-ਦੁਆਲੇ ਵਿੱਚ ਵੇਖਿਆ ਜਾ ਸਕਦਾ ਹੈ । ਅਨੁਸ਼ਾਸਨ ਵਿਦਿਆਰਥੀਆਂ ਨੂੰ ਸਮੇਂ ਦੀ ਕਦਰ ਕਰਨਾ, ਵੱਡਿਆਂ ਦਾ ਸਤਿਕਾਰ ਕਰਨਾ ਅਤੇ ਮਿਹਨਤ ਕਰਕੇ ਮਿੱਥੇ ਕੰਮ ਨੂੰ ਨੇਪਰੇ ਚੜ੍ਹਾਉਣਾ ਸਿਖਾਉਂਦਾ ਹੈ । ਅਨੁਸ਼ਾਸਨ ਦੀ ਪਾਲਣਾ ਬੇਹੱਦ ਜ਼ਰੂਰੀ ਹੈ । ਖ਼ੁਸ਼ਹਾਲੀ ਤੇ ਸਫਲਤਾ ਦਾ ਰਾਜ ਅਨੁਸ਼ਾਸਨ ਹੈ ।

ਸਫਲਤਾ ਲਈ ਅਭਿਆਸ ਦੀ ਲੋੜ ਪੈਂਦੀ ਹੈ । ਵੱਡੇ ਤੋਂ ਵੱਡੇ ਮਿਸ਼ਨ ਵੀ ਅਭਿਆਸ ਸਦਕਾ ਹੀ ਸਿਰੇ ਚੜ੍ਹਦੇ ਹਨ । ਮਿਸਾਲ ਵਜੋਂ ਅਕਸਰ ਦੇਖਿਆ ਜਾਂਦਾ ਹੈ ਕਿ ਵਿਦਿਆਰਥੀਆਂ ਨੂੰ ਗਣਿਤ ਦਾ ਵਿਸ਼ਾ ਬਹੁਤ ਔਖਾ ਲੱਗਦਾ ਹੈ । ਲੇਕਿਨ ਗਣਿਤ ਦਾ ਵਾਰ-ਵਾਰ ਅਭਿਆਸ ਕਰਨ ਨਾਲ ਇਸ ਨੂੰ ਰੌਚਿਕ ਬਣਾਇਆ ਜਾ ਸਕਦਾ ਹੈ । ਅਭਿਆਸ ਨਾਲ ਜਿੱਥੇ ਗਣਿਤ ਪ੍ਰਤੀ ਡਰ ਖਤਮ ਹੋ ਜਾਂਦਾ ਹੈ, ਉਥੇ ਸਵਾਲ ਕੱਢਣਾ ਵੀ ਵਿਦਿਆਰਥੀਆਂ ਲਈ ਇਕ ਖੇਡ ਬਣ ਜਾਂਦਾ ਹੈ । ਇਤਿਹਾਸ ਅਤੇ ਭੂਗੋਲ ਦੇ ਭਾਰਤ ਅਤੇ ਦੁਨੀਆ ਦੇ ਨਕਸ਼ਿਆਂ ਨੂੰ ਵਾਰ-ਵਾਰ ਅਭਿਆਸ ਕਰਨ ਨਾਲ ਗਲਤੀ ਦੀ ਗੁੰਜਾਇਸ਼ ਨਹੀਂ ਰਹਿੰਦੀ । ਇਸੇ ਤਰ੍ਹਾਂ ਅੰਗਰੇਜ਼ੀ ਦੀ ਗਰਾਮਰ ਕਦੇ ਵੀ ਰੱਟੇ ਲਾ ਕੇ ਨਹੀਂ ਆ ਸਕਦੀ, ਸਗੋਂ ਇਸ ਲਈ ਵੀ ਅਭਿਆਸ ਦੀ ਲੋੜ ਪੈਂਦੀ ਹੈ । ਨਗਰ ਕੀਰਤਨ ਮੌਕੇ ਨਿਹੰਗ ਸਿੰਘਾਂ ਵੱਲੋਂ ਗੱਤਕੇ ਦੇ ਜੋ ਕਰਤੱਵ ਦਿਖਾਏ ਜਾਂਦੇ ਹਨ, ਉਹ ਉਹਨਾਂ ਦੇ ਅਭਿਆਸ ਦਾ ਹੀ ਨਤੀਜਾ ਹੁੰਦੇ ਹਨ, ਇਸ ਲਈ ਵਿਦਿਆਰਥੀਆਂ ਨੂੰ ਆਪਣੇ ਮਕਸਦ ਵਿੱਚ ਸਫਲ ਹੋਣ ਲਈ ਹਮੇਸ਼ਾ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ ।

ਸਫਲਤਾ ਲਈ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਨੂੰ ਜ਼ਰੂਰ ਪਰਖਣਾ ਚਾਹੀਦਾ ਹੈ । ਕੈਰੀਅਰ ਸੰਬੰਧੀ ਫੈਸਲਾ ਸਭ ਤੋਂ ਪਹਿਲਾਂ ਆਪਣੇ-ਆਪ ਵਿੱਚ ਕਰਨਾ ਚਾਹੀਦਾ ਹੈ ਕਿ ਅਸੀਂ ਕਿਸ ਖੇਤਰ ਵਿੱਚ ਜਾਣਾ ਹੈ । ਜਿਸ ਖੇਤਰ ਵਿੱਚ ਤੁਸੀਂ ਜਾਣ ਦਾ ਦ੍ਰਿੜ੍ਹ ਨਿਸ਼ਚਾ ਕਰ ਲਿਆ ਤਾਂ ਉਸ ਖੇਤਰ ਦੇ ਮਾਹਿਰ ਦਾ ਮਸ਼ਵਰਾ ਜ਼ਰੂਰ ਲੈਣਾ ਚਾਹੀਦਾ ਹੈ । ਜ਼ਿਆਦਾਤਰ ਵਿਦਿਆਰਥੀਆਂ ਨੂੰ ਸਮਝ ਨਹੀਂ ਆਉਂਦੀ ਕਿ ਉਹ ਕਿਸ ਤਰ੍ਹਾਂ ਦੀ ਪੜ੍ਹਾਈ ਕਰਨ । ਪ੍ਰਤਿਭਾ ਪਛਾਣੇ ਬਗੈਰ ਅਤੇ ਮਾਰਗ ਦਰਸ਼ਨ ਦੀ ਅਣਹੋਂਦ ਕਰਕੇ ਉਹ ਗਲਤ ਰਾਹ ਚੁਣ ਕੇ ਆਪਣੇ ਮੂਲ ਦੀ ਪਛਾਣ ਨਹੀਂ ਕਰ ਪਾਉਂਦੇ । ਆਪਣੀ ਪ੍ਰਭਿਤਾ ਦੀ ਪਛਾਣ ਕਰਨੀ, ਸਖ਼ਤ ਮਿਹਨਤ, ਲਗਨ, ਟੀਚਾ, ਅਭਿਆਸ, ਅਨੁਸ਼ਾਸਨ, ਸਮੇਂ ਦੀ ਕਦਰ, ਯੋਜਨਾਬੰਦੀ, ਸਵੈ-ਵਿਸ਼ਵਾਸ, ਆਤਮ-ਵਿਸ਼ਵਾਸ ਤੇ ਸਕਾਰਾਤਮਕ ਨਜ਼ਰੀਆ ਸਫਲਤਾ ਦੇ ਮੂਲ ਮੰਤਰ ਹਨ ।

ਬੱਚਿਆਂ ਨੂੰ ਮੋਬਾਇਲ ਫੋਨ ਤੋਂ ਦੂਰ ਰੱਖਣ ਦੀ ਲੋੜ ਹੈ । ਵੇਖਣ ਵਿੱਚ ਆਇਆ ਹੈ ਕਿ ਛੋਟੇ ਬੱਚੇ ਸਮਾਂ ਮਿਲਣ 'ਤੇ ਮੋਬਾਇਲ ਫੋਨ 'ਤੇ ਗੇਮਾਂ ਹੀ ਖੇਡਦੇ ਰਹਿੰਦੇ ਹਨ ਜਾਂ ਕਾਰਟੂਨ ਵੇਖਦੇ ਰਹਿੰਦੇ ਹਨ । ਮੋਬਾਇਲ ਦੀ ਜ਼ਿਆਦਾ ਵਰਤੋਂ ਨਾਲ ਬੱਚਿਆਂ ਦੀ ਸਿਹਤ 'ਤੇ ਵੀ ਬੁਰਾ ਅਸਰ ਪੈਂਦਾ ਹੈ । ਆਨਲਾਈਨ ਪੜ੍ਹਾਈ ਜਾਂ ਜ਼ਰੂਰਤ ਅਨੁਸਾਰ ਸਿੱਖਿਆ ਨਾਲ ਸੰਬੰਧਤ ਗਿਆਨ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਜ਼ਰੂਰਤ ਅਨੁਸਾਰ ਹੀ ਬੱਚਿਆਂ ਨੂੰ ਮੋਬਾਇਲ ਫੋਨ ਦੀ ਵਰਤੋਂ ਕਰਨ ਲਈ ਮੋਬਾਇਲ ਦੇਣਾ ਚਾਹੀਦਾ ਹੈ । ਪੜ੍ਹਦੇ ਸਮੇਂ ਜਾਂ ਪੇਪਰ ਦੀ ਤਿਆਰੀ ਕਰਦੇ ਸਮੇਂ ਮੋਬਾਇਲ ਫੋਨ ਬੱਚਿਆਂ ਨੂੰ ਨਹੀਂ ਦੇਣਾ ਚਾਹੀਦਾ ਤਾਂ ਜੋ ਬੱਚੇ ਧਿਆਨ ਕੇਂਦਰਿਤ ਕਰਕੇ ਪੜ੍ਹ ਸਕਣ ਤੇ ਚੰਗੇ ਨਤੀਜੇ ਮਿਲ ਸਕਣ । ਛੋਟੇ ਬੱਚਿਆਂ ਨੂੰ ਮੋਬਾਇਲ ਤੋਂ ਦੂਰ ਰੱਖਣ ਦੀ ਲੋੜ ਹੈ ਤਾਂ ਜੋ ਕੀਮਤੀ ਸਮੇਂ ਨੂੰ ਕਿਤਾਬਾਂ ਪੜ੍ਹਨ ਵਿੱਚ ਲਾਉਣ ਤੇ ਚੰਗੇ ਨੰਬਰ ਹਾਸਲ ਕਰਨ । 14 ਜਾਂ 15 ਸਾਲ ਦੀ ਉਮਰ ਵਿੱਚ ਬੱਚਿਆਂ ਵਿੱਚ ਜ਼ਿਆਦਾ ਤਬਦੀਲੀਆਂ ਆਉਂਦੀਆਂ ਹਨ । ਇਸ ਉਮਰ ਵਿੱਚ ਕਾਫੀ ਸੰਭਲਣ ਦੀ ਜ਼ਰੂਰਤ ਪੈਂਦੀ ਹੈ । ਇਸ ਉਮਰ ਵਿੱਚ ਮਾਪੇ ਜੇਕਰ ਬੱਚਿਆਂ ਦੀ ਜੀਵਨ ਯਾਤਰਾ ਸ਼ੁਰੂ ਕਰਨ ਵਿੱਚ ਮਦਦ ਕਰਨ ਤਾਂ ਉਹ ਇੱਕ ਦਿਨ ਜ਼ਰੂਰ ਉੱਚੀਆਂ ਮੰਜ਼ਲਾਂ ਦਾ ਸਫ਼ਰ ਤੈਅ ਕਰ ਸਕਣਗੇ । ਵੈਸੇ ਇਹ ਸਮਾਂ ਬੱਚਿਆਂ ਲਈ ਬੇਹੱਦ ਨਾਜ਼ੁਕ ਹੁੰਦਾ ਹੈ ।

ਮਾਤਾ-ਪਿਤਾ ਨੂੰ ਬਚਪਨ ਤੋਂ ਹੀ ਬੱਚਿਆਂ ਅੰਦਰ ਚੰਗੀਆਂ ਆਦਤਾਂ ਉਤਪੰਨ ਕਰਨੀਆਂ ਚਾਹੀਦੀਆ ਹਨ । ਸਵੇਰੇ ਜਲਦੀ ਉੱਠਣਾ, ਸਮੇਂ ਸਿਰ ਸਕੂਲ ਜਾਣਾ, ਵੱਡਿਆਂ ਦਾ ਸਤਿਕਾਰ ਕਰਨਾ, ਮਾੜੀ ਸੰਗਤ ਤੋਂ ਬਚਣਾ, ਪੌਸ਼ਟਿਕ ਭੋਜਨ ਖਾਣਾ, ਚੰਗੀਆਂ ਕਿਤਾਬਾਂ ਪੜ੍ਹਨਾ, ਰਾਤ ਨੂੰ ਜਲਦੀ ਸੌਣਾ, ਨੈਤਿਕ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣਾ ਆਦਿ ਚੰਗੀਆਂ ਆਦਤਾਂ ਹਨ । ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਮਝਣ ਲਈ ਦੋਸਤਾਨਾ ਰਿਸ਼ਤਾ, ਬਿਨਾਂ ਅਲੋਚਨਾ ਦੇ ਸੁਣਨਾ, ਉਨ੍ਹਾਂ ਨਾਲ ਸਮਾਂ ਬਿਤਾਉਣਾ, ਉਨ੍ਹਾਂ ਵੱਲੋਂ ਕੀਤੇ ਜਾਂਦੇ ਕੰਮਾਂ ਵਿੱਚ ਭਾਗ ਲੈਣਾ, ਸਤਿਕਾਰ ਦੇਣਾ, ਕਦੇ ਵੀ ਵਾਅਦਾ ਨਾ ਤੋੜਨਾ ਆਦਿ ਬਹੁਤ ਹੀ ਵਧੀਆ ਸਿਹਤਮੰਦ ਰਿਸ਼ਤਾ ਕਾਇਮ ਰਹਿੰਦਾ ਹੈ । ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਨੂੰ ਅਧਿਆਪਕਾਂ ਦਾ ਸਤਿਕਾਰ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ, ਕਿਉਂਕਿ ਅਧਿਆਪਕ ਬੱਚੇ ਦੇ ਦੂਜੇ ਮਾਪੇ ਹੁੰਦੇ ਹਨ । ਬੱਚੇ ਨੂੰ ਨੇੜੇ ਦੇ ਧਾਰਮਿਕ ਸਥਾਨ ਵਿੱਚ ਜਾਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ । ਇਸ ਨਾਲ ਬੱਚੇ ਦੇ ਮਨ ਦੀ ਸ਼ਾਂਤੀ ਤੇ ਦ੍ਰਿੜ੍ਹਤਾ ਵਧਦੀ ਹੈ । ਇਸ ਤਰ੍ਹਾਂ ਬੱਚੇ ਦਾ ਸਰਬਪੱਖੀ ਵਿਕਾਸ ਹੋ ਕੇ ਜੀਵਨ ਬਦਲ ਸਕਦਾ ਹੈ ਤੇ ਉਹ ਆਪਣੀ ਮੰਜ਼ਲ ਪ੍ਰਾਪਤ ਕਰ ਸਕਦਾ ਹੈ ।

**# ਸੰਪਰਕ : 98146-62260**

CMYK

# ਜਲੰਧਰ ਚੋਣ ਲੰਘਦਿਆਂ ਹੀ ਸ਼੍ਰੋਮਣੀ ਕਮੇਟੀ ਨੇ ਦਲਿਤ ਭਾਈਚਾਰੇ ਨੂੰ ਪੜ੍ਹਾਇਆ ਸਬਕ

**☛ ਟਾਸਕ ਫੋਰਸ ਨੇ ਛੱਲੀਆਂ ਵਾਂਗੂੰ ਕੁੱਟੇ ਦਲਿਤ ਭਾਈਚਾਰੇ ਦੇ ਲੋਕ ☛ ਸੈਂਕੜੇ ਸਾਲ ਪੁਰਾਣਾ ਗੁਰੂ ਘਰ ਖੋਹ ਕੇ ਕਈ ਏਕੜ ਜ਼ਮੀਨ 'ਤੇ ਕੀਤਾ ਕਬਜ਼ਾ**



**ਤਲਵੰਡੀ ਸਾਬੋ (ਜਗਦੀਪ ਗਿੱਲ)**-ਜਲੰਧਰ ਦੀ ਜ਼ਿਮਨੀ ਚੋਣ ਲੰਘਦਿਆਂ ਹੀ ਸੈਂਕੜਿਆਂ ਦੀ ਗਿਣਤੀ ਵਿੱਚ ਟਾਸਕ ਫੋਰਸ ਨੇ ਧਾਵਾ ਬੋਲ ਕੇ ਸ਼੍ਰੋਮਣੀ ਕਮੇਟੀ ਵੱਲੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਹਮਣੇ ਬਣੇ ਗੁਰਦੁਆਰਾ 'ਨਾਨਕਸਰ ਬੁੰਗਾ ਰਵਿਦਾਸੀਏ ਸਿੰਘਾਂ' ਉੱਪਰ ਨਾ ਸਿਰਫ ਕਬਜ਼ਾ ਕਰ ਲਿਆ ਹੈ, ਸਗੋਂ ਉਸ ਗੁਰੂ ਘਰ ਦੇ ਪ੍ਰਬੰਧ ਹੇਠਲੀ ਕਈ ਏਕੜ ਕੀਮਤੀ ਜ਼ਮੀਨ ਜਿਹੜੀ ਅੰਗਰੇਜ਼ ਹਕੂਮਤ ਦੇ ਵਕਤ ਤੋਂ ਹੀ ਉਕਤ ਪ੍ਰਬੰਧ ਅਧੀਨ ਚੱਲ ਰਹੀ ਸੀ, ਨੂੰ ਵੀ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ।

ਇਸ ਕਬਜ਼ਾ ਕਾਰਵਾਈ ਮੌਕੇ ਵਿਰੋਧ ਕਰ ਰਹੇ ਸਥਾਨਕ ਦਲਿਤ ਭਾਈਚਾਰੇ ਦੇ ਵੱਡੀ ਗਿਣਤੀ ਲੋਕਾਂ ਵਿੱਚੋਂ ਕਈ ਦਲਿਤ ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਆ ਰਹੀ ਹੈ। ਮੌਕੇ ਤੋਂ ਇਕੱਤਰ ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਤੇ ਦਲਿਤ ਲੋਕਾਂ ਦਰਮਿਆਨ ਸਵੇਰੇ ਅੱਠ ਵਜੇ ਦੇ ਕਰੀਬ ਉਸ ਵਕਤ ਡਾਂਗਾਂ ਤੇ ਕਿਰਪਾਨਾਂ ਚਲਦੀਆਂ ਦਿਖਾਈ ਦਿੱਤੀਆਂ, ਜਦੋਂ ਉਕਤ ਦਲਿਤ ਭਾਈਚਾਰੇ ਦੇ ਲੋਕ ਆਪਣੇ ਆਗੂਆਂ ਦੀ ਅਗਵਾਈ ਵਿੱਚ ਗੁਰੂ ਘਰ ਦੇ ਅੰਦਰ ਜਾਣਾ ਚਾਹੁੰਦੇ ਸਨ, ਜਦੋਂਕਿ ਟਾਸਕ ਫੋਰਸ ਅਜਿਹਾ ਕਰਨ ਦੀ ਆਗਿਆ ਨਹੀਂ ਸੀ ਦੇ ਰਹੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਸ ਕਥਿਤ ਧਿੰਗਾਜ਼ੋਰੀ ਦੇ ਚਲਦਿਆਂ ਬਹੁਜਨ ਸਮਾਜ ਪਾਰਟੀ ਦੀ ਅਗਵਾਈ ਵਿੱਚ ਦਲਿਤ ਭਾਈਚਾਰੇ ਦੇ ਸੈਂਕੜੇ ਲੋਕਾਂ ਵੱਲੋਂ ਤਖਤ ਸਾਹਿਬ ਦੇ ਸਾਹਮਣੇ ਰੋਸ ਧਰਨਾ ਸ਼ੁਰੂ ਕਰ ਦਿੱਤਾ ਗਿਆ ਹੈ, ਜੋ ਸ਼ਾਇਦ ਇਨਸਾਫ ਦਿੱਤੇ ਜਾਣ ਤੱਕ ਜਾਰੀ ਰੱਖਿਆ ਜਾਵੇਗਾ।

ਉਧਰ ਸ਼੍ਰੋਮਣੀ ਕਮੇਟੀ ਵੱਲੋਂ ਇਸ ਆਪ੍ਰੇਸ਼ਨ ਲਈ ਬੁਲਾਏ ਟਾਸਕ ਫੋਰਸ ਰੂਪੀ ਹਜੂਮ ਦੀ ਅਗਵਾਈ ਬੰਗੀ ਪਿੰਡ ਵਾਲਾ ਉਹ ਮੋਹਨ ਸਿੰਘ ਕਰ ਰਿਹਾ ਨਜ਼ਰੀਂ ਪੈ ਰਿਹਾ ਸੀ, ਜਿਹੜਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਹੈ ਹੀ, ਸਗੋਂ ਐੱਸ ਜੀ ਪੀ ਸੀ ਦੀ ਕਾਰਜਕਾਰਨੀ ਦਾ ਮੈਂਬਰ ਵੀ ਹੈ। ਟਾਸਕ ਫੋਰਸ ਨਾਲ ਹੋਈ ਝੜਪ ਪਿੱਛੋਂ ਧਰਨੇ ਵਾਲੀ ਥਾਂ ਪੁੱਜੇ ਮੋਹਣ ਸਿੰਘ ਬੰਗੀ ਨੂੰ ਦਲਿਤ ਭਾਈਚਾਰੇ ਦੇ ਪੀੜਤ ਲੋਕਾਂ ਵੱਲੋਂ ਕਾਫੀ ਖਰੀਆਂ-ਖਰੀਆਂ ਵੀ ਸੁਣਨੀਆਂ ਪਈਆਂ।

ਲੋਕਾਂ ਦੀ ਹਾਜ਼ਰੀ ਵਿੱਚ ਸ੍ਰ. ਬੰਗੀ ਨੂੰ ਸੰਬੋਧਤ ਹੁੰਦਿਆਂ ਅਤੇ ਐੱਸ ਜੀ ਪੀ ਸੀ ਉੱਪਰ ਸੰਗੀਨ ਦੋਸ਼ ਲਾਉਂਦਿਆਂ ਤਲਵੰਡੀ ਸਾਬੋ ਦੇ ਸਾਬਕਾ ਸਰਪੰਚ ਤੇ ਬਹੁਜਨ ਸਮਾਜ ਪਾਰਟੀ ਦੇ ਸੂਬਾਈ ਆਗੂ ਮਾਸਟਰ ਜਗਦੀਪ ਸਿੰਘ ਗੋਗੀ ਨੇ ਕਿਹਾ ਕਿ ਲਗਭਗ ਢਾਈ ਦਹਾਕੇ ਪਹਿਲਾਂ ਦਲਿਤ ਭਾਈਚਾਰੇ ਦਾ ਨਾ ਸਿਰਫ ਇੱਕ ਹੋਰ ਗੁਰੂਘਰ (ਬੋਹੜ ਖਾਈ) ਇਸੇ ਤਰ੍ਹਾਂ ਦਲਿਤਾਂ ਤੋਂ ਖੋਹ ਲਿਆ ਗਿਆ, ਸਗੋਂ ਉਸ ਦੇ ਮਹੰਤ ਨਾਲ ਵੀ ਬਹੁਤ ਮਾੜਾ ਭਾਣਾ ਵਾਪਰਿਆ ਸੀ।

ਮਾਸਟਰ ਜਗਦੀਪ ਨੇ ਦੋਸ਼ ਲਾਇਆ ਕਿ ਉੱਨੀ ਸੌ ਪਚੰਨਵੇਂ ਨੂੰ ਵਿਸਾਖੀ ਵਾਲੇ ਦਿਨ ਕਥਿਤ ਤੌਰ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਲੋਕਾਂ ਨੇ ਨਾ ਸਿਰਫ ਉਕਤ ਬੁੰਗਾ ਬੋਹੜ ਖਾਈ ਵਿੱਚ ਚੱਲਦਾ ਸ੍ਰੀ ਅਖੰਡ ਪਾਠ ਸਾਹਿਬ ਖੰਡਿਤ ਕੀਤਾ ਸੀ, ਸਗੋਂ ਉਕਤ 90 ਸਾਲਾ ਬਜ਼ੁਰਗ ਮਹੰਤ ਨਾਲ ਵਾਪਰੇ ਜਾਂ ਵਰਤਾ ਦਿੱਤੇ ਗਏ ਭਾਣੇ ਪਿੱਛੋਂ ਉਸ ਦੀ ਛੇ ਏਕੜ ਜ਼ਮੀਨ ਵੀ ਸ਼੍ਰੋਮਣੀ ਕਮੇਟੀ ਵਾਹ ਰਹੀ ਹੈ।

# ਤਨਖਾਹਾਂ ਨਾ ਮਿਲਣ ਦੇ ਰੋਸ 'ਚ ਤੀਸਰੇ ਦਿਨ ਵੀ ਪ੍ਰਦਰਸ਼ਨ



ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਸਫਾਈ ਸੇਵਕ ਯੂਨੀਅਨ ਗਿੱਦੜਬਾਹਾ ਵੱਲੋਂ ਪ੍ਰਧਾਨ ਰਾਜੇਸ਼ ਕੁਮਾਰ ਬੌਬੀ ਟਾਂਕ ਦੀ ਅਗਵਾਈ ਵਿੱਚ ਤਨਖਾਹਾਂ ਨਾਲ ਮਿਲਣ ਦੇ ਰੋਸ ਵਿੱਚ ਅੱਜ ਤੀਸਰੇ ਦਿਨ ਵੀ ਗਿੱਦੜਬਾਹਾ ਸ਼ਹਿਰ ਅੰਦਰ ਰੋਸ ਮਾਰਚ ਕੀਤਾ ਗਿਆ ਅਤੇ ਰੋਸ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਆਗੂਆਂ ਨੇ ਪੰਜਾਬ ਸਰਕਾਰ ਖਿਲਾਫ ਆਪਣਾ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਸਫਾਈ ਸੇਵਕਾਂ ਦੇ ਪਰਿਵਾਰਾਂ ਨੂੰ ਰੋਟੀ ਦੇ ਲਾਲੇ ਪੈ ਗਏ ਹਨ, ਬੱਚਿਆਂ ਦੀ ਪੜ੍ਹਾਈ ਦੇ ਖਰਚੇ, ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰਥ ਸਫਾਈ ਸੇਵਕ ਆਪਣੀ ਬਿਮਾਰੀ ਦਾ ਇਲਾਜ ਵੀ ਨਹੀਂ ਕਰਵਾ ਸਕਦਾ, ਕੀ ਇਹੀ ਬਦਲਾਅ ਹੈ? ਇਸ ਸੰਬੰਧੀ ਜਾਣਕਾਰੀ ਦਿੰਦੇ ਯੂਨੀਅਨ ਦੇ ਪ੍ਰਧਾਨ ਰਾਜੇਸ਼ ਕੁਮਾਰ ਬੌਬੀ ਟਾਂਕ ਨੇ ਦੱਸਿਆ ਕਿ ਅਸੀਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਅੱਜ ਤੀਸਰੇ ਦਿਨ ਵੀ ਆਪਣਾ ਰੋਸ ਪ੍ਰਦਰਸ਼ਨ ਕੀਤਾ ਹੈ ਤੇ ਜਦ ਤੱਕ ਸਾਡੀਆਂ ਮੰਗਾਂ ਮੰਨੀਆਂ ਨਹੀਂ ਜਾਂਦੀਆਂ, ਸਾਡੀਆਂ ਤਨਖਾਹਾਂ ਸਾਨੂੰ ਮਿਲ ਨਹੀਂ ਜਾਂਦੀਆਂ, ਅਸੀਂ ਆਪਣਾ ਸੰਘਰਸ਼ ਜਾਰੀ ਰੱਖਾਂਗੇ। ਉਨ੍ਹਾਂ ਕਿਹਾ ਕਿ ਪਿਛਲੇ ਕਰੀਬ 3-4 ਮਹੀਨਿਆਂ ਤੋਂ ਸਫਾਈ ਸੇਵਕਾਂ ਤੇ ਦਫਤਰੀ ਸਟਾਫ ਨੂੰ ਵੀ ਕਈ ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ। ਉਨ੍ਹਾਂ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰ ਤੇ ਵਿਭਾਗ ਨੇ ਸਾਡੀ ਕੋਈ ਵੀ ਸੁਣਵਾਈ ਨਹੀਂ ਕੀਤੀ, ਜਿਸ ਦੇ ਰੋਸ ਵਜੋਂ ਸਰਕਾਰ ਤੇ ਵਿਭਾਗ ਦੇ ਕੰਨਾਂ ਵਿੱਚ ਆਪਣੀ ਅਵਾਜ਼ ਪਾਉਣ ਲਈ ਸਾਨੂੰ ਸ਼ਹਿਰ ਅੰਦਰ ਕੂੜੇ ਦੀਆਂ ਟਰਾਲੀਆਂ ਭਰ ਕੇ ਪ੍ਰਦਰਸ਼ਨ ਕਰਨਾ ਪੈ ਰਿਹਾ ਹੈ, ਜੇਕਰ ਜਲਦੀ ਸੁਣਵਾਈ ਨਾ ਹੋਈ ਤਾਂ ਅਸੀਂ ਸ਼ਹਿਰ ਅੰਦਰ ਕੂੜੇ ਦੇ ਢੇਰ ਲਗਾਵਾਂਗੇ। ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਦੀਆਂ 3-4 ਮਹੀਨਿਆਂ ਦੀਆਂ ਤਨਖਾਹਾਂ ਤੁਰੰਤ ਜਾਰੀ ਕੀਤੀਆਂ ਜਾਣ। ਇਸ ਮੌਕੇ ਵਿਜੇ ਮੇਟ, ਰਜਿੰਦਰ ਕੁਮਾਰ ਮੇਟ, ਪਵਨ, ਇੰਦਰ ਜੀਤ, ਨੀਲਮ ਰਾਣੀ, ਚੁਨੀਆਂ ਜੈਨ, ਦੇਸ ਰਾਜ, ਸੱਤਪਾਲ, ਕ੍ਰਿਸ਼ਨ ਲਾਲ ਟਾਂਕ, ਬਾਲੇ ਰਾਮ ਮੇਟ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਫਾਈ ਸੇਵਕ ਹਾਜ਼ਰ ਸਨ।

# ਲਾਂਸ ਨਾਇਕ ਸ਼ਹੀਦ ਜਸਵੀਰ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ



**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਪਿੰਡ ਵਜੀਦਕੇ ਕਲਾਂ (ਬਰਨਾਲਾ) ਦੇ ਜੰਮਪਲ ਲਾਂਸ ਨਾਇਕ ਸ਼ਹੀਦ ਜਸਵੀਰ ਸਿੰਘ (27) ਪੁੱਤਰ ਕੁਲਦੀਪ ਸਿੰਘ, ਜੋ ਬੀਤੇ ਦਿਨੀਂ ਜੰਮੂ-ਕਸ਼ਮੀਰ ਦੇ ਪੁੰਛ ਸੈਕਟਰ ਸਰਹੱਦ ਨੇੜੇ ਦੇਸ਼ ਦੀ ਏਕਤਾ ਅਖੰਡਤਾ ਦੀ ਰਾਖੀ ਕਰਦਿਆਂ ਗੋਲੀ ਲੱਗਣ ਨਾਲ ਸ਼ਹੀਦ ਹੋ ਗਿਆ ਸੀ, ਦਾ ਅੰਤਿਮ ਸੰਸਕਾਰ ਸ਼ੁੱਕਰਵਾਰ ਜੱਦੀ ਪਿੰਡ ਵਜੀਦਕੇ ਕਲਾਂ ਵਿਖੇ ਬਹੁਤ ਹੀ ਗਮਗੀਨ ਮਹੌਲ 'ਚ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਫੌਜੀ ਜਵਾਨਾਂ ਦੀ ਟੁਕੜੀ ਵੱਲੋਂ ਹਵਾਈ ਫਾਇਰ ਕਰਕੇ ਸਲਾਮੀ ਦਿੱਤੀ ਗਈ। ਇਸ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪੰਜਾਬ ਸਰਕਾਰ ਦੀ ਤਰਫੋਂ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਇਸ ਮਹਾਨ ਯੋਧੇ ਦੀ ਸ਼ਾਨਦਾਰ ਯਾਦਗਾਰ ਬਣਾਈ ਜਾਵੇਗੀ। ਐੱਸ ਡੀ ਐੱਮ ਸੁਖਪਾਲ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਫੁੱਲ ਮਲਾਵਾਂ ਅਰਪਿਤ ਕੀਤੀਆਂ। ਸੰਤ ਟੇਕ ਸਿੰਘ ਧਨੌਲਾ, ਚੇਅਰਮੈਨ ਗੁਰਦੀਪ ਸਿੰਘ ਬਾਠ, ਤਹਿਸੀਲਦਾਰ ਬਲਦੇਵ ਰਾਜ, ਐਡਵੋਕੇਟ ਜਸਵੀਰ ਸਿੰਘ ਖੇੜੀ, ਪ੍ਰਧਾਨ ਜਗਸੀਰ ਸਿੰਘ ਛੀਨੀਵਾਲ, ਸੁਸ਼ੀਲ ਕੁਮਾਰ ਬਾਂਸਲ, ਨਾਥ ਸਿੰਘ ਹਮੀਦੀ, ਕੁਲਵੰਤ ਸਿੰਘ ਟਿੱਬਾ, ਯਾਦਵਿੰਦਰ ਸਿੰਘ ਦੀਵਾਨਾ, ਗੁਰਮੇਲ ਸਿੰਘ ਮੌੜ, ਪ੍ਰੈੱਸ ਕਲੱਬ ਮਹਿਲ ਕਲਾਂ ਦੇ ਚੇਅਰਮੈਨ ਅਵਤਾਰ ਸਿੰਘ ਅਣਖੀ, ਜਰਨੈਲ ਸਿੰਘ ਸਹਿਜੜਾ, ਮਨਦੀਪ ਸਿੰਘ ਸਿੱਧੂ ਤੋਂ ਇਲਾਵਾ ਵੱਡੀ ਗਿਣਤੀ 'ਚ ਸ਼ਾਮਲ ਆਗੂਆਂ, ਸਾਬਕਾ ਸੈਨਿਕਾਂ ਤੇ ਪਿੰਡ ਦੇ ਲੋਕਾਂ ਨੇ ਹੰਝੂਆਂ ਭਰੀ ਅੰਤਿਮ ਵਿਦਾਇਗੀ ਦਿੱਤੀ।

## ਕਾਤਰਾਂ

### ਸੱਤਿਆ ਭਾਰਤੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਦੀਆਂ ਕੁੜੀਆਂ ਨੇ ਮਾਰੀ ਬਾਜ਼ੀ

**ਜਗਰਾਉਂ (ਅਮਿਤ ਖੰਨਾ)** ਸੀ.ਬੀ.ਐੱਸ .ਈ ਵੱਲੋਂ ਐਲਾਨੇ ਨਤੀਜੇ ਵਿੱਚ ਸੱਤਿਆ ਭਾਰਤੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਸ਼ੇਰਪੁਰ ਕਲਾਂ ਦੇ ਦਸਵੀਂ ਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ। ਸਕੂਲ ਦਾ ਨਤੀਜਾ 100% ਰਿਹਾ। ਜਮਾਤ ਬਾਰ੍ਹਵੀਂ 'ਚੋਂ ਅਨਮੋਲਪ੍ਰੀਤ ਕੌਰ ਨੇ 97% ਨੰਬਰ ਪ੍ਰਾਪਤ ਕਰਕੇ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ। ਦੂਜੀ ਤੇ ਤੀਜੀ ਪੁਜ਼ੀਸ਼ਨ ਕ੍ਰਮਵਾਰ ਅਨਮੋਲਦੀਪ ਕੌਰ ਤੇ ਅਮਰਦੀਪ ਕੌਰ ਨੇ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਜਮਾਤ ਦਸਵੀਂ 'ਚੋਂ ਅਰਸ਼ਪ੍ਰੀਤ ਕੌਰ ਨੇ 93% ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਪ੍ਰਿੰਸੀਪਲ ਮੈਡਮ ਰਵਿੰਦਰ ਕੌਰ ਵੱਲੋਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਇਸੇ ਤਰ੍ਹਾਂ ਹੀ ਮਿਹਨਤ ਕਰਦੇ ਰਹਿਣ ਅਤੇ ਜੀਵਨ ਵਿੱਚ ਖ਼ੂਬ ਤਰੱਕੀਆਂ ਕਰਨ। ਪ੍ਰਿੰਸੀਪਲ ਮੈਡਮ ਰਵਿੰਦਰ ਕੌਰ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਾ ਕੇ ਆਪਣੀ ਖ਼ੁਸ਼ੀ ਸਾਂਝੀ ਕੀਤੀ।

### ਆਰਥਕ ਤੰਗੀ ਕਾਰਨ ਮਜ਼ਦੂਰ ਵੱਲੋਂ ਖੁਦਕੁਸ਼ੀ

**ਬਰੇਟਾ (ਰੀਤਵਾਲ)**-ਇੱਕ ਮਜ਼ਦੂਰ ਵੱਲੋਂ ਆਰਥਿਕ ਤੰਗੀ ਕਾਰਨ ਰੇਲ ਗੱਡੀ ਹੇਠਾਂ ਆ ਕੇ ਖੁਦਕੁਸ਼ੀ ਕਰਨ ਦਾ ਦੁੱਖਦਾਈ ਸਮਾਚਾਰ ਹੈ। ਰੇਲਵੇ ਪੁਲਸ ਚੌਕੀ ਬਰੇਟਾ ਦੇ ਜਾਂਚ ਅਧਿਕਾਰੀ ਨਿਰਮਲ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ ਬੀਤੇ ਦਿਨ ਸ਼ੁੱਕਰਵਾਰ ਦੀ ਸਵੇਰ ਬਰੇਟਾ ਡਰੇਨ ਦੇ ਨਜ਼ਦੀਕ ਜਾਖਲ ਤੋਂ ਬਠਿੰਡਾ ਵੱਲ ਜਾ ਰਹੀ ਇੱਕ ਮਾਲ ਰੇਲ ਗੱਡੀ ਦੇ ਹੇਠ ਆ ਕੇ ਬਲਕੌਰ ਸਿੰਘ (42) ਵਾਸੀ ਬਰੇਟਾ ਨੇ ਆਰਥਿਕ ਤੰਗੀ ਦੇ ਚਲਦਿਆਂ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਕਰਮਜੀਤ ਕੌਰ ਦੇ ਬਿਆਨਾਂ ਅਨੁਸਾਰ ਮ੍ਰਿਤਕ ਵਿਅਕਤੀ ਆਰਥਿਕ ਤੰਗੀ ਦੇ ਕਾਰਨ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਇਸੇ ਪ੍ਰੇਸ਼ਾਨੀ ਦੇ ਕਾਰਨ ਉਸ ਨੇ ਇਹ ਕਦਮ ਚੁੱਕ ਲਿਆ। ਮ੍ਰਿਤਕ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਦੋ ਲੜਕੇ ਛੱਡ ਗਿਆ ਹੈ। ਜਾਂਚ ਅਧਿਕਾਰੀ ਨੇ ਕਿਹਾ ਕਿ 174 ਦੀ ਕਾਰਵਾਈ ਕਰਦਿਆਂ ਪੋਸਟਮਾਰਟਮ ਕਰਾਉਣ ਉਪਰੰਤ ਲਾਸ਼ ਵਾਰਿਸਾਂ ਨੂੰ ਸੌਂਪ ਦਿੱਤੀ ਹੈ।

### ਅੱਜ ਬਿਜਲੀ ਬੰਦ ਰਹੇਗੀ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪਾਵਰਕਾਮ ਸ਼ਹਿਰੀ ਉੱਪ ਮੰਡਲ ਦੇ ਐੱਸ ਡੀ ਓ ਗੁਰਦੀਪਇੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 11 ਕੇ ਵੀ ਗਊਸ਼ਾਲਾ ਫੀਡਰ ਦੀ ਜ਼ਰੂਰੀ ਰਿਪੇਅਰ ਕਾਰਨ 13 ਮਈ ਨੂੰ ਧਰਮਪੁਰਾ ਮੁਹੱਲਾ, ਜਨਤਾ ਨਗਰ, ਅੱਗਰਵਾਲ ਕਾਲੋਨੀ, ਰੇਲਵੇ ਫਾਟਕ, ਮਹਾਂਵੀਰ ਮੰਦਿਰ ਰੋਡ, ਵਿਸ਼ਵਕਰਮਾ ਮੰਦਿਰ ਰੋਡ, ਗਊਸ਼ਾਲਾ ਰੋਡ ਤੇ ਬਾਗੜੀਆਂ ਰੋਡ ਏਰੀਏ ਦੀ ਬਿਜਲੀ ਸਪਲਾਈ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਬੰਦ ਰਹੇਗੀ।

### ਦਿਲ ਦੀਆਂ ਬਿਮਾਰੀਆਂ ਸੰਬੰਧੀ ਮੁਫਤ ਚੈੱਕਅੱਪ ਕੈਂਪ ਭਲਕੇ

**ਭੀਖੀ, (ਧਰਮਵੀਰ ਸ਼ਰਮਾ)**-ਪੰਜਾਬ ਕੈਮਿਸਟ ਐਸੋਸੀਏਸ਼ਨ ਬਲਾਕ ਭੀਖੀ ਵੱਲੋਂ ਡਾ. ਵਿਵੇਕ ਹਾਰਟ ਐਂਡ ਮਲਟੀਸਪੈਸ਼ਲਿਟੀ ਹਸਪਤਾਲ ਦੇ ਸਹਿਯੋਗ ਨਾਲ ਪ੍ਰਧਾਨ ਡਾ. ਮਨਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਦਿਲ ਤੇ ਸਾਹ ਦੀਆਂ ਬਿਮਾਰੀਆਂ ਦਾ ਚੈੱਕਅੱਪ ਕੈਂਪ 14 ਮਈ ਨੂੰ ਸ਼ਿਵ ਮੰਦਰ ਭੀਖੀ ਵਿਖੇ ਸਵੇਰੇ 10 ਵਜੇ ਤੋਂ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਧਾਨ ਮਨਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਮੌਕੇ ਮਰੀਜ਼ਾਂ ਦਾ ਚੈੱਕਅੱਪ, ਬਲੱਡ ਸ਼ੂਗਰ, ਈਸੀਜੀ ਤੇ ਸਾਹ ਦੇ ਟੈਸਟ ਬਿਲਕੁੱਲ ਮੁਫਤ ਕੀਤੇ ਜਾਣਗੇ ਅਤੇ ਜ਼ਰੂਰਤਮੰਦ ਮਰੀਜ਼ਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ।

# ਰਸਤੇ ਨਾ ਦੇਣ ਵਿਰੁੱਧ ਕਿਸਾਨਾਂ ਨੇ ਐਕਸਪ੍ਰੈੱਸ-ਵੇਅ 'ਤੇ ਲਾਇਆ ਧਰਨਾ

**ਪਾਤੜਾਂ, (ਨਿਸ਼ਾਨ ਸਿੰਘ ਬਣਵਾਲਾ)**-ਕੇਂਦਰ ਸਰਕਾਰ ਵੱਲੋਂ ਭਾਰਤ ਮਾਲਾ ਪ੍ਰਾਜੈਕਟ ਤਹਿਤ ਸੀ ਡੀ ਐੱਸ ਇੰਫਰਾਸਟਕਰਚ ਪ੍ਰਾਈਵੇਟ ਕੰਪਨੀ ਵੱਲੋਂ 10 ਤੋਂ 12 ਫੁੱਟ ਉੱਚੇ ਜੰਮੂ ਕਟੜਾ ਐਕਸਪ੍ਰੈੱਸ-ਵੇਅ ਮਾਰਗ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਮਾਰਗ ਦੀ ਉਸਾਰੀ ਕਰਦੀ ਕੰਪਨੀ ਵੱਲੋਂ ਕਿਸਾਨਾਂ ਨਾਲ ਕੀਤੇ ਵਾਅਦੇ ਅਨੁਸਾਰ ਮਾਰਗ ਹੇਠੋਂ ਤੇ ਸਾਈਡਾਂ ਤੋਂ ਰਸਤਾ ਨਾ ਦਿੱਤੇ ਜਾਣ ਤੋਂ ਦੁਖੀ ਕਿਸਾਨਾਂ ਨੇ ਉਕਤ ਮਾਰਗ ਉੱਤੇ ਧਰਨਾ ਦੇ ਕੇ ਕੰਪਨੀ ਤੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਇਸੇ ਦੌਰਾਨ ਧਰਨਾਕਾਰੀਆਂ ਨੇ ਸਪਸ਼ਟ ਕੀਤਾ ਕਿ ਜਦੋਂ ਤੱਕ ਉਨ੍ਹਾਂ ਨੂੰ ਰਸਤੇ ਨਹੀਂ ਛੱਡੇ ਜਾਂਦੇ, ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ। ਦੂਜੇ ਪਾਸੇ ਕੰਪਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਕਿਸਾਨਾਂ ਨੂੰ ਰਸਤਾ ਦੇਣ ਤੋਂ ਕਦੇ ਇਨਕਾਰ ਨਹੀਂ ਕੀਤਾ, ਪਰ ਉਹ ਜਾਣ-ਬੁੱਝ ਕੇ ਚੱਲਦੇ ਕੰਮ ਵਿੱਚ ਅੜਿੱਕੇ ਲਾ ਰਹੇ ਹਨ।

ਧਰਨਾਕਾਰੀਆਂ ਵਿੱਚ ਸ਼ਾਮਲ ਸਨ ਦੇ ਸਰਪੰਚ ਸੰਦੀਪ ਸਿੰਘ, ਕਰਾਂਤੀਕਾਰੀ ਯੂਨੀਅਨ ਦੇ ਆਗੂ ਮਨਜੀਤ ਸਿੰਘ, ਭੁਪਿੰਦਰ ਸਿੰਘ, ਸੁਰਜੀਤ ਸਿੰਘ, ਗੁਰਬਚਨ ਸਿੰਘ, ਹਰਜੀਤ ਸਿੰਘ, ਜਸਕਰਨ ਸਿੰਘ ਤੇ ਰਣਜੀਤ ਸਿੰਘ ਨੇ ਕਿਹਾ ਕਿ ਸਰਕਾਰ ਨੇ ਜ਼ਮੀਨਾਂ ਅਕਵਾਇਰ ਕਰਨ ਸਮੇਂ ਉਨ੍ਹਾਂ ਦੇ ਖੇਤਾਂ ਨੂੰ ਜਾਣ ਵਾਲੇ ਰਸਤੇ ਦੇਣ ਵਾਅਦਾ ਕੀਤਾ ਸੀ, ਪਰ ਹੁਣ ਕੰਪਨੀ ਐਕਸਪ੍ਰੈੱਸ-ਵੇਅ ਦੇ ਹੇਠੋਂ ਤੇ ਸਾਈਡਾਂ ਤੋਂ ਰਸਤੇ ਦੇਣ ਤੋਂ ਭੱਜ ਰਹੀ ਹੈ। ਉਨ੍ਹਾਂ ਦੱਸਿਆ ਕਿ ਇਕ ਪਾਸੇ ਪੰਜਾਬ ਸਰਕਾਰ ਕਿਸਾਨਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣ ਦੇ ਦਾਅਵੇ ਕਰ ਰਹੀ ਹੈ, ਦੂਸਰੇ ਪਾਸੇ ਨਿਰਮਾਣ ਕਰ ਰਹੀ ਕੰਪਨੀ ਵੱਲੋਂ ਮਾਰਗ ਦੇ ਹੇਠਾਂ ਨਹਿਰੀ ਖਾਲੇ ਲਈ ਪਾਇਪ ਨਹੀਂ ਦੱਬੇ ਜਾ ਰਹੇ।

ਉਨ੍ਹਾਂ ਕਿਹਾ ਕਿ ਉਕਤ ਸਮੱਸਿਆ ਦੇ ਹੱਲ ਲਈ ਉਨ੍ਹਾਂ ਵੱਲੋਂ ਉੱਚ ਅਧਿਕਾਰੀਆਂ ਤੱਕ ਵਾਰ ਵਾਰ ਪਹੁੰਚ ਕਰਨ ਉਤੇ ਜਦੋਂ ਹੱਲ ਨਹੀਂ ਹੋ ਰਿਹਾ ਤਾਂ ਉਨ੍ਹਾਂ ਨੂੰ ਮਜਬੂਰੀ ਵੱਸ ਇਹ ਰਸਤਾ ਅਖਤਿਆਰ ਕਰਨਾ ਪਿਆ ਹੈ। ਇਸੇ ਦੌਰਾਨ ਮਾਰਗ ਦਾ ਨਿਰਮਾਣ ਕਰ ਰਹੀ ਕੰਪਨੀ ਦੇ ਅਧਿਕਾਰੀ ਮੁਕੇਸ਼ ਚੌਧਰੀ ਨੇ ਕਿਹਾ ਕਿ ਕੰਪਨੀ ਦੇ ਮੈਨੇਜਰ ਨਿਕਸ ਬੰਗੀ ਵੱਲੋਂ ਉਕਤ ਕਿਸਾਨ ਨੂੰ ਰਸਤੇ ਛੱਡਣ ਦਾ ਭਰੋਸਾ ਦਿੱਤਾ ਗਿਆ ਹੈ, ਪਰ ਉਹ ਜ਼ਿੱਦ ਕਰਕੇ ਕੰਪਨੀ ਦੇ ਕਾਰਜ ਵਿੱਚ ਅੜਿੱਕਾ ਬਣ ਰਹੇ ਹਨ।

# ਸੀ ਪੀ ਆਈ ਵੱਲੋਂ 'ਮੋਦੀ ਹਟਾਓ, ਦੇਸ਼ ਬਚਾਓ' ਮੁਹਿੰਮ ਤਹਿਤ ਪਿੰਡਾਂ 'ਚ ਝੰਡਾ ਮਾਰਚ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਮਾਲੇਰਕੋਟਲਾ ਵੱਲੋਂ ਰਣਜੀਤ ਸਿੰਘ ਬਿੰਜੋਕੀ ਕਲਾਂ, ਸਰਬਜੀਤ ਕੌਰ ਸਾਦਤਪੁਰ ਤੇ ਦਿਨੇਸ਼ ਭਰਤਵਾਜ ਆਦਿ ਅਗਵਾਈ ਵਿੱਚ 'ਮੋਦੀ ਹਟਾਓ, ਦੇਸ਼ ਬਚਾਓ' ਦੀ ਮੁਹਿੰਮ ਜੋ ਪੂਰੇ ਦੇਸ਼ ਵਿੱਚ ਚਲਾਈ ਗਈ ਹੈ, ਦੀ ਕੜੀ ਅਧੀਨ ਪਿੰਡਾਂ ਵਿੱਚ ਝੰਡਾ ਮਾਰਚ ਕੀਤਾ ਗਿਆ ਹੈ। ਮਾਲੇਰਕੋਟਲਾ ਦਫਤਰ ਤੋਂ ਸ਼ੁਰੂ ਕਰਕੇ ਆਮਾਮਗੜ੍ਹ ਫਾਟਕ ਰਾਹੀਂ ਹੋ ਕੇ ਪਿੰਡ ਬੀੜ ਇਮਾਮਗੜ੍ਹ, ਧਨੋ ਵਿੱਚ ਜਲਸਾ ਕੀਤਾ ਗਿਆ ਅਤੇ ਦੁਵਰਕੀ ਵੰਡੀ ਗਈ। ਉਸ ਤੋਂ ਅੱਗੇ ਪਿੰਡ ਕੁਠਾਲਾ ਹੋ ਕੇ ਪਿੰਡ ਹੁਸੈਨਪੁਰਾ ਵਿੱਚ ਮਿਹਨਤਕਸ਼ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਾਮਰੇਡ ਭਰਪੂਰ ਸਿੰਘ ਬੁੱਲਾਪੁਰ ਕਨਵੀਨਰ ਸੀ ਪੀ ਆਈ ਜ਼ਿਲ੍ਹਾ ਮਾਲੇਰਕੋਟਲਾ ਨੇ ਕਿਹਾ ਕਿ ਮੋਦੀ ਸਰਕਾਰ ਜੋ 2014 ਵਿੱਚ ਲੋਕਾਂ ਨਾਲ ਇਹ ਵਾਅਦੇ ਕਰਕੇ ਆਈ ਸੀ ਕਿ ਦੇਸ਼ ਦੇ ਲੋਕਾਂ ਨੂੰ ਬਾਹਰੋਂ ਦੇਸ਼ ਦਾ ਕਾਲਾ ਧਨ ਲਿਆ ਕੇ ਦੇਸ਼ ਦੇ ਸਾਰੇ ਲੋਕਾਂ ਦੇ ਬੈਂਕ ਖਾਤਿਆਂ ਵਿੱਚ 15-15 ਲੱਖ ਰੁਪਏ ਪਾਏਗੀ ਤੇ ਭ੍ਰਿਸ਼ਟਾਚਾਰ ਖਤਮ ਕਰੇਗੀ ਅਤੇ ਦੇਸ਼ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਹਰ ਸਾਲ ਦੋ ਕਰੋੜ ਨੌਕਰੀ ਦੇਵੇਗੀ। ਮੋਦੀ ਨੇ ਨਾਅਰਾ ਲਾਇਆ ਸੀ ਕਿ 'ਨਾ ਖਾਊਂਗਾ ਨਾ ਖਾਣੇ ਦਊਂਗਾ' ਆਦਿ ਨਾਅਰੇ ਲਾ ਕੇ ਸੱਤਾ ਵਿੱਚ ਆਈ ਸੀ। ਉਸ ਦੇ ਨੌਂ ਸਾਲਾਂ 'ਚ ਅਸੀਂ ਦੇਖ ਚੁੱਕੇ ਹਾਂ ਕਿ ਸਿਰਫ ਨੌਂ ਲੱਖ ਨੌਕਰੀਆਂ ਦਿੱਤੀਆਂ ਹਨ, ਜਦੋਂਕਿ 18 ਕਰੋੜ ਨੌਜਵਾਨਾਂ ਨੂੰ ਨੌਕਰੀ ਦੇਣੀ ਬਣਦੀ ਸੀ, ਜਦੋਂਕਿ ਅੱਜ ਬੇਰੁਜ਼ਗਾਰੀ ਹੱਦਾਂ ਬੰਨੇ ਟੱਪ ਚੁੱਕੀ ਹੈ, ਜੋ ਕਿ ਦੇਸ਼ ਦੀ ਸਭ ਤੋਂ ਵੱਡੀ ਸਮੱਸਿਆ ਹੈ। ਨੌਜਵਾਨ ਬੇਰੁਜ਼ਗਾਰੀ ਕਾਰਨ ਖੁਦਕੁਸ਼ੀਆਂ ਤੇ ਨਸ਼ੇ ਦੀ ਲਪੇਟ ਵਿੱਚ ਜਾ ਰਹੇ ਹਨ। ਜੀ ਐੱਸ ਟੀ ਰਾਹੀਂ ਛੋਟੇ ਵਪਾਰੀਆਂ ਤੇ ਮਿਹਨਤਕਸ਼ ਲੋਕਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਕਾਰਪੋਰੇਟ ਘਰਾਣਿਆਂ ਨੂੰ ਦੇਸ਼ ਦੇ ਕੁਦਰਤੀ ਸਰੋਤਾਂ ਨੂੰ ਵੇਚਿਆ ਜਾ ਰਿਹਾ ਹੈ। ਸਾਰੇ ਦੇਸ਼ ਨੂੰ ਵੇਚਿਆ ਜਾ ਰਿਹਾ ਹੈ ਮਹਿੰਗਾਈ ਹੱਦਾਂ ਬੰਨੇ ਟੱਪ ਚੁੱਕੀ ਹੈ। ਦੇਸ਼ ਵਿੱਚ ਪੂੰਜੀਵਾਦ ਦਾ ਰਾਜ ਲਾਗੂ ਕਰ ਦਿੱਤਾ ਹੈ। ਪਰਚੂਨ ਵਪਾਰ ਵਿੱਚ ਵੱਡੀਆਂ ਕੰਪਨੀਆਂ ਆ ਰਹੀਆਂ ਹਨ। ਛੋਟੇ ਮਧਵਰਗੀ ਲੋਕਾਂ ਨੂੰ ਖਤਮ ਕੀਤਾ ਜਾ ਰਿਹਾ ਹੈ। ਉਸ ਤੋਂ ਅੱਗੇ ਪਿੰਡ ਖੁਰਦ, ਬੱਸ ਅੱਡਾ ਸਦੌੜ ਵਿਖੇ ਵੀ ਜਨਤਕ ਜਲਸੇ ਕੀਤੇ ਗਏ ਅਤੇ ਅੰਤ ਵਿੱਚ ਪਿੰਡ ਕਲਿਆਣ ਵਿਖੇ ਵੱਡੇ ਇਕੱਠ ਨੂੰ ਪਿਆਰਾ ਲਾਲ, ਕਾ: ਰਣਜੀਤ ਸਿੰਘ ਕਲਿਆਣ ਸਰਪੰਚ ਆਦਿ ਆਗੂਆਂ ਨੇ ਸੰਬੋਧਨ ਕੀਤਾ। ਅੱਜ ਦੇ ਝੰਡਾ ਮਾਰਚ ਵਿੱਚ ਕਾ: ਸਰਿੰਦਰ ਕੁਮਾਰ ਭੈਣੀ ਕਲਾਂ, ਹਰਦੇਵ ਸਿੰਘ ਹੁਸੈਨਪੁਰਾ, ਲਛਮਣ ਸਿੰਘ, ਮੱਖਣ ਸਿੰਘ, ਕੁਲਵੰਤ ਸਿੰਘ ਆਦਮਪਾਲ, ਅਕਬਰ ਖਾਂ ਨੱਥੂ ਮਾਜਰਾ ਆਦਿ ਆਗੂਆਂ ਨੇ ਸ਼ਮੂਲੀਅਤ ਕੀਤੀ।

# ਬਾਰ ਐਸੋਸੀਏਸ਼ਨ ਦੇ ਪ੍ਰਧਾਨ ਨੇ ਮੁਨਸ਼ੀਆਂ ਦੀਆਂ ਸੁਣੀਆਂ ਮੁਸ਼ਕਲਾਂ



**ਸਮਾਣਾ (ਇਕਬਾਲ ਸਿੰਘ ਬੱਲ)**-ਬਾਰ ਐਸੋਸੀਏਸ਼ਨ ਸਮਾਣਾ ਦੇ ਦਫਤਰ ਵਿਖੇ ਮੁਨਸ਼ੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਹਰਸਿਮਰਨਪਾਲ ਸਿੰਘ ਤੱਤਲਾ ਤੋਂ ਇਲਾਵਾ ਬਾਰ ਐਸੋਸੀਏਸ਼ਨ ਸਮਾਣਾ ਦੇ ਹੋਰ ਅਹੁਦੇਦਾਰਾਂ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਮੁਨਸ਼ੀਆਂ ਨੇ ਕੋਰਟਾਂ ਵਿੱਚ ਕੰਮ ਕਰਵਾਉਣ ਜਾਂਦੇ ਸਮੇਂ ਆਉਂਦੀਆਂ ਮੁਸ਼ਕਲਾਂ ਤੋਂ ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਨੂੰ ਜਾਣੂ ਕਰਵਾਇਆ ਅਤੇ ਮੁਨਸ਼ੀਆਂ ਦੇ ਗਰੁੱਪ ਸਿਹਤ ਬੀਮੇ ਕਰਵਾਉਣ ਲਈ ਬੇਨਤੀ ਕੀਤੀ, ਜਿਸ 'ਤੇ ਬਾਰ ਪ੍ਰਧਾਨ ਸ੍ਰੀ ਹਰਸਿਮਰਨ ਪਾਲ ਸਿੰਘ ਤੱਤਲਾ ਨੇ ਕਿਹਾ ਕਿ ਅਦਾਲਤ ਵਿੱਚ ਕੰਮ ਕਰਵਾਉਣ ਜਾਂਦੇ ਸਮੇਂ ਕਿਸੇ ਵੀ ਮੁਣਸ਼ੀ ਨੂੰ ਕਿਸੇ ਪ੍ਰਕਾਰ ਦੀ ਪ੍ਰੇਸ਼ਾਨੀ ਆਉਂਦੀ ਹੈ ਜਾਂ ਬਿਨਾਂ ਵਜ੍ਹਾ ਦਫਤਰੀ ਅਮਲੇ ਵੱਲੋਂ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਨਾਲ ਜਾਂ ਬਾਰ ਐਸੋਸੀਏਸ਼ਨ ਸਮਾਣਾ ਦੇ ਕਿਸੇ ਵੀ ਚੁਣੇ ਨੁਮਾਇੰਦੇ ਨਾਲ ਸੰਪਰਕ ਕੀਤਾ ਜਾਵੇ ਤਾਂ ਜੋ ਉਸ ਦਾ ਹੱਲ ਕੀਤਾ ਜਾ ਸਕੇ। ਬਾਰ ਪ੍ਰਧਾਨ ਸ੍ਰੀ ਤੱਤਲਾ ਨੇ ਕਿਹਾ ਕਿ ਸਾਰੇ ਮੁਨਸ਼ੀਆਂ ਦੇ ਸ਼ਨਾਖਤੀ ਕਾਰਡ ਬਣਾ ਕੇ ਦਿੱਤੇ ਜਾਣਗੇ, ਉਸ ਲਈ ਉਹ ਆਪਣੇ ਲੋੜੀਂਦੇ ਦਸਤਾਵੇਜ਼ ਬਾਰ ਐਸੋਸੀਏਸ਼ਨ ਦੇ ਜਰਨਲ ਸਕੱਤਰ ਪਾਸ ਪਹੁੰਚਾਉਣ ਦੀ ਕ੍ਰਿਪਾਲਤਾ ਕਰਨ। ਜਲਦੀ ਹੀ ਮੁਨਸ਼ੀਆਂ ਦੇ ਗਰੁੱਪ ਸਿਹਤ ਬੀਮੇ ਦੀ ਮੰਗ ਨੂੰ ਵੀ ਪੂਰਾ ਕੀਤਾ ਜਾਵੇਗਾ। ਇਸ ਮੌਕੇ ਬਾਰ ਐਸੋਸੀਏਸ਼ਨ ਸਮਾਣਾ ਦੇ ਮੀਤ ਪ੍ਰਧਾਨ ਹਰਤੇਜ ਸਿੰਘ ਸੰਧੂ, ਸੈਕਟਰੀ ਗੁਰਜੋਤ ਸਿੰਘ ਵਿਰਕ, ਨਵਜੋਤ ਗਰਗ, ਪ੍ਰਿਤਪਾਲ ਸਿੰਘ ਰਵੇਲ, ਜਗਮੀਤ ਕੌਰ, ਸ਼ਿਵਚਰਨ ਵਰਤੀਆ, ਖਵਾਬ ਸੋਨੀ, ਜੁਗਰਾਜ ਸਿੰਘ ਵੜੈਚ ਤੋਂ ਇਲਾਵਾ ਕੋਰਟ ਵਿੱਚ ਕੰਮ ਕਰਨ ਵਾਲੇ ਵਕੀਲ ਸਾਹਿਬਾਨਾਂ ਦੇ ਮੁਖੀ ਹਾਜ਼ਰ ਸਨ।

# ਜੁਆਇਨਿੰਗ ਨੂੰ ਤਰਸ ਰਹੇ 131 ਸਕੂਲ ਲਾਇਬ੍ਰੇਰੀਅਨਾਂ ਨਾਲ ਧੱਕਾ ਬਰਦਾਸ਼ਤਯੋਗ ਨਹੀਂ : ਡੀ ਟੀ ਐੱਫ

**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਵੱਲੋਂ ਅਪ੍ਰੈਲ 2021 ਵਿੱਚ ਸਕੂਲ ਲਾਇਬ੍ਰੇਰੀਅਨ ਦੀਆਂ 693 ਅਸਾਮੀਆਂ ਅਧਿਸੂਚਿਤ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ ਅਕਤੂਬਰ-ਨਵੰਬਰ 2021 ਵਿੱਚ 533 ਅਸਾਮੀਆਂ 'ਤੇ ਤਾਇਨਾਤੀਆਂ ਕਰ ਦਿੱਤੀਆਂ ਗਈਆਂ ਸਨ। ਫਿਰ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਵੈਰੀਫਿਕੇਸ਼ਨ ਦੇ ਨਾਂਅ 'ਤੇ 131 ਉਮੀਦਵਾਰਾਂ ਨੂੰ 10 ਮਹੀਨੇ ਰੋਕੀ ਰੱਖਿਆ ਤੇ ਫਿਰ 4, 5 ਅਗਸਤ 2022 ਨੂੰ ਇਨ੍ਹਾਂ 131 ਉਮੀਦਵਾਰਾਂ ਨੂੰ ਮੌਜੂਦਾ ਸਿੱਖਿਆ ਮੰਤਰੀ ਵੱਲੋਂ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਤੇ ਸਟੇਸ਼ਨ ਅਲਾਟ ਕੀਤੇ ਗਏ, ਪਰ ਹੁਣ 8 ਮਹੀਨੇ ਬੀਤਣ ਦੇ ਬਾਅਦ ਵੀ ਸਿੱਖਿਆ ਵਿਭਾਗ ਵੱਲੋਂ ਇਨ੍ਹਾਂ ਉਮੀਦਵਾਰਾਂ ਨੂੰ ਜੁਆਇਨ ਨਹੀਂ ਕਰਵਾਇਆ ਜਾ ਰਿਹਾ। ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਸੂਬਾ ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਔਜਲਾ ਤੇ ਸੂਬਾ ਜਥੇਬੰਦਕ ਸਕੱਤਰ ਕਰਨੈਲ ਚਿੱਟੀ ਨੇ ਕਿਹਾ ਕਿ ਇਹ ਮਾਮਲਾ ਸਿੱਖਿਆ ਮੰਤਰੀ ਤੇ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਵਾਰ-ਵਾਰ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਹੈ, ਪਰ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਜੁਆਇਨਿੰਗ ਨੂੰ ਤਰਸ ਰਹੇ ਉਮੀਦਵਾਰਾਂ ਦਾ ਕਹਿਣਾ ਹੈ ਵਿਭਾਗ ਵੱਲੋਂ ਕੋਰਟ ਕੇਸ ਦਾ ਹਵਾਲਾ ਦੇ ਕੇ ਜੁਆਇਨਿੰਗ ਕਰਵਾਉਣ ਸਬੰਧੀ ਟਾਲ-ਮਟੋਲ ਕੀਤਾ ਜਾ ਰਿਹਾ ਹੈ, ਜਦਕਿ ਇਸ ਕੇਸ ਦਾ ਸੰਬੰਧ ਪੰਜਾਬ ਰਾਜ ਤੋਂ ਬਾਹਰ ਦੀਆਂ ਯੂਨੀਵਰਸਿਟੀਆਂ ਨਾਲ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਦੀਆਂ ਯੂਨੀਵਰਸਿਟੀਆਂ ਤੋਂ ਰੈਗੂਲਰ ਤੇ ਡਿਸਟੈਂਸ ਐਜੂਕੇਸ਼ਨ ਪ੍ਰਣਾਲੀ ਰਾਹੀਂ ਡਿਗਰੀਆਂ ਪ੍ਰਾਪਤ ਉਮੀਦਵਾਰਾਂ ਦਾ ਇਸ ਕੇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਸਿੱਖਿਆ ਵਿਭਾਗ ਵੱਲੋਂ ਇਨ੍ਹਾਂ ਉਮੀਦਵਾਰਾਂ ਦੀਆਂ ਡਿਗਰੀਆਂ ਦੀ ਵੈਰੀਫਿਕੇਸ਼ਨ ਵੀ ਕਰਵਾਈ ਜਾ ਚੁੱਕੀ ਹੈ। ਏਨਾ ਸਭ ਕੁੱਝ ਹੋਣ ਦੇ ਬਾਅਦ ਵੀ ਉਮੀਦਵਾਰ ਪਿਛਲੇ ਡੇਢ ਸਾਲ ਤੋਂ ਧੱਕੇ ਖਾਣ ਲਈ ਮਜਬੂਰ ਹਨ ਤੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਰਹੇ ਹਨ। ਕਈ ਉਮੀਦਵਾਰ ਆਪਣੀਆਂ ਪ੍ਰਾਈਵੇਟ ਨੌਕਰੀਆਂ ਵੀ ਗਵਾ ਚੁੱਕੇ ਹਨ। ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਨੇ ਕਿਹਾ ਕਿ ਅਧਿਆਪਕ ਜਥੇਬੰਦੀ ਡੀ.ਟੀ.ਐੱਫ. ਪੰਜਾਬ ਮੰਗ ਕਰਦੀ ਹੈ ਕਿ ਇਨ੍ਹਾਂ ਲਾਇਬ੍ਰੇਰੀਅਨਾਂ ਨੂੰ ਜਲਦ ਤੋਂ ਜਲਦ ਜੁਆਇਨ ਕਰਾਇਆ ਜਾਵੇ। ਸੂਬਾ ਪ੍ਰੈੱਸ ਸਕੱਤਰ ਗੁਰਮੀਤ ਕੋਟਲੀ, ਸੂਬਾ ਮੀਤ ਪ੍ਰਧਾਨ ਸੁਖਵਿੰਦਰ ਸੁੱਖੀ, ਸੂਬਾ ਵਿੱਤ ਸਕੱਤਰ ਜਸਵਿੰਦਰ ਬਠਿੰਡਾ ਨੇ ਕਿਹਾ ਕਿ ਇੱਕ ਪਾਸੇ ਪੰਜਾਬ ਦੇ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਾਇਬ੍ਰੇਰੀਅਨਾਂ ਨੂੰ ਉਡੀਕ ਰਹੀਆਂ ਹਨ, ਦੂਜੇ ਪਾਸੇ ਸਰਕਾਰ ਲਗਾਤਾਰ ਨਿਯੁਕਤੀ ਪੱਤਰ ਦੇਣ ਤੋਂ ਭੱਜ ਰਹੀ ਹੈ। ਉਨ੍ਹਾਂ ਕਿਹਾ ਕਿ ਮਿਆਰੀ ਸਿੱਖਿਆ ਦੇਣ ਦੀਆਂ ਡੀਂਗਾਂ ਮਾਰਣ ਵਾਲੀ ਸਰਕਾਰ ਦੀ ਇਹ ਦੋਗਲੀ ਨੀਤੀ ਹੈਰਾਨੀਜਨਕ ਹੈ।



# ਲਾਭ ਕਲੇਰ ਭਾਜਪਾ ਐੱਸ ਸੀ ਮੋਰਚਾ ਦੇ ਸੂਬਾ ਕਾਰਜਕਾਰੀ ਮੈਂਬਰ ਨਿਯੁਕਤ

**ਭੀਖੀ, (ਧਰਮਵੀਰ ਸ਼ਰਮਾ)**-ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਸਹਿਮਤੀ ਨਾਲ ਭਾਜਪਾ ਐੱਸ ਸੀ ਮੋਰਚਾ ਦੇ ਸੂਬਾ ਪ੍ਰਧਾਨ ਐੱਸ ਆਰ ਲੱਧੜ ਨੇ ਭੀਖੀ ਦੇ ਲਾਭ ਸਿੰਘ ਕਲੇਰ ਨੂੰ ਭਾਜਪਾ ਦੇ ਐੱਸ ਸੀ ਮੋਰਚਾ ਦਾ ਸੂਬਾ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਹੈ। ਭਾਜਪਾ ਆਗੂ ਅੰਕਿਤ ਬਾਂਸਲ ਦੀ ਸਿਫਾਰਸ਼ 'ਤੇ ਕੀਤੀ ਇਸ ਨਿਯੁਕਤੀ 'ਤੇ ਉਨ੍ਹਾ ਕਿਹਾ ਕਿ ਲਾਭ ਸਿੰਘ ਦੀ ਨਿਯੁਕਤੀ ਨਾਲ ਮਾਨਸਾ ਜ਼ਿਲ੍ਹੇ ਵਿੱਚ ਐੱਸ ਸੀ ਮੋਰਚਾ ਹੋਰ ਮਜ਼ਬੂਤ ਹੋਵੇਗਾ। ਆਪਣੀ ਨਿਯੁਕਤੀ 'ਤੇ ਪਾਰਟੀ ਹਾਈ ਕਮਾਨ ਦਾ ਧੰਨਵਾਦ ਕਰਦਿਆਂ ਲਾਭ ਸਿੰਘ ਕਲੇਰ ਨੇ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਸੌਂਪੀ ਜ਼ਿੰਮੇਵਾਰੀ ਨੂੰ ਉਹ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਸੂਬੇ ਅੰਦਰ ਮੋਰਚੇ ਦੀ ਮਜ਼ਬੂਤੀ ਲਈ ਉਹ ਲੋਕਾਂ ਨੂੰ ਨਾਲ ਲੈ ਕੇ ਚੱਲਣਗੇ। ਉਨ੍ਹਾਂ ਕਿਹਾ ਕਿ ਜਿੱਥੇ ਭਾਜਪਾ ਜਲੰਧਰ ਲੋਕ ਸਭਾ ਸੀਟ ਵੱਡੇ ਫਰਕ ਨਾਲ ਜਿੱਤੇਗੀ, ਉੱਥੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਪਾਰਟੀ ਵੱਡੀ ਜਿੱਤ ਪ੍ਰਾਪਤ ਕਰੇਗੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸੂਬੇ ਅੰਦਰ ਪਾਰਟੀ ਵੱਲੋਂ ਸਰਕਾਰ ਬਣਾਉਣ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਣਗੇ ਤੇ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਅੰਦਰ ਭਾਜਪਾ ਦੀ ਨਿਰੋਲ ਸਰਕਾਰ ਸਥਾਪਤ ਕੀਤੀ ਜਾਵੇਗੀ।

# ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਸੰਯੁਕਤ ਮੋਰਚੇ ਦਾ ਵਿਸਤਾਰ ਅਗਲੇ ਹਫਤੇ : ਚੰਗਾਲ



**ਸੰਗਰੂਰ (ਪ੍ਰਵੀਨ ਸਿੰਘ)**-ਗੁਰਦੁਆਰਾ ਨਾਨਕੀਆਣਾ ਸਾਹਿਬ ਸੰਗਰੂਰ ਵਿਖੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਸੰਯੁਕਤ ਮੋਰਚੇ ਦੇ ਆਗੂਆਂ ਦੀ ਮੀਟਿੰਗ ਹੋਈ, ਜਿਸ ਵਿੱਚ ਸਮਾਜ ਦੀ ਭਲਾਈ ਕਰਨ ਵਾਲੇ ਵਿਅਕਤੀਆਂ ਨੂੰ ਅਹੁਦੇਦਾਰੀਆਂ ਦੇ ਕੇ ਨਿਵਾਜਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਆਗੂਆਂ ਨੇ ਦੱਸਿਆ ਕਿ ਸੰਯੁਕਤ ਮੋਰਚੇ ਵਿੱਚ ਸਮਾਜ ਨਾਲ ਸੰਬੰਧਤ ਕੋਈ ਵੀ ਵਿਅਕਤੀ ਸ਼ਾਮਲ ਹੋ ਸਕਦਾ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਮੋਰਚੇ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ ਅਤੇ ਨਾ ਹੀ ਕਿਸੇ ਪਾਰਟੀ ਨਾਲ ਸਬੰਧ ਹੋਵੇਗਾ, ਸਗੋਂ ਜਿਹੜੀ ਵੀ ਸਿਆਸੀ ਪਾਰਟੀ ਸਮਾਜ ਦੀ ਭਲਾਈ ਲਈ ਮੋਰਚੇ ਵੱਲੋਂ ਦਿੱਤੇ ਗਏ ਸੁਝਾਵਾਂ ਦੀ ਇੰਨ ਬਿੰਨ ਪਾਲਣਾ ਕਰੇਗੀ, ਉਸ ਪਾਰਟੀ ਦਾ ਮੋਰਚੇ ਦੇ ਆਗੂਆਂ ਵੱਲੋਂ ਬਣਦਾ ਮਾਣ ਸਨਮਾਨ ਕੀਤਾ ਜਾਇਆ ਕਰੇਗਾ। ਉਨ੍ਹਾਂ ਕਿਹਾ ਕਿ ਮੋਰਚੇ ਵੱਲੋਂ ਤਿੰਨ ਮੈਂਬਰੀ ਅਨੁਸ਼ਾਸਨੀ ਕਮੇਟੀ ਦਾ ਐਲਾਨ ਵੀ ਅਗਲੇ ਹਫਤੇ ਕਰ ਦਿੱਤਾ ਜਾਵੇਗਾ ਤੇ ਆਉਣ ਵਾਲੇ ਦਿਨਾਂ 'ਚ ਨਵੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ।

ਮੋਰਚੇ ਵਿੱਚ ਨਿਯੁਕਤੀਆਂ ਦੇਣ ਦੇ ਅਧਿਕਾਰ ਮੋਰਚੇ ਦੇ ਪ੍ਰਧਾਨ ਨੂੰ ਦਿੱਤੇ ਗਏ ਹਨ ਅਤੇ ਸਮਾਜ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਪੜ੍ਹੋ, ਜੁੜੋ, ਸੰਘਰਸ਼ ਕਰੋ। ਇਸ ਮੌਕੇ ਮੋਰਚੇ ਦੇ ਪ੍ਰਧਾਨ ਜਥੇਦਾਰ ਮਲਕੀਤ ਸਿੰਘ ਚੰਗਾਲ, ਡਾਕਟਰ ਸੁਖਚੈਨ ਸਿੰਘ ਸਾਰੋ, ਵਰਿਆਮ ਸਿੰਘ ਚੰਦੜ ਥਲੇਸਾ, ਜਗਸੀਰ ਸਿੰਘ ਖੇੜੀ ਚੰਦਵਾ, ਜਗਤਾਰ ਸਿੰਘ, ਧੰਨਾ ਸਿੰਘ ਨੰਬਰਦਾਰ, ਮਹਿੰਦਰ ਸਿੰਘ ਖੇੜੀ ਚੰਦਵਾ ਹਾਜ਼ਰ ਸਨ।

**ਮਾਮਲਾ ਸਕੂਲ 'ਚ ਦਾਖਲਿਆਂ 'ਤੇ ਲਗਾਈ ਰੋਕ ਦਾ**

# ਭੜਕੇ ਸ਼ੇਰਗੜ੍ਹ ਵਾਸੀਆਂ ਵੱਲੋਂ ਖਨੌਰੀ-ਕੈਥਲ ਸੜਕ ਜਾਮ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਦੀ ਤਤਕਾਲੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੇਲੇ ਅੱਪਗਰੇਡ ਕੀਤੇ ਗਏ ਸਬ ਡਵੀਜ਼ਨ ਪਾਤੜਾਂ ਦੇ ਘੱਗਰ ਪਾਰਲੇ ਪਿੰਡ ਸ਼ੇਰਗੜ੍ਹ ਦੇ ਸਕੂਲ ਵਿੱਚ ਨੌਵੀਂ ਤੇ ਦਸਵੀਂ ਕਲਾਸ ਦੇ ਦਾਖਲਿਆਂ ਉੱਤੇ ਰੋਕ ਲਗਾਏ ਜਾਣ ਤੋਂ ਪਿੰਡ ਵਾਸੀ ਖਫਾ ਹਨ। ਸਿੱਖਿਆ ਵਿਭਾਗ ਵੱਲੋਂ ਦਾਖਲਿਆਂ 'ਤੇ ਲਗਾਈ ਗਈ ਰੋਕ ਦੇ ਵਿਰੋਧ ਵਿੱਚ ਪਿੰਡ ਵਾਸੀਆਂ ਤੇ ਸਕੂਲ ਦੇ ਵਿਦਿਆਰਥੀਆਂ ਨੇ ਖਨੌਰੀ-ਕੈਥਲ ਸੜਕ ਜਾਮ ਕਰਕੇ ਰੋਸ ਪ੍ਰਗਟ ਕੀਤਾ। ਇਸ ਦੌਰਾਨ ਵੱਡੀ ਗਿਣਤੀ ਵਿੱਚ ਇਕੱਤਰ ਸਕੂਲੀ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੇ ਪੰਜਾਬ ਸਰਕਾਰ ਵੱਲੋਂ ਅਪਣਾਈਆਂ ਜਾ ਰਹੀਆਂ ਵਿਦਿਆਰਥੀ ਵਿਰੋਧੀ ਨੀਤੀਆਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਤਹਿਸੀਲਦਾਰ ਪਾਤੜਾਂ ਮਨਦੀਪ ਕੌਰ ਨੇ ਮੌਕੇ ਉੱਤੇ ਪਹੁੰਚ ਕੇ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਗੁੱਸੇ ਵਿੱਚ ਆਏ ਲੋਕ ਆਪਣੀ ਜ਼ਿੱਦ 'ਤੇ ਅੜੇ ਰਹੇ ਅਤੇ ਮਾਮਲੇ ਦੇ ਹੱਲ ਤੱਕ ਧਰਨਾ ਨਾ ਚੁੱਕਣ ਦਾ ਐਲਾਨ ਕਰ ਦਿੱਤਾ। ਉਪਰੰਤ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨਾਲ ਗੱਲ ਕਰਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਸਵਿੰਦਰ ਸਿੰਘ ਸ਼ੇਰਗੜ੍ਹ ਤੇ ਲਖਵਿੰਦਰ ਸਿੰਘ ਗਲੋਲੀ ਵੱਲੋਂ ਮੌਕੇ 'ਤੇ ਪਹੁੰਚ ਕੇ ਲੋਕਾਂ ਨੂੰ ਦਿੱਤੇ ਗਏ ਭਰੋਸੇ ਮਗਰੋਂ ਸ਼ਾਮ ਸਾਢੇ ਪੰਜ ਵਜੇ ਦੇ ਕਰੀਬ ਧਰਨਾ ਸਮਾਪਤ ਕੀਤਾ ਗਿਆ। ਰੋਸ ਪ੍ਰਗਟ ਕਰ ਰਹੇ ਪਿੰਡ ਸ਼ੇਰਗੜ੍ਹ ਵਾਸੀਆਂ ਦੀ ਅਗਵਾਈ ਕਰ ਰਹੇ ਚਰਨਜੀਤ ਸਿੰਘ, ਸੰਦੀਪ ਸਿੰਘ, ਖੁਸ਼ੀ ਸ਼ੇਰਗੜ੍ਹ, ਵਿੱਕੀ, ਗੁਰਮੇਲ, ਪ੍ਰਗਟ, ਰਮੇਸ਼ ਆਦਿ ਨੇ ਦੱਸਿਆ ਕਿ ਸਰਕਾਰ ਸਮੇਂ ਪਿੰਡ ਦੇ ਮਿਡਲ ਸਕੂਲ ਨੂੰ ਹਾਈ ਸਕੂਲ ਦਾ ਦਰਜਾ ਦੇ ਕੇ ਕਲਾਸਾਂ ਸ਼ੁਰੂ ਕਰ ਦਿੱਤੀਆਂ ਸਨ, ਜਿਸ ਦਾ ਬਕਾਇਦਾ ਉਦਘਾਟਨ ਉਸ ਸਮੇਂ ਦੇ ਕਾਂਗਰਸੀ ਵਿਧਾਇਕ ਨਿਰਮਲ ਸਿੰਘ ਵੱਲੋਂ 23 ਦਸੰਬਰ 2021 ਨੂੰ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਦੇ ਸੈਸ਼ਨ ਦੌਰਾਨ 9ਵੀਂ ਕਲਾਸ ਦੀਆਂ ਕਲਾਸਾਂ ਲੱਗੀਆਂ ਸਨ, ਪਰ ਸਰਕਾਰ ਵੱਲੋਂ ਲੋਕਾਂ ਨਾਲ ਸਿਹਤ ਤੇ ਸਿੱਖਿਆ ਦੀ ਸਹੂਲਤਾਂ ਨੂੰ ਲੈ ਕੇ ਪੰਜਾਬ ਵਿੱਚ ਸਰਕਾਰ ਬਣਾਈ ਸੀ, ਪ੍ਰੰਤੂ ਅੱਜ ਸਰਕਾਰ ਵੱਲੋਂ ਅੱਪਗ੍ਰੇਡ ਕਰਨ ਦੀ ਬਜਾਏ ਜੋ ਸਕੂਲ ਪਹਿਲੀਆਂ ਸਰਕਾਰਾਂ ਵੱਲੋਂ ਅੱਪ੍ਰੇਡ ਕੀਤੇ ਗਏ ਸਨ, ਉਨ੍ਹਾਂ ਨੂੰ ਅੱਪਗ੍ਰੇਡ ਕਰਨ ਦੀ ਬਜਾਏ ਰੱਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਸਕੂਲ ਵੱਲੋਂ ਨੌਵੀਂ ਤੇ ਦਸਵੀਂ ਦੇ ਦਾਖਲੇ ਬੰਦ ਕਰ ਦਿੱਤੇ। ਪਿੰਡ ਵਾਸੀਆਂ ਨੇ ਦੱਸਿਆ ਕਿ ਮਾਮਲੇ ਸੰਬੰਧੀ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨਾਲ ਗੱਲ ਕੀਤੇ ਜਾਣ ਅਤੇ ਉਨ੍ਹਾਂ ਮਾਮਲੇ ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ ਵੀ ਨਾਲ ਗੱਲ ਕਰਨ ਤੇ ਨੌਵੀਂ ਤੇ ਦਸਵੀਂ ਕਲਾਸ ਦੇ ਦਾਖਲੇ ਸ਼ੁਰੂ ਹੋ ਗਏ ਸੀ, ਪਰ 6 ਮਈ ਨੂੰ ਸਕੂਲ ਦੇ ਪ੍ਰਿੰਸੀਪਲ ਨੇ ਫਿਰ ਦਾਖਲੇ ਕੀਤੇ ਜਾਣ ਤੋਂ ਨਾਂਹ ਕਰ ਦਿੱਤੀ ਹੈ, ਜਿਸ ਤੋਂ ਖਫਾ ਪਿੰਡ ਵਾਸੀਆਂ ਵੱਲੋਂ ਸੜਕ ਜਾਮ ਕੀਤੀ ਗਈ ਹੈ।

ਪਿੰਡ ਵਾਸੀਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮਾਮਲੇ ਦਾ ਕੋਈ ਹੱਲ ਨਹੀਂ ਹੋਇਆ ਤਾਂ ਕੱਲ੍ਹ ਨੂੰ ਖਨੌਰੀ ਵਿਖੇ ਨੈਸ਼ਨਲ ਹਾਈਵੇ ਜਾਮ ਕੀਤਾ ਜਾਵੇਗਾ। ਇਸ ਦੌਰਾਨ ਜ਼ਿਲ੍ਹਾ ਸਿੱਖਿਆ ਅਫਸਰ ਹਰਜੀਤ ਕੌਰ ਨੇ ਕਿਹਾ ਕਿ ਵਿਭਾਗ ਬੱਚਿਆਂ ਨੂੰ ਮਿਆਰੀ ਸਿੱਖਿਆ ਉਪਲਬਧ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। ਪਿਛਲੀ ਸਰਕਾਰ ਵੇਲੇ ਅੱਪਗ੍ਰੇਡ ਹੋਏ ਇਸ ਸਕੂਲ ਦੀ ਵੈਰੀਫਿਕੇਸ਼ਨ ਪੈਂਡਿੰਗ ਹੋਣ ਕਰਕੇ ਦਾਖਲੇ ਉਤੇ ਰੋਕ ਲਗਾਈ ਗਈ ਸੀ ਤੇ ਵੀਰਵਾਰ ਤੋਂ ਸ਼ੁਰੂ ਵਿੱਚ ਨੌਵੀਂ ਤੇ ਦਸਵੀਂ ਦੀਆਂ ਕਲਾਸਾਂ ਦੇ ਦਾਖਲੇ ਸ਼ੁਰੂ ਹੋ ਜਾਣਗੇ।

# ਡੇਂਗੂ, ਮਲੇਰੀਆ, ਚਿਕਨਗੁਨੀਆ ਦੇ ਬਚਾਅ ਸੰਬੰਧੀ ਕੀਤਾ ਜਾਗਰੂਕ

**ਖੰਨਾ, (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)** : ਸੀਨੀਅਰ ਮੈਡੀਕਲ ਅਫਸਰ ਡਾਕਟਰ ਮਨਿੰਦਰ ਸਿੰਘ ਭਸੀਨ ਐੱਸ ਐੱਮ ਓ ਸਿਵਿਲ ਹਸਪਤਾਲ ਖੰਨਾ ਨੇ ਡੇਂਗੂ, ਚਿਕਨਗੁਨੀਆ ਤੇ ਮਲੇਰੀਆ ਦੇ ਬਚਾਅ ਸਬੰਧੀ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਮਲੇਰੀਆ ਤੇ ਡੇਂਗੂ ਦੀ ਰੋਕਥਾਮ ਸਾਡੀ ਸਭ ਦੀ ਜ਼ਿੰਮੇਵਾਰੀ ਹੈ। ਡੇਂਗੂ ਤੇ ਚਿਕਨਗੁਨੀਆ ਇਲਾਜ ਯੋਗ ਹਨ ਅਤੇ ਇਹ ਏਡੀਜ਼ ਨਾਂਅ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਸਾਫ ਖੜੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦੇ ਹਨ ਅਤੇ ਇਹ ਸਿਰਫ ਦਿਨ ਵੇਲੇ ਕੱਟਦਾ ਹੈ। ਡੇਂਗੂ ਦੇ ਲੱਛਣਾ ਸਬੰਧੀ ਦੱਸਿਆ ਕਿ ਇਸ ਵਿੱਚ ਤੇਜ਼ ਬੁਖਾਰ, ਸਿਰ ਦਰਦ, ਮਾਸ ਪੇਸ਼ੀਆਂ ਵਿੱਚ ਦਰਦ ਹੋਣਾ, ਚਮੜੀ 'ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਹੋਣਾ ਤੇ ਹਾਲਤ ਖਰਾਬ ਹੋਣ 'ਤੇ ਨੱਕ, ਮੂੰਹ ਤੇ ਮਸੂੜਿਆਂ ਵਿੱਚੋਂ ਖ਼ੂਨ ਵਗਣਾ ਹੋ ਸਕਦੇ ਹਨ।

ਜੇਕਰ ਕਿਸੇ ਨੂੰ ਅਜਿਹੇ ਲੱਛਣ ਹੋਣ ਤਾਂ ਤੁਰੰਤ ਨੇੜੇ ਦੇ ਸਿਹਤ ਕੇਂਦਰ ਵਿੱਚ ਚੈੱਕਅੱਪ ਕਰਵਾਉਣ। ਡੇਂਗੂ ਦੇ ਬਚਾਅ ਸਬੰਧੀ ਉਨ੍ਹਾ ਦੱਸਿਆ ਕਿ ਘਰਾਂ ਦੇ ਆਲੇ ਦੁਆਲੇ ਤੇ ਗਮਲਿਆਂ ਵਿੱਚ ਪਾਣੀ ਇਕੱਠਾ ਨਾ ਹੋਣ ਦਿਉ, ਪਾਣੀ ਦੇ ਭਰੇ ਭਾਂਡਿਆਂ ਤੇ ਟੈਂਕੀਆਂ ਨੂੰ ਢੱਕ ਕੇ ਰੱਖੋ, ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰੋ, ਸੌਣ ਵੇਲੇ ਮੱਛਰਦਾਨੀ ਦੀ ਵਰਤੋਂ ਕਰੋ, ਕੂਲਰਾਂ, ਫਰਿਜਾਂ ਦੀਆਂ ਟਰੇਆਂ ਵਿੱਚ ਖੜੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜ਼ਰੂਰ ਸਾਫ ਕਰਕੇ ਸੁਕਾਉਣ ਚਾਹੀਦਾ ਹੈ।

# ਕੌਮੀ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਏਕਤਾ ਉਗਰਾਹਾਂ ਵੱਲੋਂ ਧਰਨਾ ਤੇ ਰੋਸ ਮੁਜ਼ਾਹਰਾ

**ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਦਾ ਸਾੜਿਆ ਪੁਤਲਾ**

**ਬਠਿੰਡਾ (ਪਰਵਿੰਦਰਜੀਤ ਸਿੰਘ)**-ਕੌਮੀ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਬਠਿੰਡਾ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਅੱਗੇ ਧਰਨਾ ਦੇਣ ਤੋਂ ਬਾਅਦ ਸ਼ਹਿਰ 'ਚ ਰੋਸ ਮੁਜ਼ਾਹਰਾ ਕਰਕੇ ਉਲੰਪਿਕ ਖੇਡਾਂ 'ਚ ਸੋਨ ਤਮਗਾ ਹਾਸਲ ਕਰਨ ਵਾਲੀਆਂ ਪਹਿਲਵਾਨ ਕੁੜੀਆਂ ਦਾ ਸਰੀਰਕ ਸ਼ੋਸ਼ਣ ਕਰਨ ਵਾਲੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦਾ ਪੁਤਲਾ ਸਾੜਿਆ।

ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ, ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ, ਔਰਤ ਜਥੇਬੰਦੀ ਦੇ ਆਗੂ ਹਰਿੰਦਰ ਬਿੰਦੂ ਤੇ ਪਰਮਜੀਤ ਕੌਰ ਪਿੱਥੋ ਨੇ ਪਿਛਲੇ 20-21 ਦਿਨਾਂ ਤੋਂ ਦਿੱਲੀ ਜੰਤਰ ਮੰਤਰ ਵਿਖੇ ਚੱਲ ਰਹੇ ਪਹਿਲਵਾਨ ਕੁੜੀਆਂ-ਮੁੰਡਿਆਂ ਦੇ ਸੰਘਰਸ਼ ਦਾ ਸਮਰਥਨ ਕਰਦਿਆਂ ਕਿਹਾ ਕਿ ਆਮ ਤੌਰ 'ਤੇ ਔਰਤਾਂ ਨਾਲ ਹੁੰਦੇ ਸਰੀਰਕ ਸ਼ੋਸ਼ਣ ਤੇ ਸਮਾਜਕ ਵਰਤਾਰੇ ਤੋਂ ਅੱਗੇ ਵਧਦਿਆਂ ਇਨਸਾਫ ਲਈ ਇਨ੍ਹਾਂ ਖਿਡਾਰੀਆਂ ਵੱਲੋਂ ਅਪਣਾਇਆ ਸੰਘਰਸ਼ ਦਾ ਰਸਤਾ ਇੱਕ ਦਲੇਰਾਨਾ ਕਦਮ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਰਾਜਕਰਤਾ ਲੋਕ ਤੇ ਵੱਡੀ ਅਫਸਰਸ਼ਾਹੀ ਰਾਜਭਾਗ ਵਿੱਚ ਆਪਣੀ ਪਹੁੰਚ ਰੱਖਣ ਵਾਲੇ ਬਲਾਤਕਾਰੀ ਤੇ ਕਾਤਲ ਲੋਕਾਂ ਦਾ ਪੱਖ ਪੂਰਦੇ ਹਨ, ਜਿਸ ਕਾਰਨ ਦੇਸ਼ 'ਚ ਔਰਤਾਂ 'ਤੇ ਜਬਰ ਜ਼ੁਲਮ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਔਰਤਾਂ ਦੇਸ਼ ਦੇ ਵੱਖ ਵੱਖ ਖੇਤਰਾਂ 'ਚ ਛੋਟੇ ਮੁਲਾਜ਼ਮਾਂ ਤੋਂ ਲੈ ਕੇ ਵੱਡੇ ਅਫਸਰ, ਖੇਡਾਂ, ਪਾਈਲਟ, ਜੱਜ, ਵਿਗਿਆਨੀਆਂ, ਰਾਜ ਕਰਤਾ ਦੇ ਅਹੁਦਿਆਂ 'ਤੇ ਪਹੁੰਚ ਚੁੱਕੀਆਂ ਹਨ, ਪਰ ਉਨ੍ਹਾਂ ਦੀਆਂ ਇੱਜ਼ਤਾਂ ਆਸੁਰੱਖਿਅਤ ਹਨ। ਦਲਿਤ ਗਰੀਬ ਔਰਤਾਂ ਨਾਲ ਧੱਕੇ ਹੁੰਦੇ ਹਨ, ਪੁਲਸ-ਫੌਜ ਵੱਲੋਂ ਔਰਤਾਂ ਨਾਲ ਜ਼ਬਰਦਸਤੀ ਕੀਤੀ ਜਾਂਦੀ ਹੈ, ਧਾਰਮਿਕ ਫਿਰਕਾਪ੍ਰਸਤੀ ਰਾਹੀਂ ਹਮਲੇ ਕਰਵਾ ਕੇ ਔਰਤਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ, ਵੱਖ-ਵੱਖ ਅਦਾਰਿਆਂ ਤੇ ਸੰਸਥਾਵਾਂ ਵਿੱਚ ਕੰਮ ਕਰਦੀਆਂ ਔਰਤਾਂ ਨਾਲ ਉਨ੍ਹਾਂ ਦੇ ਉੱਚ ਅਫਸਰਾਂ ਤੇ ਸੰਸਥਾਵਾਂ ਦੇ ਮੁਖੀਆਂ ਵੱਲੋਂ ਜ਼ਲੀਲ ਕਰਕੇ ਉਨ੍ਹਾਂ ਦੀ ਮਜਬੂਰੀ ਦਾ ਫਾਇਦਾ ਉਠਾਇਆ ਜਾਂਦਾ ਹੈ। ਅਜਿਹੇ ਦੋਸ਼ੀਆਂ ਖਿਲਾਫ ਜਦੋਂ ਕੋਈ ਕਾਰਵਾਈ ਨਹੀਂ ਹੁੰਦੀ ਇਨਸਾਫ ਨਾ ਮਿਲਣ ਕਾਰਨ ਪੀੜਤ ਔਰਤਾਂ ਵੱਲੋਂ ਮਜਬੂਰੀ ਵੱਸ ਚੁੱਪ ਧਾਰਨ ਕਰ ਲਿਆ ਜਾਂਦਾ ਹੈ। ਆਗੂਆਂ ਨੇ ਕਿਹਾ ਕਿ ਜ਼ੁਲਮਾਂ ਨੂੰ ਰੋਕਣ ਲਈ ਸੰਘਰਸ਼ ਹੀ ਲੋਕ ਰਾਹ ਹੈ, ਇਨਸਾਫ ਲਈ ਚੱਲ ਰਹੇ ਦਿੱਲੀ ਮੋਰਚੇ ਨੂੰ ਪੂਰੇ ਦੇਸ਼ ਦੇ ਇਨਸਾਫ ਪਸੰਦ ਤੇ ਜਾਗਦੀਆਂ ਜਮੀਰਾਂ ਵਾਲੇ ਲੋਕਾਂ ਵੱਲੋਂ ਸਮਰਥਨ ਮਿਲ ਰਿਹਾ ਹੈ ਤੇ ਆਪਾਂ ਵੀ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਮੈਦਾਨ 'ਚ ਡੱਟੀਏ।

ਧਰਨੇ ਨੂੰ ਮਾਲਣ ਕੌਰ ਕੋਠਾਗੁਰੂ, ਕਰਮਜੀਤ ਕੌਰ ਲਹਿਰਾ ਖਾਨਾ, ਬਸੰਤ ਸਿੰਘ ਕੋਠਾ ਗੁਰੂ, ਜਗਸੀਰ ਸਿੰਘ ਝੁੰਬਾ, ਨਛੱਤਰ ਸਿੰਘ ਢੱਡੇ, ਜਗਦੇਵ ਸਿੰਘ ਜੋਗੇ ਵਾਲਾ, ਸੁਖਦੇਵ ਸਿੰਘ ਰਾਮਪੁਰਾ, ਅਮਰੀਕ ਸਿੰਘ ਸਿਵੀਆ, ਕੁਲਵੰਤ ਸ਼ਰਮਾ ਰਾਇਕੇ ਕਲਾਂ, ਜਸਪਾਲ ਸਿੰਘ ਕੋਠਾ ਗੁਰੂ, ਰਾਜਵਿੰਦਰ ਸਿੰਘ ਰਾਜੂ, ਹਰਪ੍ਰੀਤ ਸਿੰਘ ਚੱਠੇਵਾਲਾ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਆਗੂ ਮਨਪ੍ਰੀਤ ਕੌਰ ਤੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਦੇ ਆਗੂ ਸੰਦੀਪ ਖਾਨ ਨੇ ਵੀ ਸੰਬੋਧਨ ਕੀਤਾ। ਹਰਬੰਸ ਸਿੰਘ ਰਣੀਆਂ ਨੇ ਲੋਕ ਪੱਖੀ ਗੀਤ ਪੇਸ਼ ਕੀਤੇ।

page-6-13-(MAY)-2023-G-(BV).qxd 5/12/2023 10:48 PM Page 1



# ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦਾ 12ਵੀਂ ਦਾ ਨਤੀਜਾ ਰਿਹਾ ਸ਼ਾਨਦਾਰ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਅਧੀਨ ਚਲਾਏ ਜਾ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ. ਟੀ. ਰੋਡ ਦੇ ਵਿਦਿਆਰਥੀਆਂ ਨੇ ਸੀਬੀਐਸਈ ਦੁਆਰਾ ਲਈ ਗਈ +2 ਜਮਾਤ ਦੇ ਨਤੀਜੇ ਵਿੱਚ ਸ਼ਾਨਦਾਰ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਹਰਕੀਰਤ ਸਿੰਘ ਨੇ ਕਾਮਰਸ ਗਰੁੱਪ ਵਿੱਚੋ 98.2% ਅੰਕ ਲੈ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਹਰਕੀਰਤ ਸਿੰਘ ਨੇ ਆਪਣੀ ਇਸ ਸਫਲਤਾ ਤੇ ਖ਼ੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਉਸ ਨੇ ਇਸ ਲਈ ਬਹੁਤ ਮਿਹਨਤ ਕੀਤੀ ਅਤੇ ਇਸ ਦਾ ਸਿਹਰਾ ਉਸਦੇ ਮਾਤਾ ਪਿਤਾ ਅਤੇ ਅਧਿਆਪਕਾਂ ਸਿਰ ਜਾਂਦਾ ਹੈ। ਅਵਲੀਨ ਕੌਰ ਨੇ ਆਰਟਸ ਗਰੁੱਪ ਵਿੱਚ 97.6% ਅੰਕ, ਕਨਵਰ ਰਾਜੇਬੀਰ ਸਿੰਘ ਨੇ ਨਾਨ ਮੈਡੀਕਲ ਗਰੁੱਪ ਵਿੱਚ 97% ਅਤੇ ਹਰਮਨਪ੍ਰੀਤ ਕੌਰ ਨੇ ਮੈਡੀਕਲ ਗਰੁੱਪ ਵਿੱਚ 96.6% ਅੰਕ ਹਾਸਲ ਕੀਤੇ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸੱਕਤਰ ਸਵਿੰਦਰ ਸਿੰਘ ਕੱਥੂਨੰਗਲ, ਜਾਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ ਅਤੇ ਸਕੂਲ ਦੇ ਮੈਂਬਰ ਇੰਚਾਰਜ ਰਬਿੰਦਰਬੀਰ ਸਿੰਘ ਭੱਲਾ ਵਿਸ਼ੇਸ਼ ਤੌਰ ਤੇ ਬੱਚਿਆਂ ਨਾਲ ਖ਼ੁਸ਼ੀ ਸਾਂਝੀ ਕਰਨ ਪੁੱਜੇ ਅਤੇ ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਹੀ ਮਿਹਨਤ ਅਤੇ ਲਗਨ ਨਾਲ ਭਵਿੱਖ ਵਿੱਚ ਤਰੱਕੀਆਂ ਕਰਨ ਦਾ ਆਸ਼ੀਰਵਾਦ ਦਿੱਤਾ। ਸਕੂਲ ਦੇ ਪ੍ਰਿੰਸੀਪਲ ਮਨਦੀਪ ਸਿੰਘ ਨੇ ਦੱਸਿਆ ਕਿ ਸਕੂਲ ਦੇ ਕੁਲ 432 ਵਿਦਿਆਰਥੀਆਂ ਵਿੱਚੋ 17 ਵਿਦਿਆਰਥੀਆਂ ਨੇ 95% ਅਤੇ ਇਸ ਤੋਂ ਉਪਰ ਅੰਕ ਅਤੇ 46 ਵਿਦਿਆਰਥੀਆਂ ਨੇ 90 ਤੋਂ 94% ਅੰਕ ਹਾਸਲ ਕੀਤੇ। ਪ੍ਰਿੰਸੀਪਲ ਮਨਦੀਪ ਸਿੰਘ ਨੇ ਅਵੱਲ ਦਰਜੇ ਵਿੱਚ ਆਏ ਹੋਏ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫਲਤਾ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਇਹ ਵੀ ਕਿਹਾ ਕਿ ਜੀ. ਟੀ. ਰੋਡ ਸਕੂਲ ਦਾ ਇਹ ਸ਼ਾਨਦਾਰ ਨਤੀਜਾ ਜਿੱਥੇ ਵਿਦਿਆਰਥੀਆਂ ਦੀ ਘਾਲਣਾ ਅਤੇ ਲਗਨ ਕਰਕੇ ਸੰਭਵ ਹੋਇਆ ਹੈ, ਉਥੇ ਹੀ ਸਕੂਲ ਦੇ ਅਧਿਆਪਕਾਂ ਵੱਲੋਂ ਕਰਵਾਈ ਜਾਂਦੀ ਸਖ਼ਤ ਮਿਹਨਤ ਅਤੇ ਸੁਚੱਜੀ ਅਗਵਾਈ ਦਾ ਵੀ ਇਸ ਵਿੱਚ ਮਹੱਤਵਪੂਰਨ ਯੋਗਦਾਨ ਹੈ ਜਿਸ ਕਰਕੇ ਉਹ ਵੀ ਵਧਾਈ ਦੇ ਪਾਤਰ ਹਨ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ: ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸੱਕਤਰ ਸਵਿੰਦਰ ਸਿੰਘ ਕੱਥੂਨੰਗਲ ਅਤੇ ਅਜੀਤ ਸਿੰਘ ਬਸਰਾ, ਸਥਾਨਕ ਪ੍ਰਧਾਨ ਸੰਤੋਖ ਸਿੰਘ ਸੇਠੀ, ਮੀਤ ਪ੍ਰਧਾਨ ਜਗਜੀਤ ਸਿੰਘ, ਐਡੀਸ਼ਨਲ ਸੱਕਤਰ ਜਸਪਾਲ ਸਿੰਘ ਢਿੱਲੋਂ, ਜਾਇੰਟ ਸੱਕਤਰ ਸੁਖਜਿੰਦਰ ਸਿੰਘ ਪ੍ਰਿੰਸ, ਮੈਂਬਰ ਇੰਚਾਰਜ ਪ੍ਰੋ. ਹਰੀ ਸਿੰਘ, ਮੈਂਬਰ ਇੰਚਾਰਜ ਰਬਿੰਦਰਬੀਰ ਸਿੰਘ ਭੱਲਾ, ਗੁਰਪ੍ਰੀਤ ਸਿੰਘ ਸੇਠੀ, ਡਾਇਰੈਕਟਰ ਉਪਰੇਸ਼ਨਜ਼ ਅੰਮ੍ਰਿਤਪਾਲ ਸਿੰਘ ਚਾਵਲਾ ਅਤੇ ਸਕੂਲ ਦੇ ਪ੍ਰਿੰਸੀਪਲ ਮਨਦੀਪ ਸਿੰਘ ਨੇ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਨੂੰ ਸੀਬੀਐਸਈ ਪ੍ਰੀਖਿਆ ਵਿੱਚ ਸਫਲਤਾ ਹਾਸਲ ਕਰਨ ਤੇ ਵਧਾਈ ਦਿੱਤੀ। ਇਸ ਸ਼ਾਨਦਾਰ ਨਤੀਜੇ ਦੀ ਖ਼ੁਸ਼ੀ ਵਿੱਚ ਵਿਦਿਆਰਥੀਆਂ ਵੱਲੋਂ ਸਕੂਲ ਵਿੱਚ ਮਠਿਆਈਆਂ ਅਤੇ ਭੰਗੜੇ ਦੀ ਥਾਪ ਤੇ ਜਸ਼ਨ ਮਨਾਇਆ ਗਿਆ।



*ਗੇਰੂ ਕਾ ਮੁਖ ਵਿਖੇ ਕੇਂਦਰੀ ਬਿਜਲੀ ਅਤੇ ਭਾਰੀ ਉਦਯੋਗ ਰਾਜ ਮੰਤਰੀ ਸ੍ਰੀ ਕ੍ਰਿਸ਼ਨ ਪਾਲ ਗੁਰਜਰ ਐਨ ਐਚ ਪੀ ਸੀ ਦੇ 2000 ਮੈਗਾਵਾਟ ਪ੍ਰੋਜੈਕਟ ਦਾ ਦੌਰਾ ਕਰਦੇ ਹੋਏ।*

## Change of Name

I, Kumar Barun S/o Birendra Kumar Singh R/o Flat No-401, Tower 72, Emaar Palm Hills, Opposite Hyatt Regency, Sector-77, Narsinghpur, Gurgaon, Haryana-122004, have changed my name as Barun Singh. All concerned please note.

I, Anju Yadav W/o Kumar Barun R/o Flat No.401, Tower 72, Emaar Palm Hills, Opposite Hyatt Regency, Sector-77, Narsinghpur, Gurgaon, Haryana-122004. have changed my name as Anju Singh. All concerned please note.

I, Manisha Sharma D/o Som Nath Sharma W/o Keshav Rampal R/o 3059, Ram Muhala, Chonk Chira, Katra Karm Singh, Amritsar, Punjab-143001. have changed my name as Manisha Rampal. All concerned please note.

I, Rekha Tripathi W/o Abhinav Jeet Ojha R/o H.No.1039, Sector-17 Faridabad, Haryana- 121002. have changed my name as Rekha Ojha. All concerned please note.

# ਸੰਤਾਂ ਮਹਾਂਪੁਰਸ਼ਾਂ ਨੇ ਨਾੜ ਨੂੰ ਅੱਗ ਨਾ ਲਗਾਉਣ ਤੇ ਪਾਣੀ ਦੀ ਸਹੀ ਵਰਤੋਂ ਕਰਨ ਦੀ ਕੀਤੀ ਅਪੀਲ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ )-ਡੇਰਾ ਲੋਹ ਲੰਗਰ ਗੁਰਦੁਆਰਾ ਸੁਸਾਇਟੀ ਪਿੰਡ ਨੰਗਲ ਖੁਰਦ ਵਿਖੇ ਸੰਤਾਂ ਮਹਾਂਪੁਰਸ਼ਾਂ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਅਤੇ ਹੋਰ ਸਨਮਾਨ ਯੋਗ ਸ਼ਖ਼ਸੀਅਤਾਂ ਦਾ ਇੱਕ ਵਿਸ਼ੇਸ਼ ਇਕੱਠ ਹੋਇਆ। ਜਿਸ ਵਿੱਚ ਸੰਤ ਪ੍ਰੀਤਮ ਸਿੰਘ ਡੁਮੇਲੀ, ਸੰਤ ਪ੍ਰੀਤਮ ਸਿੰਘ ਬਾੜੀਆਂ, ਸੰਤ ਸੰਤੋਖ ਸਿੰਘ ਪਾਲਦੀ, ਸੰਤ ਮਹਾਂਵੀਰ ਸਿੰਘ ਤਾਜੇਵਾਲ, ਸੰਤ ਅਮਰਜੀਤ ਸਿੰਘ ਸੰਤਗੜ੍ਹ ਹਰਖੋਵਾਲ,ਸੰਤ ਕਰਮਜੀਤ ਸਿੰਘ ਟਿੱਬਾ ਸਾਹਿਬ, ਡੇਰੇ ਦੇ ਮੁੱਖ ਸੇਵਾਦਾਰ ਸੰਤ ਬਿਕਰਮਜੀਤ ਸਿੰਘ, ਰੀਟਾ ਰਾਣੀ ਸਰਪੰਚ, ਚੂਹੜ ਸਿੰਘ ਚੌਂਕੀਦਾਰ, ਬੀਬੀ ਸਤਿੰਦਰ ਕੌਰ, ਖੁਸਦੀਪ ਕੌਰ, ਮਨਜੀਤ ਸਿੰਘ ਸੰਘਾ ਮਾਹਿਲਪੁਰੀ ਆਦਿ ਸ਼ਖ਼ਸੀਅਤਾਂ ਹਾਜਰ ਹੋਈਆ।

ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆ ਸੰਤ ਬਾਬਾ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਸੰਤਾਂ-ਮਹਾਂਪੁਰਸ਼ਾਂ ਨੇ ਸਮੂੰਹ ਕਿਸਾਨਾਂ ਨੂੰ ਨਾੜ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕਣਕ ਦੀ ਨਾੜ ਨੂੰ ਅੱਗ ਲਗਾਉਣ ਨਾਲ ਧਰਤੀ ਦੇ ਮਿੱਤਰ ਕੀੜੇ ਨਸ਼ਟ ਹੋ ਜਾਂਦੇ ਹਨ।

ਇਸ ਮੌਕੇ ਉਨ੍ਹਾਂ ਸਮੂੰਹ ਕਿਸਾਨਾਂ ਅਤੇ ਆਮ ਪਬਲਿਕ ਨੂੰ ਇਹ ਬੇਨਤੀ ਵੀ ਕੀਤੀ ਕਿ ਪਾਣੀ ਦੀ ਦੁਰਵਰਤੋਂ ਨਾ ਕੀਤੀ ਜਾਵੇ। ਜੇਕਰ ਅਸੀਂ ਲੋੜ ਮੁਤਾਬਿਕ ਪਾਣੀ ਦੀ ਵਰਤੋਂ ਕਰਾਂਗੇ ਤਾਂ ਸਾਨੂੰ ਆਉਣ ਵਾਲੇ ਸਮੇਂ ਵਿੱਚ ਪਛਤਾਉਣਾ ਨਹੀਂ ਪਵੇਗਾ। ਮੀਟਿੰਗ ਵਿੱਚ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸਨ ਸਿੰਘ ਰੋੜੀ ਵਿਧਾਇਕ ਹਲਕਾ ਗੜ੍ਹਸ਼ੰਕਰ ਨੂੰ ਵਿਸ਼ੇਸ਼ ਤੌਰ 'ਤੇ ਅਪੀਲ ਕੀਤੀ ਗਈ ਕਿ ਉਹ ਪਿੰਡਾਂ ਵਿੱਚ ਜਾਗਰੂਕ ਕੈਂਪ ਲਗਾਉਣ ਲਈ ਉਪਰਾਲੇ ਕਰਨ, ਤਾਂ ਜੋ ਲੋਕ ਕਣਕ ਦੀ ਨਾੜ ਨੂੰ ਅੱਗ ਲਗਾਉਣ ਤੋਂ ਗੁਰੇਜ ਕਰਨ ਅਤੇ ਪਾਣੀ ਦੀ ਵੀ ਠੀਕ ਢੰਗ ਨਾਲ ਵਰਤੋਂ ਕਰਨ ਦੀ ਆਦਤ ਪਾਉਣ।


## Mata Gujri Memorial College of Education, Balwanda, Gurdaspur

### Advertisement for the post of Assistant Professor

Mata Gujri Memorial College of Education, Balwanda, Gurdaspur invites online applications for the post of Assistant Professor on regular/contractual basis in Pedagogy of Mathematics – 1, Pedagogy of English – 1, Pedagogy of Punjabi-1, Pedagogy of Economics – 1 on college website portal https:/ /www .mgm collegeofeducation .com/career. Qualifications and Grades as per UGC/NCTE/Punjab Govt./GNDU Amritsar norms. Reservation policy will be as per Punjab Govt. rule. Candidates must submit online application within 15 days from the date of the publication of the advertisement. Candidates must fill up the Score card Proforma (as per Annexure-IV) available in CDC Portal on University Website (www.gndu.ac.in) and submit it alongwith the application.

## ਉਤਰ ਰੇਲਵੇ

G20 ਭਾਰਤ 2023 INDIA — ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

### ਈ-ਨੀਲਾਮੀ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਦੀ ਮੰਗ ਕੀਤੀ ਜਾਂਦੀ ਹੈ।

| | |
|---|---|
| Name of work | ਫਿਰੋਜਪੁਰ ਮੰਡਲ ਦੇ ਸ਼੍ਰੀਨਗਰ ਸਟੇਸ਼ਨ ਤੇ ਪਾਰਕਿੰਗ ਦਾ ਠੇਕਾ ਤਿੰਨ ਸਾਲ ਦੇ ਲਈ ਅਲਾਟ ਕਰਨ ਲਈ। |
| Auction Catalog No. | EA-FZR-PARKG-23-13 |
| Auction Start | 25.05.2023 12:00 hours |
| ਲਾਟ ਨੰ. | ਸਟੇਸ਼ਨ ਦਾ ਨਾਮ |
| PARKING-FZR-SINA-MX-68-23-1 | ਸ਼੍ਰੀਨਗਰ |

ਵਿਸਤ੍ਰਿਤ ਜਾਣਕਾਰੀ ਰੇਲਵੇ ਵੈਬਸਾਈਟ www.ireps.gov.in 'ਤੇ ਉਪਲਬਧ ਹੈ। 1427/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## Mata Gujri Memorial College of Education, Balwanda, Gurdaspur

### Advertisement for the post of Principal

Mata Gujri Memorial College of Education, Balwanda, Gurdaspur invites online applications for the post of Principal on regular/contractual basis on college website portal https://www.mgmcollegeofeducation.com/career. Qualification and Grade as per UGC/NCTE/Punjab Govt./GNDU norms. Reservation policy will be as per Punjab Govt. rule. Candidates must submit online application within 15 days from the date of the publication of the advertisement. A copy of application alongwith a demand draft of Rs. 1180/- (Non–refundable) in favour of Registrar, Guru Nanak Dev University, Amritsar may also be sent to Dean, CDC, Guru Nanak Dev University, Amritsar within stipulated time through Registered Post. Candidate must send the required documents alongwith the application as per the list available for Unaided Colleges in the CDC Portal on University website (www.gndu.ac.in). Incomplete application (without the required document) or the application received after due date will not be entertained.

## ਉਤਰ ਰੇਲਵੇ

G20 ਭਾਰਤ 2023 INDIA — ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ.:-770-W/169/WA/FZR/44-2023-24-JAT-DRM-FZR Date: 11.05.2023

ਮੰਡਲ ਇੰਜੀਨੀਅਰ-ਚੌਥਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 01.06.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਮਿਤੀ ਅਤੇ ਸਮਾਂ |
| 10/05/2023 19:24 | 18/05/2023 | 01/06/2023/15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 44-2023-24-JAT-DRM-FZR | ਸਹਾਇਕ ਮੰਡਲ ਇੰਜੀਨੀਅਰ/ਜੰਮੂ ਦੇ ਤਹਿਤ ਪਠਾਨਕੋਟ ਤੋਂ ਜੰਮੂ ਤਵੀ ਸੈਕਸ਼ਨ ਉਤੇ 28 ਸੰਖਿਆ (ਬੀਜੀ ਟ੍ਰੈਕ) ਦੇ ਟਰਨਆਊਟ ਨਵੀਨੀਕਰਨ ਦੇ ਮਾਧਿਅਮ ਨਾਲ 8.5 ਵਿਚ ਕਠੂਆ 1 = 7 ਸੰਖਿਆ ਜਾਂ ਡੀ/ਐਸ = 01 ਬਾਰੀ ਬ੍ਰਾਹ੍ਮਨ 1 ਵਿਚ 8.5 = 11 ਸੰਖਿਆ, ਜੇਏਟੀ 1 ਵਿਚ 8.5 = 01, ਮਾਧੋਪੁਰ ਪੰਜਾਬ 1 ਵਿਚ 12 = 04, ਸੁਜਾਨਪੁਰ 1 ਵਿਚ 12 = 01, ਅਤੇ 1 ਵਿਚ 8.5 = 02, ਜਾਂ ਪਠਾਨਕੋਟ 1 ਵਿਚ 8.5 = 01 ਅਤੇ 1 ਵਿਚ 8.5 = 8+11+1+2+1=22 ਸੰਖਿਆ) ਜਾਂ ਡੀ/ਐਸ=01 ਅਤੇ 1 ਵਿਚ 12=4+1=05 | | | |
| | | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 1,80,17,834.67/- | 2,40,100/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ: ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ ਪੂਰਾ ਟਰਨ ਆਊਟ ਟ੍ਰੈਕ ਮੇਂਟਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। 1437/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਆਮ ਸੂਚਨਾ

ਮੈਂ, ਬਾਲ ਕਿਸ਼ਨ ਉਰਫ ਨੱਥੂ ਪੁੱਤਰ ਸ੍ਰੀ ਧੋਖੀ ਰਾਮ ਵਾਸੀ ਮਕਾਨ ਨੰ: 149, ਵਾਰਡ ਨੰ: 13, ਗਵਾਲਾ ਮੁਹੱਲਾ, ਦਕੋਹਾ, ਤਹਿ: ਵਾ ਜ਼ਿਲ੍ਹਾ ਜਲੰਧਰ ਆਪਣੇ ਲੜਕੇ ਰਮੇਸ਼ ਪਾਲ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਤਕਰੀਬਨ 02 ਸਾਲ ਪਹਿਲਾਂ ਬੇਦਖ਼ਲ ਕਰ ਦਿੱਤਾ ਸੀ, ਪਰ ਹੁਣ ਇਹ ਮੇਰੇ ਕਹਿਣੇਕਾਰ ਹੈ। ਇਸ ਲਈ ਮੈਂ ਇਸ ਦੀ ਬੇਦਖਲੀ ਕੈਂਸਲ ਕਰਦਾ ਹਾਂ ਅਤੇ ਇਹ ਮੇਰੀ ਚੱਲ-ਅਚੱਲ ਜਾਇਦਾਦ 'ਚ ਪਹਿਲਾਂ ਵਾਂਗ ਹੀ ਹੱਕਦਾਰ ਹੋਵੇਗਾ। ਸੰਬੰਧਤ ਨੋਟ ਕਰਨ। (7657)

## Court Notice

(U/0 5 Rule 20 CPC)
In the Court of
Sh. Mohinder Partap Singh Libra
Civil Judge (Junior Division)-20, Jalandhar
CNR No. PBJL02-002049-2017
Next Date : 26.05.2023
Manu Verma
Vs.
Daljit Singh

Suit for issue for Permanent injunction Restraining the defendants, their agents, attorneys, in Personal life of Plaintiff from Putting under Police Pressure on Plaintiff

Publication issued to : (1) Daljit Singh Father : Kulwinder Singh Ajit Nagar, Near G.T.B. School, Kapurthala, Punjab (2) Karam Singh R/o Vill. Biharipur, Distt. Tarntaran

In above titled case, the defendant (s)/respondent(s) could not be served. It is ordered that defendant (s)/respondent(s) should appear in person or through counsel on 26.05.2023 at 10.00 a.m.

For details logon to : https://highcourtchd.gov.in/?trs=district_ notice &district=Jalandhar

Civil Judge (Junior Division) 20, Jalandhar
Dated, this day of 12.05.2023

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਜੀਵਨ ਕੁਮਾਰ ਗਰਗ, ਸਬ-ਰਜਿਸਟਰਾਰ, ਮਾਨਸਾ।

ਵਿਸ਼ਾ-ਮੁਤਵਫੀ ਜੈਲਾ ਸਿੰਘ ਪੁੱਤਰ ਗੁਰਬਚਨ ਸਿੰਘ ਪੁੱਤਰ ਲਹਿਣਾ ਸਿੰਘ ਵਾਸੀ ਚਕੇਰੀਆਂ ਤਹਿ: ਵਾ ਜ਼ਿਲ੍ਹਾ ਮਾਨਸਾ ਦੀ ਖਾਨਗੀ ਵਸੀਅਤ ਮਿਤੀ 20.10.2021 ਨੂੰ ਰਜਿਸਟਰੇਸ਼ਨ ਐਕਟ ਅ/ਧ 40-41 ਤਹਿਤ ਰਜਿਸਟਰਡ ਕਰਨ ਬਾਰੇ।

ਨੋਟਿਸ ਬਨਾਮ-ਆਮ ਜਨਤਾ

ਕੁੰਢਾ ਸਿੰਘ ਪੁੱਤਰ ਪ੍ਰੀਤਮ ਸਿੰਘ ਪੁੱਤਰ ਲਹਿਣਾ ਸਿੰਘ ਵਾਸੀ ਚਕੇਰੀਆਂ ਤਹਿ: ਵਾ ਜ਼ਿਲ੍ਹਾ ਮਾਨਸਾ ਨੇ ਨਿਮਨ ਹਸਤਾਖਰ ਦੇ ਇੱਕ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਵਿਸ਼ਾ ਅਧੀਨ ਮੁਤਵਫੀ ਜੈਲਾ ਸਿੰਘ ਪੁੱਤਰ ਗੁਰਬਚਨ ਸਿੰਘ ਪੁੱਤਰ ਲਹਿਣਾ ਸਿੰਘ ਵਾਸੀ ਚਕੇਰੀਆਂ ਤਹਿ: ਵਾ ਜ਼ਿਲ੍ਹਾ ਮਾਨਸਾ ਜੋ ਕਿ ਉਸ ਦਾ ਚਚੇਰਾ ਭਰਾ ਸੀ ਅਤੇ ਉਹ ਬਿਨਾਂ ਸ਼ਾਦੀ ਸੀ ਅਤੇ ਮੁਤਵਫੀ ਵੱਲੋਂ ਉਸ ਦੇ ਹੱਕ ਵਿੱਚ ਲਿਖੀ ਗਈ ਖਾਨਗੀ ਵਸੀਅਤ ਮਿਤੀ 20.10.2021 ਨੂੰ ਰਜਿਸਟਰੇਸ਼ਨ ਐਕਟ ਅ/ਧ 40-41 ਤਹਿਤ ਰਜਿਸਟਰਡ ਕੀਤਾ ਜਾਵੇ। ਉਸ ਵੱਲੋਂ ਪੇਸ਼ ਕੀਤੇ ਗਏ ਮੌਤ ਸਰਟੀਫਿਕੇਟ ਅਨੁਸਾਰ ਜੈਲਾ ਸਿੰਘ ਦੀ ਮੌਤ ਮਿਤੀ 30.1.2022 ਨੂੰ ਹੋ ਚੁੱਕੀ ਹੈ।

ਲਿਹਾਜ਼ਾ ਇਸ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਵਿਸ਼ਾ ਅਧੀਨ ਵਸੀਅਤ ਦੇ ਰਜਿਸਟਰਡ ਹੋਣ ਵਿੱਚ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ ਇਸ਼ਤਿਹਾਰ ਦੇ ਅਖਬਾਰ ਵਿੱਚ ਛੱਪਣ ਤੋਂ 20 ਦਿਨਾਂ ਦੇ ਅੰਦਰ-ਅੰਦਰ ਇਸ ਅਦਾਲਤ ਵਿਖੇ ਪੇਸ਼ ਕਰ ਸਕਦਾ ਹੈ। ਬਾਅਦ ਗੁਜਰਨੇ ਮਿਆਦ ਪ੍ਰਾਪਤ ਹੋਏ ਕਿਸੇ ਵੀ ਇਤਰਾਜ਼ ਪਰ ਕੋਈ ਗੌਰ ਨਹੀਂ ਕੀਤੀ ਜਾਵੇਗੀ।

ਅੱਜ ਮਿਤੀ 12.5.2023 ਨੂੰ ਇਹ ਨੋਟਿਸ ਅਦਾਲਤ ਦੀ ਮੋਹਰ ਵਾ ਦਸਤਖ਼ਤਾਂ ਹੇਠ ਜਾਰੀ ਹੋਇਆ।

ਸਬ ਰਜਿਸਟਰਾਰ, ਮਾਨਸਾ
ਪਿੱਠ ਅੰਕਣ ਨੰ: 1/ਐਸ ਪੀ ਐੱਲ/ਰ.ਕ/ਮਿਤੀ : 12.5.2023

## Court Notice

In the Court of Sh. Vijay Kumar-1
Judicial Magistrate-Ist Class-7, Patiala.
CNR No. PBPT03-004796-2022
Next Date : 2.6.2023
Rimpi Rani
Versus
Amninder Singh

Publication issued to : 1. Amninder Singh S/o Manjeet Singh 2. Manjeet Singh 3. Harjinder Kaur W/o Manjeet Singh 4. Rajan S/o Manjeet Singh All R/o H.No. 83, Mehta Colony, Near Urban Estate, Gate No. 3, Patiala.

In above titled case, the accused could not be served. It is ordered that accused should appear in person or through counsel on 2.6.2023 at 10.00 a.m.

For details logon to : https://highcourtchd.gov.in/?trs =district notice&district=Patiala

Judicial Magistrate-Ist Class-7, Patiala
Dated, this day of 12.5.2023

## PROCLAMATION REQUIRING THE APPEARANCE OF A PERSON ACCUSED

In the Court of Ramanpreet Kaur
Judicial Magistrate-First Class, Amritsar.
CNR No. PBAS03-002607-2020
Next Date : 10.7.2023
Indusind Bank Limited
Versus
Mangaldeep Singh

Publication issued to: Whereas complaint/case has been made before me that Mangaldeep Singh S/o Kashmir Singh R/o V.P.O. Chuslewarh, Tehsil Zira, Ferozepur has committed (or is suspected to have committed) the offence punishable under section of and it has been returned to warrant of arrest thereupon issued that the said Mangaldeep Singh cannot be found and whereas it has been shown to my satisfaction that the said Mangaldeep Singh has absconded (or is concealing himself/herself to avoid the service of the said warrant).

Proclamation is hereby made that the said Mangaldeep Singh is required to appear before this Court (or before me) on 10.7.2023 to answer the said complaint/case.

For details logon to https://highcourtchd.gov.in/ ?trs=district_ notice & district=Amritsar.

Judicial Magistrate-First Class, Amritsar.
Dated, this day of 10.5.2023

# ਕਲਾਸੀਫਾਈਡ ਇਸ਼ਤਿਹਾਰ

## Public Notice

I, Amrik Singh Khehra s/o Mukhtar Singh, Resident of Sheron, Tehsil and District Tarn Taran, inform to all that my wife Navjot Kaur Khehra and son Sumitpal Singh Khehra are out of my control. I disconnect my relations with them. I, disown them from all my moveable and immovable property. However would deal with them would be responsible himself. All concern note please.

I, Ranjit Kaur W/o Surjit Singh R/o H.No. 137, Punjabi Bagh, Jalandhar, declare that my husband name mention on my marriage certificate Surjit Singh Dolla S/o Sital Singh. That my husband known by the name of Surjit Singh Dolla and Dolla Surjit Singh. Both name are one and the same person. (7662)

## ਬੇਦਖਲੀ ਨੋਟਿਸ

ਮੈਂ ਕੁਲਵਿੰਦਰ ਸਿੰਘ (ਆਧਾਰ ਨੰਬਰ 5529 2914 7039) ਪੁੱਤਰ ਲੈਟ ਸ੍ਰੀ ਗੁਰਦੀਪ ਸਿੰਘ ਵਾਸੀ ਮਕਾਨ ਨੰਬਰ 6669,ਨਿਓ ਪ੍ਰੀਤ ਨਗਰ ਟਿੱਬਾ ਰੋਡ ਲੁਧਿਆਣਾ ਬਿਆਨ ਕਰਦਾ ਹਾਂ ਮੇਰਾ ਲੜਕਾ ਨਵਪ੍ਰੀਤ ਸਿੰਘ ਅਤੇ ਉਸਦੀ ਪਤਨੀ ਸਿਮਰਨਜੀਤ ਕੌਰ ਪਰਿਵਾਰ ਸਮੇਤ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ ਅਚੱਲ ਜਾਈਦਾਦ ਤੋਂ ਬੇਦਖਲ ਕਰਦਾ ਹਾਂ ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਰੇ ਨੋਟ ਕਰਨ।

ਮੈਂ, ਜਸਪਾਲ ਸਿੰਘ ਪੁੱਤਰ ਜੋਤ ਸਿੰਘ ਵਾਸੀ 131-ਸੀ, ਮਾਡਲ ਟਾਊਨ, ਫਗਵਾੜਾ, ਜਿਲ੍ਹਾ ਕਪੂਰਥਲਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਇਕਜੋਤ ਸਿੰਘ ਅਤੇ ਮੇਰੀ ਨੂੰਹ ਹਰਸੀਨ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਸਾਰੇ ਪਰਿਵਾਰ ਨੂੰ ਤੰਗ ਪਰੇਸ਼ਾਨ ਕਰਦੇ ਹਨ ਇਸ ਲਈ ਮੈਂ ਆਪਣੇ ਲੜਕੇ ਅਤੇ ਆਪਣੀ ਨੂੰਹ ਵਾ ਇਨ੍ਹਾਂ ਦੇ ਪਰਿਵਾਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਤ ਨੋਟ ਕਰਨ।

ਮੈਂ, ਗੁਰਮੀਤ ਸਿੰਘ ਨਿਜੋਤਰਾ ਪੁੱਤਰ ਸ. ਮੰਗਲ ਸਿੰਘ ਵਾਸੀ ਮਕਾਨ ਨੰ. 125, ਪੰਜਾਬੀ ਆਲੌਣਾ, ਨੇੜੇ ਟੀ ਵੀ ਟਾਵਰ, ਟਾਵਰ ਟਾਊਨ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਚੰਨਪ੍ਰੀਤ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਮੈਂ, ਸੁਮਨ ਚੌਧਰੀ ਪਤਨੀ ਨਰੇਸ਼ ਕੁਮਾਰ ਵਾਸੀ ਐਨ. ਐਨ. 620, ਗੋਪਾਲ ਨਗਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਸ਼ਿਖਾ ਚੌਧਰੀ ਪੁੱਤਰੀ ਨਰੇਸ਼ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਅਸੀਂ, ਰਮੇਸ਼ ਕੁਮਾਰ ਪੁੱਤਰ ਮੁਖਤਿਆਰ ਲਾਲ ਅਤੇ ਅੰਜੂ ਬਾਲਾ ਪਤਨੀ ਰਮੇਸ਼ ਕੁਮਾਰ ਵਾਸੀ ਮਕਾਨ ਨੰ. 96, ਦਕੋਹਾ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਨਰਿੰਦਰ ਕੁਮਾਰ ਅਤੇ ਉਸ ਦੀ ਪਤਨੀ ਸਵਰਨਜੀਤ ਕੌਰ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਮੈਂ, ਸੁਦੇਸ਼ ਕੁਮਾਰ ਪੁੱਤਰ ਗਿਆਨ ਚੰਦ ਵਾਸੀ ਮਕਾਨ ਨੰ. 203, ਜਸਵੰਤ ਨਗਰ, ਗੜ੍ਹਾ ਰੋਡ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਨੋਦ ਕੁਮਾਰ ਉਰਫ ਸੋਨੂੰ ਅਤੇ ਉਸ ਦੀ ਪਤਨੀ ਪੂਜਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਮੈਂ, ਮੰਗਤ ਰਾਮ ਪੁੱਤਰ ਸ੍ਰੀ ਪਾਲਾ ਅਤੇ ਹਰਜਿੰਦਰ ਕੌਰ ਪਤਨੀ ਮੰਗਤ ਰਾਮ ਵਾਸੀ ਪਿੰਡ ਭੋਏਪੁਰ ਤੇ ਡਾਕ: ਸੰਢਾਂਵਾਲ, ਤਹਿ: ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਲਵਪ੍ਰੀਤ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਅਤੇ ਆਪਣੇ ਸਾਰੇ ਪਰਵਾਰ ਤੇ ਰਿਸ਼ਤੇਦਾਰੀ ਤੋਂ ਬੇਦਖਲ ਕਰਦੇ ਹਾਂ। ਜੋ ਵੀ ਇਸ ਨਾਲ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਲਰਾਜ ਸਿੰਘ ਪੁੱਤਰ ਅਨੋਖ ਸਿੰਘ ਵਾਸੀ ਮਕਾਨ ਨੰ. 39, ਰੋਜ਼ ਐਵੇਨਿਊ, ਰਾਮ ਤੀਰਥ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਦਿਲਸ਼ੇਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਜਿੰਦਰ ਕੌਰ ਪਤਨੀ ਰਾਮ ਸਿੰਘ ਵਾਸੀ 98, ਇੰਦਰਾ ਕਾਲੋਨੀ, ਕੋਟ ਖਾਲਸਾ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸੋਨੂੰ ਸਿੰਘ ਅਤੇ ਉਸ ਦੀ ਪਤਨੀ ਕੋਮਲ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਗੁਰਮੁੱਖ ਸਿੰਘ ਪੁੱਤਰ ਸੁਦਰਸ਼ਨ ਸਿੰਘ ਉਰਫ ਦਰਸ਼ਨ ਸਿੰਘ ਪੁੱਤਰ ਕਾਬਲ ਸਿੰਘ ਵਾਸੀ ਪਿੰਡ ਮੀਆਂਵਾਲ ਤਹਿਸੀਲ ਫਿਲੌਰ ਜਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਕਪੂਰ ਕੌਰ ਵਿਧਵਾ ਤਰਸੇਮ ਸਿੰਘ ਪੁੱਤਰ ਸੁਦਰਸ਼ਨ ਸਿੰਘ ਉਰਫ ਦਰਸ਼ਨ ਸਿੰਘ, ਮੋਹਨ ਸਿੰਘ ਪੁੱਤਰ ਤਰਸੇਮ ਸਿੰਘ ਪੁੱਤਰ ਸੁਦਰਸ਼ਨ ਸਿੰਘ ਉਰਫ ਦਰਸ਼ਨ ਸਿੰਘ, ਸਤਿੰਦਰ ਕੌਰ ਪੁੱਤਰੀ ਅਤੇ ਮਨਜਿੰਦਰ ਕੌਰ ਪੁੱਤਰੀਆਂ ਤਰਸੇਮ ਸਿੰਘ ਪੁੱਤਰ ਸੁਦਰਸ਼ਨ ਸਿੰਘ ਉਰਫ ਦਰਸ਼ਨ ਸਿੰਘ ਵਾਸੀ ਰੁੜਕੀ ਤਹਿਸੀਲ ਫਿਲੌਰ ਜਿਲ੍ਹਾ ਜਲੰਧਰ ਜੋ ਮੇਰੇ ਕਹਿਣੇ ਤੋਂ ਬਾਹਰ ਹਨ ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਦਰਸ਼ਨਾ ਦੇਵੀ ਪਤਨੀ ਸਤੀਸ਼ ਕੁਮਾਰ ਨਿਵਾਸੀ ਮਕਾਨ ਨੰਬਰ 345, ਬੀ-99, ਮਾਡਲ ਟਾਊਨ, ਗਲੀ ਨੰਬਰ 2, ਸੁਭਾਸ਼ ਨਗਰ, ਬਹੇੜਾ, ਤਲਵਾੜਾ ਟਾਊਨ ਸ਼ਿਪ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿਕਾਸ ਵਰਮਾ ਤੇ ਉਸ ਦੀ ਪਤਨੀ ਮੋਨਿਕਾ ਪੁਰੀ, ਲੜਕਾ ਦੀਪਕ ਵਰਮਾ ਤੇ ਉਸ ਦੀ ਪਤਨੀ ਭਾਵਨਾ ਭੱਲਾ ਸਾਰੇ ਹੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਇਹਨਾਂ ਨਾਲ ਕੋਈ ਤੁਅੱਲਕ ਵਾਸਤਾ ਨਹੀਂ ਰਿਹਾ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ। (VIG)

ਮੈਂ ਬਲਵਿੰਦਰ ਸਿੰਘ ਪੁੱਤਰ ਚੰਨਣ ਸਿੰਘ ਪਿੰਡ ਚਾਚੋਵਾਲੀ ਤਹਿਸੀਲ ਮਜੀਠਾ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁੱਖਾ ਸਿੰਘ ਅਤੇ ਨੂੰਹ ਗੁਰਬਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਉਨ੍ਹਾਂ ਦੋਨਾਂ ਨੂੰ ਆਪਣੀ ਚਲ-ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (manmohan)

ਮੈ ਰੋਸਨੀ ਪਤਨੀ ਟੇਕਾ ਰਾਮ ਵਾਸੀ ਬੰਗਾਂ ਤਹਿ ਮੂਨਕ ਜਿਲਾ ਸੰਗਰੂਰ, ਮੇਰਾ ਹਕੀਕੀ ਲੜਕਾ ਜਸਵੀਰ ਸਿੰਘ ਜੋ ਕਿ ਗਲਤ ਸੰਗਤ ਵਿੱਚ ਪੈ ਗਿਆ ਹੈ। ਜੋ ਮੇਰੇ ਕਹਿਣੇ ਤੋਂ ਬਹਾਰ ਹੈ, ਇਸ ਨੂੰ ਮੈ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾ। ਜੋ ਵੀ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ। (ਰਾਜਪਾਲ)

ਮੈਂ, ਮਨਜੀਤ ਕੌਰ ਪਤਨੀ ਲੇਟ ਸ੍ਰੀ ਦਿਲਬਾਗ ਸਿੰਘ ਵਾਸੀ ਮਕਾਨ ਨੰ: 1285, ਬਾਬਾ ਬੁੱਢਾ ਜੀ ਨਗਰ, ਰਾਮਾ ਮੰਡੀ, ਜਲੰਧਰ ਆਪਣੇ ਪੁੱਤਰ ਮਨਜਿੰਦਰ ਸਿੰਘ, ਉਸ ਦੀ ਪਤਨੀ ਸਰਬਜੀਤ ਕੌਰ ਅਤੇ ਉਹਨਾ ਦੀ ਪੁੱਤਰੀ ਗੁਰਲੀਨ ਕੌਰ, ਜਸਲੀਨ ਕੌਰ ਅਤੇ ਪੁੱਤਰ ਯੁਵੀ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਜੇਕਰ ਕੋਈ ਵੀ ਇਹਨਾਂ ਨਾਲ ਲੈਣ-ਦੇਣ ਜਾਂ ਸੰਬੰਧ ਰੱਖਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਉਸ 'ਚ ਅਤੇ ਉਹਨਾਂ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ 'ਚ ਕੋਈ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ। (7656)

ਮੈਂ ਗਿਆਨ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਰੇਲਵੇ ਵਸਤੀ ਗੁਰੂਹਰਸਹਾਏ ਤਹਿ ਗੁਰੂਹਰਸਹਾਏ ਜਿਲ੍ਹਾ ਫਿਰੋਜਪੁਰ ਹਲਫੀਆ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਤੇ ਨੂੰਹ ਸੁਰਿੰਦਰ ਸਿੰਘ ਪਤਨੀ ਸਪਨਾ ਦੇਵੀ ਮੇਰੇ ਕਹਿਣੇ ਤੋਂ ਬਾਹਰ ਹਨ ਜਿਸ ਕਰਕੇ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਨਾਂਅ ਦੀ ਬਦਲੀ

ਮੈਂ, ਦਿਲਸਿਮਰਤ ਕੌਰ ਸੋਹੀ ਪਤਨੀਂ ਪਿਆਰਾ ਸਿੰਘ, ਵਾਸੀ ਜਨਤਾ ਨਗਰ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਦਿਲਸਿਮਰਤ ਕੌਰ ਰੱਖ ਲਿਆ ਹੈ।

ਮੈਂ ਜਸਬੀਰ ਸਿੰਘ ਜੋਸਨ ਪੁੱਤਰ ਨਿਰੰਜਨ ਸਿੰਘ ਵਾਸੀ ਪਿੰਡ ਕਟੋਰਾ, ਤਹਿਸੀਲ ਜੀਰਾ ਜਿਲ੍ਹਾ ਫਿਰੋਜਪੁਰ ਨੇ ਆਪਣਾ ਨਾਮ ਬਦਲ ਕੇ ਜਸਬੀਰ ਸਿੰਘ ਰੱਖ ਲਿਆ ਹੈ, ਸੰਬੰਧਿਤ ਨੋਟ ਕਰਨ। (R)

ਮੈਂ ਜਸਵੀਰ ਕੌਰ ਪਤਨੀ ਪਰਮਜੀਤ ਸਿੰਘ ਗੱਬੀ ਵਾਸੀ ਤਲਵੰਡੀ ਭਾਈ (ਫਿਰੋਜਪੁਰ) ਨੇ ਆਪਣਾਂ ਨਾਮ ਬਦਲ ਕੇ ਜਸਵੀਰ ਕੌਰ ਗੱਬੀ ਰੱਖ ਲਿਆ ਹੈ ਸਬੰਧਤ ਨੋਟ ਕਰਨ।

ਮੈਂ ਇੰਦਰਜੀਤ ਪੁੱਤਰ ਜਰਨੈਲ ਸਿੰਘ ਵਾਸੀ ਦੁਸਾਂਝ ਕਲਾਂ , ਤਹਿ ਫਿਲੌਰ ਜ਼ਿਲ੍ਹਾ ਜਲੰਧਰ ਨੇ ਆਪਣੇ ਪੁੱਤਰ ਦਾ ਨਾਮ ਬਦਲ ਕੇ ਰਾਜਪ੍ਰੀਤ ਤੋਂ ਰਾਜਪ੍ਰੀਤ ਵਿਰਦੀ ਰੱਖ ਲਿਆ ਹੈ। (ਆਰ)

## Change of Name

I, Gurmeet Kaur w/o Gurbachan Singh r/o Village. Nangal Khurd, District Jalandhar Correct spelling of my name is Gurmeet Kaur Instead of Gurmit Kaur. All Please Note.

I, Amanpreet Singh s/o Narinder Singh Gumber r/o H.No. B-3/222, Jain Colony Jalandhar-144008, Punjab have changed my name to Amanpreet Singh Gumber. All Please Note.

I, Arleen Kaur w/o Amanpreet Singh Gumber r/o H.No. B-3/222, Jain Colony Jalandhar-144008, Punjab have changed my name to Arleen Kaur Gumber. All Please Note.

I, Sunny s/o Ronki Ram r/o H.No.14, Near Paint Factory, Major Colony, Jalandhar have changed my name from Sunny to Sunny Bhagat. All Please Note.

I, Money s/o Avtar Chand r/o VPO. Jalbhe, Distt.Jalandhar, Punjab-144106 have changed my name as Money Mahey. All Please Note.

I, Sandip Kaur w/o Avtar Singh r/o VPO. Beas Pind, Distt.Jalandhar, Punjab have changed my name to Sandeep Kaur. All Please Note.

I, Amrit Pal Kaur w/o Daljit Singh r/o 224, Punjabi Bagh Colony, Bulandpur, Jalandhar - 144012 declare that Amrit Pal is my Given Name and Kaur is my Surname. All Please Note.

I, Rajiv Chaba s/o Madan Lal Chaba r/o 248-B, Surya Enclave, Opposite Green Park, Jalandhar, Punjab- 144009 have changed my name as Rajiv Kumar Chaba. All Please Note.

I, Sample S/o Sukhwinder Pal residing at Village Wariana, PO. Nagar, Jalandhar have changed my name from Sample to Rahul Mattu. All concerned please note.

I, Jiya D/o Raj Kumar residing at Ward No. 6, Balachaur, Shaheed Bhagat Singh Nagar have changed my name from Jiya to Jiya Gulati. All concerned please note.

I, Charanjit Kaur W/o Satpal Singh R/o VPO. Jalota, Tehsil Dasuya, Distt. Hoshiarpur, Punjab have changed my name from Charanjit Kaur to Beena Rani. All concerned please note.

## Change of Name

I, Priyanka W/o Rakesh Kumar R/o Vill. Jamsher Chathial, P.O. Garhdiwala, Tehsil Dasuya, Distt. Hoshiarpur, declare that I have changed my name from Priyanka to Priyanka Rani. All concerned note. (Dogra)

I, Sahil S/o Des Raj, R/o H.No. B-23/252, Aslamabad Tehsil & Distt. Hoshiarpur Punjab have changed my name from Sahil to Sahil Kumar. Kumar as Surname. Concerned note.

I, Kiran Sharma W/o Anil Kumar R/o H.No. 2573/A, Ward No. 9, Jawahar Nagar Adampur, Distt. Jalandhar, declare that I known by two names Kiran Sharma & Kiran Bala. Both names are same person. All concern to be noted. (Dilbaghi)

I,Shamsher Singh Malhi R/O Village Mehmoodpur PO Balpurian Distt, Amritsar,Punjab have changed my son's name from Japteshwar Singh to Japteshwar Singh Malhi.Please concerned note.

I, hitherto known as Parveen Kumari W/o Harjinder Singh R/o Lohar Sukha Singh Lohar Jalandhar, Punjab-144026, have changed my name and shall hearafter be known as Parmjit Kaur. (7665)

I, Mohit S/o Sh. Vijay Kumar R/o H.No. 30, Silver Enclave, Ladhewali University Road, Jalandhar, Punjab, India, have changed my name from Mohit to Mohit Kumar. Please note. (7664)

I, Nivedita W/o Pawan Talwar R/o 57-D, Rani Ka Bagh, Opposite Sadar Thana, Amritsar, have changed my name to Nivedita Talwar. (Kiran)

I Dalip Singh Son of Sucha Singh R/o Village Jatala (Ferozepur), have Changed my Name as Dalip Singh Bhullar.please Concerned Note.

I, Preeti D/o Rajendra Prasad Bangwal W/o Manish Bhatt R/o S-1/403, Mohalla Hargobindpura, Gate Hakima Amritsar have changed my name from Preeti to Preeti Bhatt

I, Rashmi W/o Sukhjinder Singh R/o H.No.19 Near Gurdwara Nikka Singh Colony Amritsar have changed my name from Rashmi to Rashmi Sharma

I, Kamaldeep Kaur Randhawa w/o Lakhwinder Singh Randhawa R/o Vill Randhawa, Nurpur Labhana, Distt Kapurthala, Punjab, India have changed my name from Kamaldeep Kaur to Kamaldeep Kaur Randhawa. All concerned may please note.

I, Sunita W/o Sh. Baljit Singh R/o Mohalla Dharamkot, Hoshiarpur Road, Phagwara, Distt. Kapurthala, has been changed my name from Sunita to Kaur Sunita .

I ANITA SHARMA ALIAS SURJIT KUMARI W/O MANMOHAN LAL R/O H. NO. 454-L , MODEL TOWN, JALANDHAR - 144003 , PUNJAB, INDIA HAVE CHANGE MY NAME FROM ANITA SHARMA ALIAS SURJIT KUMARI TO ANITA SHARMA

I, Hardeep Kaur Gill W/o: Ajmer Singh, resident of: Village:Kalala, District:-Barnala (Punjab)-148104, have changed my name to: Hardeep Kaur.

I, Sahil S/o: Atma Ram, R/o: H.NO:B1-919/Ram Nagar, Jalandhar -144008 (Punjab), have changed my name to: Sahil Paul (Given Name: Sahil, Surname: Paul).

I, Robin S/o Puran Singh, R/o: House no: 382, New Shastri Nagar, Near Bus Stand, Pathankot-145001, (Punjab), have changed my name to: Robin Singh (Given name: Robin, Surname: Singh).

I, Swaran Singh S/o Dharam Singh R/o Vill. Dehriwal, Baba Bakala, Amritsar, Punjab, have changed my name Swaran Singh Aujla to Swaran Singh. All concerned please note.

I, Mohammad Balal S/o Rana Jasheen Khan R/o V.P.O. Kandhala Jattan, Tehsil Dasuya (Hoshiarpur), Punjab, have changed my name from Mohamad Balal to Mohammad Balal. Concerned please note.

I, Manisha Arora D/o Naresh Chander Now W/o Deepak Behal, 271, Urban Estate, Near Meritorious School, Batala Road, Gurdaspur, Tehsil/Distt. Gurdaspur, have changed my name to Manisha Behal, after marriage. Both names i.e. Manisha Behal and Manisha Arora are same and one Person.

I, Ekta D/o Mulakh Raj R/o VPO. Kotli Than Singh, Jalandhar, Punjab have changed my name from Ekta to Ekta Kaur. All concerned please note.

I, Naresh Kumar W/o Shadi Ram R/o H.No.34, Ranjeet Enclave , Nangal Karar Khan, Jalandhar- 144024, Punjab Wants to mention that I have spelling correction in my name Naresh Kumar to Naresh Kumari. All concerned please note.

I, Bakshi Ram S/o Sadhu Ram R/o G.T. Road, VPO. Gohawar, Teh.Phillaur, Jalandhar, Punjab-144409 have changed my name as Bakhashi Ram. All concerned please note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਇੱਕ ਅਸਲਾ ਲਾਇਸੰਸ 'ਤੇ ਦੋ ਤੋਂ ਵੱਧ ਹਥਿਆਰ ਰੱਖਣ 'ਤੇ ਪਾਬੰਦੀ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)- ਜਿਲਾ ਮੈਜਿਸਟਰੇਟ ਹਰਪ੍ਰੀਤ ਸਿੰਘ ਸੂਦਨ ਨੇ ਜ਼ਿਲੇ ਦੇ ਅਸਲਾ ਧਾਰਕਾਂ ਨੂੰ ਹਦਾਇਤ ਕੀਤੀ ਹੈ ਕਿ ਜਿਨ੍ਹਾਂ ਵੀ ਅਸਲਾ ਲਾਇਸੰਸ ਧਾਰਕਾਂ ਕੋਲ ਦੋ ਤੋਂ ਵੱਧ ਅਸਲਾ ਲਾਇਸੰਸ ਹਨ, ਉਹ ਤੁਰੰਤ ਸਰੰਡਰ ਕਰਨ, ਨਹੀਂ ਤਾਂ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਆਰਮਜ਼ ਐਕਟ ਵਿੱਚ ਜੋ ਸੋਧ ਕੀਤੀ ਹੈ, ਉਸ ਅਨੁਸਾਰ ਇਕ ਲਾਇਸੰਸ ਉਤੇ ਦੋ ਤੋਂ ਵੱਧ ਹਥਿਆਰ ਨਹੀਂ ਰੱਖੇ ਜਾ ਸਕਦੇ, ਇਸ ਲਈ ਜਿਸ ਕੋਲ ਵੀ ਲਾਇਸੰਸ ਉਤੇ ਦੋ ਤੋਂ ਵੱਧ ਹਥਿਆਰ ਮੌਜੂਦ ਹਨ ਉਹ ਤੁਰੰਤ ਸਰੰਡਰ ਕੀਤੇ ਜਾਣ ਅਤੇ ਇਸ ਦੀ ਸੂਚਨਾ ਲਾਇਸੰਸ ਅਥਾਰਟੀ ਨੂੰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਵਾਧੂ ਹਥਿਆਰ ਆਪਣੇ ਪੁਲਸ ਸਟੇਸ਼ਨ ਜਾਂ ਗੰਨ ਹਾਊਸ ਵਿੱਚ ਜਮ੍ਹਾ ਕਰਵਾਏ ਜਾ ਸਕਦੇ ਹਨ।

# ਨਵਾਂ ਰੁਜ਼ਗਾਰ ਸਿਰਜਣ ਲਈ ਐਚਡੀਐਫਸੀ ਬੈਂਕ ਤੇ ਤੇਲੰਗਾਨਾ ਸਰਕਾਰ ਵਿਚਾਲੇ ਸਮਝੌਤਾ

ਅੰਮ੍ਰਿਤਸਰ : ਐਚਡੀਐਫਸੀ ਬੈਂਕ, ਭਾਰਤ ਦੇ ਸਭ ਤੋਂ ਵੱਡੇ ਨਿੱਜੀ ਖੇਤਰ ਦੇ ਬੈਂਕ ਅਤੇ ਤੇਲੰਗਾਨਾ ਅਕੈਡਮੀ ਫਾਰ ਸਕਿੱਲ ਐਂਡ ਨਾਲੇਜ (ਟਾਸਕ), ਤੇਲੰਗਾਨਾ ਸਰਕਾਰ ਦੇ ਆਈਟੀਈ ਅਤੇ ਸੀ ਵਿਭਾਗ ਅਧੀਨ ਇੱਕ ਗੈਰ-ਲਾਭਕਾਰੀ ਸੰਸਥਾ (ਟਾਸਕ) ਨੇ ਇੱਕ ਸਮਝੌਤਾ ਪੱਤਰ (ਐਮਓਯੂ) 'ਤੇ ਹਸਤਾਖਰ ਕੀਤੇ। ਇਸ ਨਵੇਂ ਸਮਝੌਤੇ ਦੇ ਤਹਿਤ ਐਚ. ਡੀ. ਐਫ. ਸੀ. ਬੈਂਕ ਹੁਣ ਨਵੇਂ ਗ੍ਰੈਜੂਏਟਾਂ ਅਤੇ ਪੋਸਟ-ਗ੍ਰੈਜੂਏਟਾਂ ਦੀ ਰੁਜ਼ਗਾਰ ਯੋਗਤਾ ਨੂੰ ਹੁਲਾਰਾ ਦੇਣ ਲਈ ਸਮਝੌਤੇ ਦੇ ਅਨੁਸਾਰ ਟਾਸਕ ਨਾਲ ਰਜਿਸਟਰਡ 700 ਸੰਸਥਾਵਾਂ ਵਿੱਚ ਪ੍ਰਤਿਭਾ ਦੇ ਇੱਕ ਵੱਡੇ ਪੂਲ ਤੱਕ ਪਹੁੰਚ ਕਰਨ ਦੇ ਯੋਗ ਹੋਵੇਗਾ। ਸ਼੍ਰੀਕਾਂਤ ਸਿਨਹਾ ਸੀਈਓ-ਟਾਸਕ ਅਤੇ ਰੰਗਾ ਸੁਬਰਾਮਨੀਅਮ, ਹੈੱਡ-ਟੇਲੈਂਟ ਐਕਵਾਇਰ, ਐਚ. ਡੀ. ਐਫ. ਸੀ. ਬੈਂਕ ਨੇ ਤੇਲੰਗਾਨਾ ਸਰਕਾਰ, ਟਾਸਕ ਅਤੇ ਐਚ. ਡੀ. ਐਫ. ਸੀ. ਬੈਂਕ ਦੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਹੈਦਰਾਬਾਦ ਵਿੱਚ ਐਮਓਯੂ ਉੱਤੇ ਹਸਤਾਖਰ ਕੀਤੇ। ਸਾਂਝੇਦਾਰੀ ਦੇ ਤਹਿਤ, ਟਾਸਕ ਸਿਖਲਾਈ ਪ੍ਰਾਪਤ ਵਿਦਿਆਰਥੀਆਂ ਨੂੰ ਭਰਤੀ ਕਰਨ ਵਿੱਚ ਐਚ. ਡੀ. ਐਫ. ਸੀ. ਬੈਂਕ ਦੀ ਸਹਾਇਤਾ ਕਰੇਗਾ। ਪਲੇਸਮੈਂਟ ਡਰਾਈਵ ਅਤੇ ਇੰਟਰਵਿਊ ਲਈ ਸਾਰੇ ਲੌਜਿਸਟਿਕ ਸਹਾਇਤਾ ਟਾਸਕ ਦੁਆਰਾ ਪ੍ਰਦਾਨ ਕੀਤੀ ਜਾਵੇਗੀ।

# ਇਸ ਵਾਰ 105528 ਮੀਟ੍ਰਿਕ ਟਨ ਵੱਧ ਕਣਕ ਦੀ ਖਰੀਦ ਕੀਤੀ ਗਈ : ਡਿਪਟੀ ਕਮਿਸ਼ਨਰ

ਗੁਰਦਾਸਪੁਰ (ਜਨਕ ਮਹਾਜਨ) - ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਨਿਰਵਿਘਨ ਚੱਲ ਰਹੀ ਹੈ। ਖਰੀਦ ਏਜੰਸੀਆਂ ਵੱਲੋਂ ਇਸ ਵਾਰ ਪਿਛਲੇ ਸਾਲ ਦੇ ਮੁਕਾਬਲੇ ਵੱਧ ਕਣਕ ਦੀ ਖਰੀਦ ਕੀਤੀ ਗਈ ਹੈ। ਪਿਛਲੇ ਸਾਲ 10 ਮਈ ਤੱਕ 527073 ਮੀਟ੍ਰਿਕ ਟਨ ਕਣਕ ਖਰੀਦੀ ਗਈ ਸੀ ਜਦਕਿ ਇਸ ਵਾਰ 10 ਮਈ ਤੱਕ 631964 ਮੀਟ੍ਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਮੰਡੀਆਂ ਵਿੱਚ ਅਜੇ ਵੀ ਕਣਕ ਆ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਮੰਡੀਆਂ ਵਿੱਚ ਵੱਧ ਕਣਕ ਆਈ ਹੈ ਜਿਸਨੂੰ ਨਾਲ ਦੀ ਨਾਲ ਹੀ ਖਰੀਦਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 633700 ਮੀਟ੍ਰਿਕ ਟਨ ਕਣਕ ਦੀ ਫਸਲ ਆਈ ਸੀ ਜਿਸ ਵਿੱਚੋਂ 631964 ਮੀਟ੍ਰਿਕ ਟਨ ਫਸਲ ਨੂੰ ਖਰੀਦ ਲਿਆ ਗਿਆ ਹੈ। ਉਨ੍ਹਾ ਦੱਸਿਆ ਕਿ ਇਸ ਸਾਲ 10 ਮਈ ਤੱਕ ਪਿਛਲੇ ਸਾਲ ਦੀ 10 ਮਈ ਦੇ ਮੁਕਾਬਲੇ 105528 ਮੀਟ੍ਰਿਕ ਟਨ ਕਣਕ ਵੱਧ ਖਰੀਦੀ ਗਈ ਹੈ। ਉਨ੍ਹਾ ਦੱਸਿਆ ਕਿ ਬੀਤੀ ਸ਼ਾਮ ਤੱਕ 474904 ਮੀਟ੍ਰਿਕ ਟਨ ਕਣਕ ਜੋ 75 ਫੀਸਦੀ ਤੋਂ ਵੱਧ ਬਣਦੀ ਹੈ, ਦੀ ਲਿਫਟਿੰਗ ਕਰ ਲਈ ਗਈ ਹੈ। ਉਨ੍ਹਾ ਕਿਹਾ ਕਿ ਬਹੁਤ ਜਲਦੀ ਹੀ ਲਿਫਟਿੰਗ ਦਾ ਕੰਮ ਵੀ ਮੁਕੰਮਲ ਕਰ ਲਿਆ ਜਾਵੇਗਾ।

# ਰੋਡਵੇਜ ਨੂੰ ਤਰੱਕੀ ਵੱਲ ਲਿਜਾਣ ਲਈ ਮੁਲਾਜ਼ਮਾਂ ਦੀਆਂ ਜਾਇਜ ਮੰਗਾਂ ਕਰ ਰਹੇ ਹਾਂ ਪੂਰੀਆਂ: ਭੁੱਲਰ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪੰਜਾਬ ਰੋਡਵੇਜ ਦੇ ਮੁਲਾਜ਼ਮਾਂ ਨੂੰ ਦੱਸਿਆ ਕਿ ਉਨ੍ਹਾਂ ਦੀਆਂ ਲਗਭਗ ਸਾਰੀਆਂ ਜਾਇਜ ਮੰਗਾਂ ਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਲਈ ਥੋੜ੍ਹਾ ਸੰਜਮ ਰੱਖਣ ਅਤੇ ਸਰਕਾਰ ਦਾ ਸਾਥ ਦੇਣ। ਆਪਣੇ ਦਫਤਰ ਵਿਖੇ ਪੰਜਾਬ ਰੋਡਵੇਜ/ਪਨਬੱਸ ਮੁਲਾਜਮ ਸਾਂਝੀ ਐਕਸਨ ਕਮੇਟੀ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਟਰਾਂਸਪੋਰਟ ਮੰਤਰੀ ਨੇ ਐਕਸ਼ਨ ਕਮੇਟੀ ਦੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਰੋਡਵੇਜ ਦੀਆਂ ਲੰਮੇ ਸਮੇਂ ਤੋਂ ਅਧਵਾਟੇ ਪਈਆਂ ਮੰਗਾਂ ਨੂੰ ਪੜਾਅਵਾਰ ਪੂਰਾ ਕੀਤਾ ਜਾ ਰਿਹਾ ਹੈ। ਬੱਸਾਂ ਦੇ ਟਾਈਮ-ਟੇਬਲ ਵਿੱਚ ਇਕਸਾਰਤਾ ਲਿਆਉਣ ਬਾਰੇ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੀ ਸਰਕਾਰੀ ਬੱਸ ਸਰਵਿਸ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਵਚਨਬੱਧ ਹੈ ਅਤੇ ਸਰਕਾਰੀ ਬੱਸਾਂ ਦੀ ਕੀਮਤ 'ਤੇ ਪ੍ਰਾਈਵੇਟ ਅਦਾਰਿਆਂ ਨੂੰ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਅਧਿਕਾਰੀਆਂ ਨੂੰ ਬੱਸ ਟਾਈਮ-ਟੇਬਲ ਦੀਆਂ ਊਣਤਾਈਆਂ ਛੇਤੀ ਤੋਂ ਛੇਤੀ ਦੂਰ ਕਰਨ ਦੇ ਨਿਰਦੇਸ਼ ਦਿੱਤੇ। ਮੰਤਰੀ ਨੇ ਫੌਤ ਹੋ ਚੁੱਕੇ ਮੁਲਾਜਮਾਂ ਦੇ ਵਾਰਸਾਂ ਨੂੰ ਮਹਿਕਮੇ ਵਿੱਚ ਯੋਗਤਾ ਮੁਤਾਬਕ ਨੌਕਰੀ ਦੇਣ ਸਬੰਧੀ ਅਧਿਕਾਰੀਆਂ ਨੂੰ ਸਾਰੇ ਮਾਮਲੇ ਛੇਤੀ ਤੋਂ ਛੇਤੀ ਨਿਬੇੜਨ ਲਈ ਕਿਹਾ। ਮੀਟਿੰਗ ਦੌਰਾਨ ਟਰਾਂਸਪੋਰਟ ਵਿਭਾਗ ਦੇ ਸਕੱਤਰ ਦਿਲਰਾਜ ਸਿੰਘ ਸੰਧਾਵਾਲੀਆ, ਪੰਜਾਬ ਰੋਡਵੇਜ ਦੇ ਡਾਇਰੈਕਟਰ ਮੈਡਮ ਅਮਨਦੀਪ ਕੌਰ, ਡਿਪਟੀ ਡਾਇਰੈਕਟਰ ਪਰਨੀਤ ਸਿੰਘ ਮਿਨਹਾਸ ਤੇ ਹੋਰ ਅਧਿਕਾਰੀ ਹਾਜਰ ਸਨ।

# ਕ੍ਰਿਸ਼ਨਾਪੁਰੀ ਮੁਹੱਲੇ 'ਚ ਮਕਾਨਾਂ ਨੂੰ ਤਰੇੜਾਂ ਆਉਣ ਦਾ ਸਿਲਸਿਲਾ ਜਾਰੀ

## ਨਗਰ ਕੌਂਸਲ ਅਧਿਕਾਰੀਆਂ ਨੇ ਮੌਕੇ 'ਤੇ ਜਾ ਕੇ ਲਿਆ ਜਾਇਜ਼ਾ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਕ੍ਰਿਸ਼ਨਾਪੁਰੀ ਮੁਹੱਲੇ ਵਿੱਚ ਪਿਛਲੇ ਕੁਝ ਮਹੀਨਿਆਂ ਤੋਂ ਲੋਕਾਂ ਦੇ ਮਕਾਨਾਂ ਨੂੰ ਤਰੇੜਾਂ ਆ ਰਹੀਆਂ ਹਨ, ਜੋ ਕਿ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਇਸ ਸੰਬਧੀ ਨਗਰ ਕੌਂਸਲ ਦੇ ਅਧਿਕਾਰੀਆਂ ਵੱਲੋਂ ਮੌਕੇ 'ਤੇ ਜਾ ਕੇ ਜਾਇਜ਼ਾ ਲਿਆ ਗਿਆ। ਲੋਕਾਂ ਵੱਲੋਂ ਆਪਣੀ ਇਹ ਮੁਸ਼ਕਲ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਧਿਆਨ ਵਿੱਚ ਲਿਆਂਦੀ, ਜਿਨ੍ਹਾਂ ਦੇ ਨਿਰਦੇਸ਼ਾਂ ਤਹਿਤ ਅੱਜ ਪੀ. ਏ. ਸੁਖਵਿੰਦਰ ਸਿੰਘ ਗਿੱਲ ਤੇ ਕਾਰਜ ਸਾਧਕ ਅਫ਼ਸਰ ਹਰਨਰਿੰਦਰ ਸਿੰਘ ਕ੍ਰਿਸ਼ਨਾਪੁਰੀ ਮੁਹੱਲੇ ਵਿੱਚ ਪੁੱਜੇ। ਮੁਹੱਲਾ ਵਾਸੀਆਂ ਨੇ ਦੱਸਿਆ ਕਿ ਬੇਸ਼ੱਕ ਨਗਰ ਕੌਂਸਲ ਵੱਲੋਂ ਮਕਾਨਾਂ ਵਿੱਚ ਵੱਧ ਰਹੀਆਂ ਤਰੇੜਾਂ ਨੂੰ ਰੋਕਣ ਲਈ ਸੀਵਰੇਜ ਦੀ ਸਫ਼ਾਈ ਤੇ ਲੀਕੇਜ ਦੀ ਵੀ ਜਾਂਚ ਕੀਤੀ ਗਈ, ਪਰ ਉਸ ਤੋਂ ਬਾਅਦ ਵੀ ਮਕਾਨਾਂ ਨੂੰ ਤਰੇੜਾਂ ਆਉਣ ਦਾ ਸਿਲਸਿਲਾ ਜਾਰੀ ਹੈ। ਇਸ ਤੋਂ ਇਲਾਵਾ ਕਈ ਮਕਾਨਾਂ ਦੇ ਫਰਸ਼ ਵੀ ਉੱਪਰ ਨੂੰ ਉੱਠਣੇ ਸ਼ੁਰੂ ਹੋ ਗਏ ਹਨ, ਜਿਸ ਕਾਰਨ ਇਹ ਅਜੇ ਤੱਕ ਭੇਤ ਬਣਿਆ ਹੋਇਆ ਹੈ ਕਿ ਲੋਕਾਂ ਦੇ ਮਕਾਨਾਂ ਦਾ ਨੁਕਸਾਨ ਸੀਵਰੇਜ ਦੀ ਲੀਕੇਜ ਜਾਂ ਹੋਰ ਕਾਰਨਾਂ ਕਰਕੇ ਹੋ ਰਿਹਾ ਹੈ। ਮੌਕਾ ਦੇਖਣ ਉਪਰੰਤ ਕਾਰਜ ਸਾਧਕ ਅਫ਼ਸਰ ਹਰਨਰਿੰਦਰ ਸਿੰਘ ਨੇ ਦੱਸਿਆ ਕਿ ਇਹ ਤਰੇੜਾਂ ਕਿਉਂ ਆ ਰਹੀਆਂ ਹਨ। ਇਸ ਸੰਬਧੀ ਉਹ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਬੇਨਤੀ ਪੱਤਰ ਭੇਜਣਗੇ ਕਿ ਉਹ ਟੀਮਾਂ ਨੂੰ ਜਾਂਚ ਲਈ ਭੇਜਣ। ਉਨ੍ਹਾ ਕਿਹਾ ਕਿ ਨਗਰ ਕੌਂਸਲ ਵੱਲੋਂ ਆਪਣੇ ਤੌਰ 'ਤੇ ਸਭ ਯਤਨ ਕਰ ਲਏ ਗਏ ਹਨ, ਪਰ ਲੋਕਾਂ ਦੀ ਸਮੱਸਿਆ ਹੱਲ ਨਹੀਂ ਹੋ ਰਹੀ, ਇਸ ਲਈ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ। ਇਸ ਮੌਕੇ ਉਨ੍ਹਾ ਨਾਲ ਜਗਮੀਤ ਸਿੰਘ ਮੱਕੜ, ਪ੍ਰਵੀਨ ਮੱਕੜ, ਹਰਕੇਸ਼ ਨਹਿਰਾ ਵੀ ਮੌਜੂਦ ਸਨ।

# ਅਕਾਲੀ ਦਲ ਸੁਤੰਤਰ ਵੱਲੋਂ ਸੀਵਰੇਜ ਦੀ ਸਮੱਸਿਆ ਸੰਬੰਧੀ ਐੱਸ ਡੀ ਐੱਮ ਨੂੰ ਮੰਗ ਪੱਤਰ

**ਨਾਭਾ, (ਵਰਿੰਦਰ ਵਰਮਾ)**-ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਦੀ ਅਗਵਾਈ 'ਚ ਐੱਸ.ਡੀ.ਐੱਮ. ਤਰਸੇਮ ਚੰਦ ਨਾਭਾ ਨੂੰ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਸਾਹਿਬ ਦੇ ਸੀਵਰੇਜ ਦੇ ਪਾਣੀ ਦੀ ਸਮੱਸਿਆ ਸਬੰਧੀ ਮੰਗ ਪੱਤਰ ਦਿੱਤਾ ਗਿਆ। ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਗਾਰਚੀ ਸਿੰਘ ਬਾਬਾ ਅਜਾਪਾਲ ਸਿੰਘ ਜੀ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਜਿੱਥੇ ਰੋਜ਼ਾਨਾ ਹੀ ਭਾਰੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੁੰਦੀਆਂ ਹਨ। ਉਨ੍ਹਾ ਕਿਹਾ ਕਿ ਗੁ: ਸਾਹਿਬ ਦੀ ਸੀਵਰੇਜ ਪਾਣੀ ਦੀ ਨਿਕਾਸੀ ਦਾ ਬਹੁਤ ਮਾੜਾ ਹਾਲ ਹੈ, ਜੋ ਕਿ ਗੁ: ਸਾਹਿਬ ਦੇ ਕੰਪਲੈਕਸ ਵਿੱਚ ਸੀਵਰੇਜ ਦਾ ਗੰਦਾ ਪਾਣੀ ਇਕੱਠਾ ਹੋ ਜਾਂਦਾ ਹੈ। ਉਨ੍ਹਾ ਕਿਹਾ ਕਿ ਨਗਰ ਕੌਂਸਲ ਨਾਭਾ ਵੱਲੋਂ ਸੀਵਰੇਜ ਸਹੀ ਤਰੀਕੇ ਨਾ ਪਾਉਣ ਕਰਕੇ ਗੁ: ਸਾਹਿਬ ਦੇ ਸੀਵਰੇਜ ਦਾ ਪਾਣੀ ਕਿਸੇ ਪਾਸੇ ਸਹੀ ਤਰੀਕੇ ਨਾਲ ਨਹੀਂ ਨਿੱਕਲ ਰਿਹਾ ਹੈ ਤੇ ਸ਼ਰਧਾਲੂਆਂ ਨੂੰ ਸੀਵਰੇਜ ਦੇ ਗੰਦੇ ਪਾਣੀ ਵਿੱਚੋਂ ਨਿਕਲਣਾ ਪੈਂਦਾ ਹੈ, ਜਿਸ ਕਾਰਨ ਸੰਗਤਾਂ 'ਚ ਇਸ ਦਾ ਭਾਰੀ ਰੋਸ ਹੈ। ਉਨ੍ਹਾ ਕਿਹਾ ਕਿ ਉੱਚ ਅਧਿਕਾਰੀਆਂ ਨੇ ਲਾਰਿਆਂ ਦੇ ਸਿਵਾਏ ਕੁਝ ਨਹੀਂ ਦਿੱਤਾ। ਅਧਿਕਾਰੀਆਂ ਵੱਲੋਂ ਕਿਸੇ ਨੇ ਕੁਝ ਨਹੀਂ ਕੀਤਾ, ਪਰ ਅਕਾਲੀ ਦਲ ਸੁਤੰਤਰ ਨੇ ਲਿਖਤੀ ਤੌਰ 'ਤੇ ਪ੍ਰਸ਼ਾਸਨ ਦੇ ਧਿਆਨ ਵਿੱਚ ਪਹਿਲਾਂ ਵੀ ਲਿਆਂਦਾ ਸੀ। ਪਰਮਜੀਤ ਸਿੰਘ ਸਹੋਲੀ ਨੇ ਕਿਹਾ ਕਿ ਕਿ ਜੇਕਰ ਇਸ ਸਮੱਸਿਆ ਦਾ ਹੱਲ ਨਹੀਂ ਕੀਤਾ ਗਿਆ ਤਾਂ ਸੰਘਰਸ਼ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਹਰਬੰਸ ਸਿੰਘ ਖੱਟੜਾ, ਸੁਰਜੀਤ ਸਿੰਘ ਬਾਬਰਪੁਰ ਆਦਿ ਹਾਜ਼ਰ ਸਨ। ਇਸ ਮਾਮਲੇ ਸਬੰਧੀ ਜਦੋਂ ਐੱਸ ਡੀ ਐੱਮ ਨਾਭਾ ਤਰਸੇਮ ਚੰਦ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਇਹ ਮਾਮਲਾ ਮੇਰੇ ਧਿਆਨ ਵਿੱਚ ਹੁਣ ਆਇਆ ਹੈ, ਜਲਦੀ ਹੀ ਸਬੰਧਤ ਮਹਿਕਮੇ ਦੇ ਉੱਚ ਅਧਿਕਾਰੀਆਂ ਨਾਲ ਮਿਲ ਕੇ ਇਸ ਸਮੱਸਿਆ ਦਾ ਹੱਲ ਕੱਢਿਆ ਜਾਵੇਗਾ।

# ਜ਼ਿਲ੍ਹਾ ਮੋਗਾ ਨੂੰ ਕਮਿਊਨਿਟੀ ਲਾਇਬਰੇਰੀਆਂ ਖੋਲ੍ਹਣ ਲਈ 2 ਕਰੋੜ ਰੁਪਏ ਮਿਲੇ : ਡੀ ਸੀ



**ਮੋਗਾ (ਅਮਰਜੀਤ ਬੱਬਰੀ)**-ਜ਼ਿਲ੍ਹਾ ਮੋਗਾ ਦੇ ਲੋਕਾਂ ਵਿੱਚ ਪੜ੍ਹਨ ਲਿਖਣ ਦੀ ਰੁਚੀ ਨੂੰ ਹੋਰ ਪ੍ਰੱਪਕ ਕਰਨ ਤੇ ਨੌਜਵਾਨਾਂ ਨੂੰ ਸਾਹਿਤ ਤੇ ਪੜ੍ਹਾਈ ਨਾਲ ਜੋੜਨ ਦੇ ਮਕਸਦ ਨਾਲ ਜ਼ਿਲ੍ਹਾ ਮੋਗਾ ਵਿੱਚ ਕਮਿਊਨਿਟੀ ਲਾਇਬਰੇਰੀਆਂ ਖੋਲ੍ਹਣ ਦੇ ਪ੍ਰਸਤਾਵ ਨੂੰ ਨੀਤੀ ਆਯੋਗ ਨੇ ਮਨਜ਼ੂਰੀ ਦੇ ਦਿੱਤੀ ਹੈ। ਇਸ ਪ੍ਰੋਜੈਕਟ ਨੂੰ ਅਮਲੀ ਜਾਮਾ ਪਹਿਨਾਉਣ ਲਈ ਨੀਤੀ ਆਯੋਗ ਵੱਲੋਂ 2 ਕਰੋੜ ਰੁਪਏ ਦੀ ਰਾਸ਼ੀ ਵੀ ਜਾਰੀ ਕਰ ਦਿੱਤੀ ਗਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਮੋਗਾ ਨੀਤੀ ਆਯੋਗ ਵੱਲੋਂ ਐਲਾਨੇ ਗਏ ਐਸਪੀਰੇਸ਼ਨਲ ਜ਼ਿਲ੍ਹਿਆਂ ਦੀ ਸੂਚੀ ਵਿੱਚ ਦਰਜ ਹੈ। ਪਿਛਲੇ ਸਮੇਂ ਦੌਰਾਨ ਨੀਤੀ ਆਯੋਗ ਵੱਲੋਂ ਜ਼ਿਲ੍ਹਾ ਮੋਗਾ ਵਿੱਚ ਲੋਕਾਂ ਦੇ ਸਰਬਪੱਖੀ ਵਿਕਾਸ ਨੂੰ ਮੁੱਖ ਰੱਖਦੇ ਹੋਏ ਪ੍ਰੋਜੈਕਟ ਤਿਆਰ ਕਰਕੇ ਭੇਜਣ ਲਈ ਕਿਹਾ ਗਿਆ ਸੀ, ਜਿਸ ਉੱਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਉਕਤ ਪ੍ਰਸਤਾਵ ਬਣਾ ਕੇ ਭੇਜਿਆ ਸੀ, ਜਿਸ ਨੂੰ ਨੀਤੀ ਆਯੋਗ ਨੇ ਮੰਨ ਲਿਆ ਹੈ ਤੇ ਇਸ ਮਕਸਦ ਲਈ ਤੁਰੰਤ 2 ਕਰੋੜ ਰੁਪਏ ਦੀ ਰਾਸ਼ੀ ਵੀ ਜਾਰੀ ਕਰ ਦਿੱਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਕੋਸ਼ਿਸ਼ ਹੈ ਕਿ ਹਰੇਕ ਸਬ ਡਵੀਜ਼ਨ ਵਿੱਚ ਦੋ ਵਧੀਆ ਕਮਿਊਨਿਟੀ ਲਾਇਬ੍ਰੇਰੀਆਂ ਸਥਾਪਤ ਕੀਤੀਆਂ ਜਾਣ। ਇਹ ਲਾਇਬ੍ਰੇਰੀਆਂ ਦੋ ਗੇੜਾਂ 'ਚ ਬਣਾਈਆਂ ਜਾਣਗੀਆਂ। ਪਹਿਲੇ ਗੇੜ 'ਚ ਹਰੇਕ ਸਬ-ਡਵੀਜ਼ਨ ਵਿੱਚ 1 ਲਾਇਬ੍ਰੇਰੀ ਖੋਲ੍ਹੀ ਜਾਵੇਗੀ। ਇਨ੍ਹਾਂ ਲਾਇਬ੍ਰੇਰੀਆਂ ਨੂੰ ਸਰਕਾਰੀ ਇਮਾਰਤਾਂ, ਖਾਸ ਕਰਕੇ ਸਹਿਕਾਰੀ ਸਭਾਵਾਂ 'ਚ ਖੋਲ੍ਹਣ ਨੂੰ ਤਰਜੀਹ ਦਿੱਤੀ ਜਾਵੇਗੀ। ਕਿਹੜੇ ਪਿੰਡ ਜਾਂ ਖੇਤਰ 'ਚ ਖੋਲ੍ਹਣੀ ਹੈ, ਇਸ ਬਾਰੇ ਸੰਬੰਧਤ ਖੇਤਰ ਦੇ ਪਾਠਕਾਂ ਦੀ ਰੁਚੀ ਤੇ ਪ੍ਰਬੰਧ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਆਪਣੇ ਦਫਤਰ ਵਿਖੇ ਵੱਖ-ਵੱਖ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਨੀਤੀ ਆਯੋਗ ਦੀਆਂ ਲਾਇਬ੍ਰੇਰੀਆਂ ਸਥਾਪਤ ਕਰਨ ਲਈ ਢੁੱਕਵੇਂ ਸਥਾਨਾਂ ਦੀ ਭਾਲ ਕਰਨ ਦੀ ਹਦਾਇਤ ਕੀਤੀ।

## ਕਾਤਰਾਂ

### ਨਸ਼ੇ ਦੀਆਂ ਗੋਲੀਆਂ ਸਣੇ ਕਾਬੂ

**ਜਲਾਲਾਬਾਦ, (ਜੀਤ ਕੁਮਾਰ)**-ਥਾਣਾ ਸਿਟੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ 260 ਨਸ਼ੇ ਦੀਆਂ ਗੋਲੀਆਂ ਸਣੇ ਕਾਬੂ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਮੰਨੇਵਾਲਾ ਫਾਟਕ ਕੋਲ ਪੁੱਜੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਵਰੁਣ ਕੁਮਾਰ ਨਸ਼ੇ ਦੀਆਂ ਗੋਲੀਆਂ ਖਾਣ ਤੇ ਵੇਚਣ ਦਾ ਆਦੀ ਹੈ, ਜੋ ਹੁਣ ਵੀ ਪਿੰਡ ਮੰਨੇਵਾਲਾ ਤੋਂ ਜਲਾਲਾਬਾਦ ਨੂੰ ਪੈਦਲ ਆ ਰਿਹਾ ਹੈ ਅਤੇ ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਨਸ਼ੇ ਦੀਆਂ ਗੋਲੀਆਂ ਸਣੇ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਇਤਲਾਹ ਠੋਸ ਹੋਣ ਕਾਰਨ ਪੈਨਸੀਆ ਸਕੂਲ ਦੇ ਸਾਹਮਣੇ ਨਾਕਾਬੰਦੀ ਕਰਕੇ ਵਰੁਣ ਕੁਮਾਰ ਨੂੰ 26 ਪੱਤੇ (260) ਨਸ਼ੇ ਦੀਆਂ ਗੋਲੀਆਂ ਸਣੇ ਕਾਬੂ ਕੀਤਾ ਗਿਆ ਹੈ। ਪੁਲਸ ਨੇ ਵਰੁਨ ਕੁਮਾਰ ਪੁੱਤਰ ਜਗਦੀਸ਼ ਕੁਮਾਰ ਵਾਸੀ ਬਾਬਾ ਦੀਪ ਸਿੰਘ ਨਗਰ ਜਲਾਲਾਬਾਦ ਖਿਲਾਫ ਮੁੱਕਦਮਾ ਦਰਜ ਕੀਤਾ ਗਿਆ ਹੈ।

### ਗੁਰਲਾਲ ਸੋਨੀ ਅਰਦਾਸ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਬਣੇ

**ਸਰਦੂਲਗੜ੍ਹ (ਅਵਤਾਰ ਜਟਾਣਾ)**-ਅਰਦਾਸ ਚੈਰੀਟੇਬਲ ਟਰੱਸਟ ਦੀ ਮੀਟਿੰਗ ਪ੍ਰੀਤ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਟਰੱਸਟ ਸਮੂਹ ਮੈਂਬਰਾਂ ਨੇ ਭਾਗ ਲਿਆ ਤੇ ਸਰਬ ਸੰਮਤੀ ਨਾਲ ਟਰੱਸਟ ਦੀ ਚੋਣ ਕਰਦੇ ਹੋਏ ਗੁਰਲਾਲ ਸੋਨੀ (ਗੋਰਾ) ਨੂੰ ਪ੍ਰਧਾਨ, ਬਲਦੇਵ ਸੋਨੀ, ਆਤਮਾ ਸਿੰਘ ਐਡੀਸ਼ਨਲ ਐੱਸ ਡੀ ਓ ਅਤੇ ਸੱਤਪਾਲ ਸ਼ਰਮਾ ਸਮੇਤ ਤਿੰਨਾਂ ਨੂੰ ਸਰਪ੍ਰਸਤ ਚੁਣਿਆ ਗਿਆ। ਇਸ ਤੋਂ ਇਲਾਵਾ ਅਵਿਨਾਸ਼ ਗਰਗ ਨੂੰ ਸੈਕਟਰੀ, ਅਮਨਦੀਪ ਸਿੰਘ ਨੂੰ ਕੈਸ਼ੀਅਰ, ਮਨਜੀਤ ਸੋਨੀ ਜੁਆਇੰਟ ਕੈਸ਼ੀਅਰ ਤੇ ਰਾਜੀਵ ਗਰਗ ਨੂੰ ਉੱਪ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਦੀਪਾ ਸ਼ਰਮਾ, ਦੀਪੂ, ਅਮਨਦੀਪ ਕੁਮਾਰ, ਵਿਨੂ ਗਰਗ ਆਦਿ ਹਾਜ਼ਰ ਸਨ।

### ਕੰਬੋਜ ਤਾਈਕਵਾਂਡੋ ਤੇ ਫਿਟਨੈੱਸ ਕਲੱਬ ਦੇ ਖਿਡਾਰੀਆਂ ਦਾ ਇੰਡੀਅਨ ਕੱਪ ਟੂਰਨਾਮੈਂਟ 'ਚ ਸ਼ਾਨਦਾਰ ਪ੍ਰਦਰਸ਼ਨ

**ਜਲਾਲਾਬਾਦ, (ਜੀਤ ਕੁਮਾਰ)**-ਕੰਬੋਜ ਤਾਈਕਵਾਂਡੋ ਤੇ ਫਿਟਨੈੱਸ ਕਲੱਬ ਦੇ ਵਿਦਿਆਰਥੀਆਂ ਨੇ ਇੰਡੀਅਨ ਕੱਪ ਟੂਰਨਾਮੈਂਟ ਦੇ ਵੱਖ ਵੱਖ ਇਵੈਂਟਾਂ ਵਿੱਚ ਭਾਗ ਲੈ ਕੇ ਕਲੱਬ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਅੰਮ੍ਰਿਤਸਰ ਵਿਖੇ ਕਰਵਾਏ ਗਏ ਇੰਡੀਅਨ ਕੱਪ ਟੂਰਨਾਮੈਂਟ ਵਿੱਚ ਪਾਰਸ ਸੰਧਾ ਪੁੱਤਰ ਗੁਲਸ਼ਨ ਕੁਮਾਰ ਨੇ ਸੀਨੀਅਰ 60 ਕਿੱਲੋਗ੍ਰਾਮ ਵਿੱਚ ਸੋਨਾ ਤਮਗਾ ਜਿੱਤਿਆ ਤੇ ਧੂਮਸੇ ਵਿੱਚ ਬ੍ਰਾਊਨਜ ਤਗਮਾ ਜਿੱਤਿਆ। ਜਸ਼ਨ ਕੰਬੋਜ ਪੁੱਤਰ ਪ੍ਰੇਮ ਕੁਮਾਰ ਨੇ 70 ਕਿੱਲੋ ਵਿਚ ਚਾਂਦੀ ਦਾ ਤਗਮਾ ਜਿੱਤਿਆ ਅਤੇ ਧੂਮਸੇ ਵਿੱਚ ਬ੍ਰਾਊਨਜ ਮੈਡਲ ਜਿੱਤਿਆ। ਪ੍ਰਿੰਸ ਕੁਮਾਰ ਪੁੱਤਰ ਅਮਰ ਸਿੰਘ ਨੇ 48 ਕਿੱਲੋ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਅਤੇ ਧੂਮਸੇ ਵਿੱਚ ਬ੍ਰਾਊਨਜ ਮੈਡਲ ਜਿੱਤਿਆ। ਇਨ੍ਹਾਂ ਬੱਚਿਆਂ ਨੂੰ ਤਾਈਕਵਾਂਡੋ ਫਿਟਨੈੱਸ ਕਲੱਬ ਦੇ ਕੋਚ ਵਿਸ਼ਾਲ ਕੰਬੋਜ ਵੱਲੋਂ ਖਿਡਾਇਆ ਗਿਆ। ਖਿਡਾਰੀਆਂ ਨੇ ਆਪਣੇ ਕੋਚ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।

# ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦੇ 'ਚ ਹੋਏ ਵਿਸਫੋਟਾਂ ਦੀ ਨਿਰਪੱਖਤਾ ਨਾਲ ਜਾਂਚ ਕਰਵਾਈ ਜਾਵੇ : ਮਾਨ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ੍ਰ. ਸਿਮਰਨਜੀਤ ਸਿੰਘ ਮਾਨ ਐੱਮ ਪੀ ਨੇ ਬੀਤੇ ਹਫਤੇ ਵਿੱਚ ਇੱਕ ਤੋਂ ਬਾਅਦ ਦੂਜਾ ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦੇ ਵਿੱਚ ਦੋ ਵਾਰੀ ਹੋਏ ਬੰਬ ਵਿਸਫੋਟ ਦੇ ਸਾਜ਼ਿਸ਼ੀ ਦੁਖਾਂਤ ਉਤੇ ਤਿੱਖਾ ਪ੍ਰਤੀਕਰਮ ਜ਼ਾਹਰ ਕਰਦੇ ਹੋਏ, ਇਸ ਵਾਰਦਾਤ ਦੇ ਸਾਜ਼ਿਸ਼ਕਾਰਾਂ ਨੂੰ ਸਾਹਮਣੇ ਲਿਆ ਕੇ ਸਜ਼ਾਵਾਂ ਦੇਣ ਦੀ ਜ਼ੋਰਦਾਰ ਮੰਗ ਕੀਤੀ ਹੈ। ਉਨ੍ਹਾ ਕਿਹਾ ਕਿ ਸਾਨੂੰ ਗੁਰੂ ਸਾਹਿਬਾਨ ਨੇ ਬਿਨਾਂ ਕਿਸੇ ਭੇਦਭਾਵ ਦੇ ਲੋੜਵੰਦਾਂ, ਮਜ਼ਲੂਮਾਂ, ਬੇਸਹਾਰਿਆਂ, ਯਤੀਮਾਂ, ਵਿਧਵਾਵਾਂ ਤੇ ਇਨਸਾਨੀਅਤ ਦੀ ਹਰ ਖੇਤਰ ਵਿੱਚ ਸੇਵਾ ਕਰਨ ਅਤੇ ਸਭਨਾਂ ਨੂੰ ਬਰਾਬਰਤਾ ਦੀ ਨਜ਼ਰ ਨਾਲ ਵੇਖਦੇ ਹੋਏ ਵਿਚਰਣ ਤੇ ਇਨਸਾਨੀ ਗੁਣਾਂ ਦਾ ਹਰ ਪਾਸੇ ਪ੍ਰਚਾਰ ਕਰਨ ਦੀ ਜਿੱਥੇ ਸਖਤ ਹਦਾਇਤ ਦਿੱਤੀ ਹੋਈ ਹੈ, ਉਥੇ ਆਪਣੀਆਂ ਕੌਮੀ ਤੇ ਧਰਮੀ ਮਰਿਯਾਦਾਵਾਂ ਵਿੱਚ ਰਹਿੰਦੇ ਹੋਏ ਸਾਦਗੀ ਭਰਿਆ ਜੀਵਨ ਬਤੀਤ ਕਰਨ ਤੇ ਆਪਣੀਆਂ ਨੇਕ ਕਮਾਈਆਂ ਵਿੱਚੋਂ ਮਹੀਨਾਵਾਰ ਦਸਵੰਧ ਕੱਢ ਕੇ ਮਨੁੱਖਤਾ ਲਈ ਅੱਛੇ ਕੰਮਾਂ ਵਿੱਚ ਲਗਾਉਣ ਦੀ ਅਗਵਾਈ ਵੀ ਦਿੱਤੀ ਹੈ। ਇਸ ਲਈ ਸਾਡਾ ਕਿਸੇ ਵੀ ਕੌਮ, ਧਰਮ, ਫਿਰਕੇ, ਕਬੀਲੇ ਆਦਿ ਨਾਲ ਕੋਈ ਰੱਤੀ ਭਰ ਵੀ ਨਾ ਤਾਂ ਵੈਰ ਵਿਰੋਧ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਨਫਰਤ ਹੈ। ਅਸੀਂ ਸਹਿਜ ਨਾਲ ਤੇ ਮੁਹੱਬਤ ਨਾਲ ਜ਼ਿੰਦਗੀ ਜਿਉਣ 'ਜੀਓ ਤੇ ਜਿਊਣ ਦਿਓ' ਦੇ ਵੱਡੇ ਸਿਧਾਂਤ 'ਤੇ ਪਹਿਰਾ ਦਿੰਦੇ ਹੋਏ ਜੀਵਨ ਬਤੀਤ ਕਰ ਰਹੇ ਹਾਂ, ਪਰ ਇਸ ਦੇ ਬਾਵਜੂਦ ਕੁਝ ਮੁਤੱਸਵੀ ਸੋਚ ਵਾਲੀਆਂ ਤਾਕਤਾਂ ਅਤੇ ਹੁਕਮਰਾਨ ਸਾਡੇ ਇਨਸਾਨੀਅਤ ਪੱਖੀ ਗੁਣਾਂ ਦੀ ਬਦੌਲਤ ਸੰਸਾਰ ਪੱਧਰ 'ਤੇ ਵਧਦੀ ਹਰਮਨ ਪਿਆਰਤਾ ਤੇ ਸਤਿਕਾਰ ਨੂੰ ਬਰਦਾਸ਼ਤ ਨਾ ਕਰਦੇ ਹੋਏ ਅਜਿਹੀਆ ਸਾਜ਼ਿਸ਼ਾਂ ਨੂੰ ਅਮਲੀ ਰੂਪ ਦੇ ਕੇ ਸਮਾਜਿਕ ਮਾਹੌਲ ਨੂੰ ਵਿਸਫੋਟਕ ਬਣਾਉਣ ਤੇ ਸਿੱਖ ਕੌਮ ਦੇ ਅਕਸ ਨੂੰ ਧੁੰਦਲਾ ਕਰਨ ਵਿੱਚ ਮਸਰੂਫ ਹਨ, ਪਰ ਉਹ ਇਹ ਭੁੱਲ ਜਾਂਦੇ ਹਨ ਕਿ ਜਿਸ ਕੌਮ ਕੋਲ ਵੱਡਾ ਸਬਰ ਤੇ ਜਬਰ ਵਿਰੁੱਧ ਫਤਹਿ ਪ੍ਰਾਪਤ ਕਰਨ ਲਈ ਸੰਘਰਸ਼ ਵਾਲੀ ਗੁਰੂ ਨੇ ਤਾਕਤ ਬਖਸ਼ੀ ਹੋਈ ਹੈ, ਉਸ ਕੌਮ ਤੇ ਉਸ ਦੇ ਵੱਡਮੁੱਲੇ ਸਿਧਾਂਤਾਂ ਤੇ ਸੋਚ ਨੂੰ ਕੋਈ ਵੀ ਵੱਡੀ ਤੋਂ ਵੱਡੀ ਤਾਕਤ ਨੁਕਸਾਨ ਨਹੀਂ ਕਰ ਸਕਦੀ, ਬਲਕਿ 'ਜਬੈ ਬਾਣਿ ਲਾਗਿਓ, ਤਬੈ ਰੋਸ ਜਾਗਿਓ' ਦੇ ਮਹਾਵਾਕ ਅਨੁਸਾਰ ਸਿੱਖ ਕੌਮ ਅਜਿਹੇ ਇਮਤਿਹਾਨਾਂ ਵਿੱਚੋਂ ਪਹਿਲੇ ਨਾਲੋਂ ਵੀ ਵੱਡੀ ਤਾਕਤ ਤੇ ਸੋਚ ਲੈ ਕੇ ਆਪਣੀ ਮੰਜ਼ਿਲ ਵੱਲ ਵਧਦੀ ਹੈ। ਇਸ ਲਈ ਕਿਸੇ ਵੀ ਅਜਿਹੀ ਮੰਦਭਾਵਨਾ ਭਰੀ ਤਾਕਤ ਜਾਂ ਸਾਜ਼ਿਸ਼ਕਾਰ ਨੂੰ ਸ੍ਰੀ ਦਰਬਾਰ ਸਾਹਿਬ ਜਾਂ ਸਾਡੇ ਸਿੱਖੀ ਦੇ ਧੁਰੇ ਗੁਰੂਘਰਾਂ ਸੰਬੰਧੀ ਅਜਿਹੀ ਮੰਦਭਾਵਨਾ ਰੱਖ ਕੇ ਅਜਿਹਾ ਕੋਈ ਵੀ ਅਮਲ ਨਹੀਂ ਕਰਨਾ ਚਾਹੀਦਾ, ਜਿਸ ਨਾਲ ਇਨਸਾਨੀਅਤ ਕਦਰਾਂ-ਕੀਮਤਾਂ ਤੇ ਸਾਂਝੀਵਾਲਤਾ ਨੂੰ ਠੇਸ ਪਹੁੰਚੇ ਤੇ ਸਮਾਜ ਵਿੱਚ ਉਪੱਦਰ ਫੈਲੇ। ਉਨ੍ਹਾ ਉਮੀਦ ਪ੍ਰਗਟ ਕੀਤੀ ਕਿ ਸੈਂਟਰ ਤੇ ਪੰਜਾਬ ਦੀਆਂ ਸਰਕਾਰਾਂ ਸ੍ਰੀ ਦਰਬਾਰ ਸਾਹਿਬ ਵਿਖੇ ਵਿਸਫੋਟ ਕਰਨ ਵਾਲੇ ਸਾਜ਼ਿਸ਼ਕਾਰਾਂ ਨੂੰ ਸਾਹਮਣੇ ਲਿਆ ਕੇ ਫੌਰੀ ਸਖਤ ਸਜ਼ਾ ਦੇਵੇਗੀ ਤੇ ਕੌਮ ਨੂੰ ਇਨਸਾਫ਼ ਦੇਵੇਗੀ।

# ਡੇਅਰੀ ਫਾਰਮਿੰਗ ਸਿਖਲਾਈ ਕੋਰਸ 22 ਤੋਂ : ਹਾਂਡਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਡੇਅਰੀ ਵਿਕਾਸ ਵਿਭਾਗ ਪੰਜਾਬ ਦੇ ਡਾਇਰੈਕਟਰ ਕੁਲਦੀਪ ਸਿੰਘ ਜੱਸੋਵਾਲ ਦੀ ਯੋਗ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ/ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਦੋ ਹਫ਼ਤਿਆਂ ਦੀ ਡੇਅਰੀ ਸਿਖਲਾਈ ਦਾ ਤੀਜਾ ਬੈਚ 22 ਮਈ 2023 ਨੂੰ ਡੇਅਰੀ ਸਿਖਲਾਈ ਕੇਂਦਰ ਗਿੱਲ ਤੇ ਡੇਅਰੀ ਸਿਖਲਾਈ ਕੇਂਦਰ ਤਰਨਤਾਰਨ ਵਿਖੇ ਚਲਾਇਆ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਡਾਇਰੈਕਟਰ ਡੇਅਰੀ ਰਣਦੀਪ ਕੁਮਾਰ ਹਾਂਡਾ ਨੇ ਦਿੱਤੀ।ਇਸ ਸੰਬਧੀ ਜਾਣਕਾਰੀ ਦਿੰਦਿਆਂ ਰਣਦੀਪ ਕੁਮਾਰ ਹਾਂਡਾ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਣਾਉਣ ਲਈ ਦੋ ਹਫਤੇ ਦੀ ਡੇਅਰੀ ਸਿਖਲਾਈ ਕਰਵਾਈ ਜਾਣੀ ਹੈ।ਇਸ ਸਿਖਲਾਈ ਕੋਰਸ ਵਿੱਚ ਜ਼ਿਲ੍ਹਾ ਫ਼ਿਰੋਜ਼ਪੁਰ ਨਾਲ ਸਬੰਧਤ ਨੌਜਵਾਨ ਲੜਕੇ/ਲੜਕੀਆਂ ਜੋ ਘੱਟੋ-ਘੱਟ ਪੰਜਵੀਂ ਪਾਸ ਹੋਣ, ਉਮਰ 18 ਤੋਂ 50 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਗਰੰਟੀ ਤੇ ਹਰੇ ਚਾਰੇ ਦੀ ਬਿਜਾਈ ਵਾਸਤੇ ਜ਼ਮੀਨ ਦਾ ਪ੍ਰਬੰਧ ਹੋਵੇ, ਉਹ ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ।ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਤਾਂ ਨੂੰ ਵੱਖ-ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 ਪ੍ਰਤੀਸ਼ਤ ਜਨਰਲ ਤੇ 33 ਪ੍ਰਤੀਸ਼ਤ ਅਨੁਸੂਚਿਤ ਜਾਤੀ ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ।

# ਪੰਜਾਬ ਦੀ ਖੇਤੀਬਾੜੀ 'ਤੇ ਲਗਾਤਾਰ ਮਾਰੂ ਕਾਰਵਾਈਆਂ ਹੋ ਰਹੀਆਂ : ਸੇਖੋਂ

## ਬ੍ਰਜਿੰਦਰਾ ਕਾਲਜ 'ਚੋਂ ਖੇਤੀਬਾੜੀ ਕੋਰਸ ਬੰਦ ਕਰਨਾ ਖੇਤੀ ਵਿਰੋਧੀ ਸਾਜ਼ਿਸ਼

**ਬਠਿੰਡਾ (ਬਖਤੌਰ ਢਿੱਲੋਂ)**-ਦੇਸ਼ ਦੀ ਅੰਨ ਸਮੱਸਿਆ ਦੇ ਹੱਲ ਵਿੱਚ ਵੱਡਾ ਯੋਗਦਾਨ ਪਾਉਣ ਵਾਲੇ ਤੇ ਹਰੀ ਕ੍ਰਾਂਤੀ 'ਚ ਮੋਹਰੀ ਰੋਲ ਅਦਾ ਕਰਨ ਵਾਲੇ ਸੂਬੇ ਪੰਜਾਬ ਦੀ ਖੇਤੀਬਾੜੀ 'ਤੇ ਲਗਾਤਾਰ ਮਾਰੂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਹ ਦੋਸ਼ ਲਾਉਂਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਬਰਜਿੰਦਰਾ ਕਾਲਜ ਫਰੀਦਕੋਟ 'ਚੋਂ ਬੀ ਐੱਸ ਸੀ ਐਗਰੀਕਲਚਰ ਕੋਰਸ ਬੰਦ ਕਰਨਾ ਵੀ ਕੇਂਦਰ ਤੇ ਪੰਜਾਬ ਸਰਕਾਰਾਂ ਦੀਆਂ ਅਜਿਹੀਆਂ ਖੇਤੀਬਾੜੀ ਵਿਰੋਧੀ ਸਾਜ਼ਿਸ਼ਾਂ ਦਾ ਹਿੱਸਾ ਹੈ। ਵਰਨਣਯੋਗ ਹੈ ਦੇਸ਼ ਦੀ ਆਜ਼ਾਦੀ ਤੋਂ ਵੀ ਕਰੀਬ ਪੰਜ ਸਾਲ ਪਹਿਲਾਂ ਇਸ ਕਾਲਜ ਵਿੱਚ ਬੀ ਐੱਸ ਸੀ ਐਗਰੀਕਲਚਰ ਦਾ ਕੋਰਸ ਸ਼ੁਰੂ ਕੀਤਾ ਗਿਆ। ਇਸ ਕੋਰਸ ਤੋਂ ਹਰ ਸਾਲ ਇੱਕ ਸੌ ਵਿਦਿਆਰਥੀ ਖੇਤੀ ਮਾਹਰ ਬਣ ਕੇ ਨਿਕਲਦੇ ਸਨ। ਅੱਜ ਪੰਜਾਬ ਖੇਤੀ ਸੰਕਟ ਨਾਲ ਜੂਝ ਰਿਹਾ ਹੈ, ਕਿਸਾਨਾਂ ਨੂੰ ਚੰਗੇ ਸੁਝਾਅ ਤੇ ਸਹਿਯੋਗ ਦੇਣ ਵਾਲੇ ਮਾਹਰਾਂ ਦੀ ਅਤੀ ਜ਼ਰੂਰਤ ਹੈ। ਲੋੜ ਤਾਂ ਇਸ ਕੋਰਸ ਲਈ ਹੋਰ ਸੀਟਾਂ ਵਧਾਉਣ ਦੀ ਸੀ, ਪਰ ਸਰਕਾਰ ਨੇ ਉਲਟਾ ਇਹ ਕੋਰਸ ਪੱਕੇ ਤੌਰ 'ਤੇ ਬੰਦ ਕਰ ਦਿੱਤਾ ਹੈ, ਜੋ ਨਿਰਾਸ਼ਾਜਨਕ ਫੈਸਲਾ ਹੈ।

ਕਾ: ਸੇਖੋਂ ਨੇ ਕਿਹਾ ਕਿ ਕੋਰਸ ਬੰਦ ਕਰਨ ਲਈ ਬਹਾਨਾ ਬਣਾਇਆ ਗਿਆ ਹੈ ਕਿ ਕਾਲਜ ਖੇਤੀਬਾੜੀ ਕੌਂਸਲ ਦੀਆਂ ਹਦਾਇਤਾਂ ਅਨੁਸਾਰ ਸ਼ਰਤਾਂ ਪੂਰੀਆਂ ਨਹੀਂ ਕਰਦਾ। ਕੌਂਸਲ ਵੱਲੋਂ ਇਸ ਸਬੰਧੀ ਸੂਚਿਤ ਕੀਤਾ ਗਿਆ ਸੀ, ਪਰ ਖਾਮੀਆਂ ਦੂਰ ਨਹੀਂ ਕੀਤੀਆਂ ਗਈਆਂ। ਉਨ੍ਹਾ ਦੱਸਿਆ ਕਿ ਕੌਂਸਲ ਨੇ ਇਤਰਾਜ਼ ਲਗਾਇਆ ਸੀ ਕਿ ਇਸ ਕੋਰਸ ਲਈ ਕਾਲਜ ਕੋਲ ਵੀਹ ਏਕੜ ਜ਼ਮੀਨ, ਅਧੁਨਿਕ ਲੈਬਾਰਟਰੀ ਤੇ ਹੋਰ ਲੋੜੀਂਦਾ ਸਾਮਾਨ ਨਹੀਂ ਹੈ, ਜੋ ਕੋਰਸ ਲਈ ਤੈਅ ਸ਼ਰਤਾਂ ਅਨੁਸਾਰ ਜ਼ਰੂਰੀ ਹੈ। ਸੂਬਾ ਸਕੱਤਰ ਨੇ ਕਿਹਾ ਕਿ ਕੌਂਸਲ ਅਨੁਸਾਰ ਭਾਵੇਂ ਇਸ ਦੀ ਲੋੜ ਹੈ, ਪਰ ਇਹ ਕਾਲਜ ਜਾਂ ਲੋਕਾਂ ਦਾ ਕਸੂਰ ਨਹੀਂ, ਘਾਟ ਦੂਰ ਕਰਨੀ ਰਾਜ ਸਰਕਾਰ ਦਾ ਫ਼ਰਜ਼ ਬਣਦਾ ਹੈ। ਕੋਰਸ ਬੰਦ ਕਰ ਦੇਣਾ ਤਾਂ ਮਸਲੇ ਦਾ ਹੱਲ ਨਹੀਂ ਹੈ, ਲੋੜ ਸੀ ਕਿ ਪੰਜਾਬ ਸਰਕਾਰ ਕੋਰਸ ਨਾਲ ਸਬੰਧਤ ਸ਼ਰਤਾਂ ਪੂਰੀਆਂ ਕਰਕੇ ਆਪਣਾ ਫ਼ਰਜ਼ ਨਿਭਾਉਂਦੀ। ਕਾ: ਸੇਖੋਂ ਨੇ ਮੰਗ ਕੀਤੀ ਕਿ ਖੇਤੀਬਾੜੀ ਕੌਂਸਲ ਤੇ ਸਰਕਾਰ ਇਸ ਕੋਰਸ ਨੂੰ ਬੰਦ ਕਰਨ ਵਾਲੇ ਫੈਸਲੇ 'ਤੇ ਮੁੜ ਵਿਚਾਰ ਕਰਨ। ਪੰਜਾਬ ਸਰਕਾਰ ਕੋਰਸ ਲਈ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਸ਼ੈਕਸਪੀਅਰ ਦੇ ਨਾਟਕ ਮੈਕਬੈਥ ਦਾ ਮੰਚਨ



**ਸ੍ਰੀ ਫਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਅੰਗਰੇਜ਼ੀ ਵਿਭਾਗ ਦੇ ਵਿਦਿਆਰਥੀਆਂ ਨੇ ਲਿਟਰੇਰੀ ਕਲੱਬ ਦੀਆਂ ਗਤੀਵਿਧੀਆਂ ਦੌਰਾਨ ਵਿਲੀਅਮ ਸ਼ੈਕਸਪੀਅਰ ਦੇ ਨਾਟਕ ਮੈਕਬੈਥ ਦਾ ਮੰਚਨ ਕੀਤਾ। ਬੀ. ਏ. ਆਨਰਜ਼ ਅੰਗਰੇਜ਼ੀ ਭਾਗ ਦੂਜਾ ਦੇ ਵਿਦਿਆਰਥੀਆਂ ਗੁਰਿੰਦਰ ਸਿੰਘ ਤੇ ਸੁਮਿਤ ਕੌਰ ਵੱਲੋਂ ਕ੍ਰਮਵਾਰ ਕਿੰਗ ਮੈਕਬੈਥ ਤੇ ਲੇਡੀ ਮੈਕਬੈਥ ਦੀਆਂ ਮੁੱਖ ਭੂਮਿਕਾਵਾਂ ਨਿਭਾਈਆਂ ਗਈਆਂ। ਦਿਲਪ੍ਰੀਤ ਕੌਰ ਬੀ. ਏ. ਅੰਗਰੇਜ਼ੀ ਭਾਗ ਪਹਿਲਾ ਨੇ ਬੈਂਕੋ ਦੀ ਭੂਮਿਕਾ ਨਿਭਾਈ ਤੇ ਕਾਤਲ ਦੀ ਭੂਮਿਕਾ ਬੀ ਏ ਆਨਰਜ਼ ਅੰਗਰੇਜ਼ੀ ਭਾਗ ਦੂਜਾ ਦੀ ਪ੍ਰਿਅੰਕਾ ਨੇ ਨਿਭਾਈ। ਨਾਟਕ ਦਾ ਪਹਿਲਾ ਦ੍ਰਿਸ਼ ਵਿਭਾਗ ਦੀਆਂ ਵਿਦਿਆਰਥਣਾਂ ਜਤਿੰਦਰ ਕੌਰ, ਜਸਪ੍ਰੀਤ ਕੌਰ ਤੇ ਸਿਮਰਨ ਕੌਰ ਵੱਲੋਂ ਪੇਸ਼ ਕੀਤਾ ਗਿਆ। ਹਰਪ੍ਰੀਤ ਕੌਰ, ਅਰਸ਼ਪ੍ਰੀਤ ਸਿੰਘ, ਰੀਆ, ਕਿਰਨਜੀਤ, ਅੰਮ੍ਰਿਤਪਾਲ ਕੌਰ ਤੇ ਨਵਦੀਪ ਕੌਰ ਨੇ ਸਹਾਇਕ ਕਿਰਦਾਰਾਂ ਵਜੋਂ ਕੰਮ ਕੀਤਾ। ਇਸ ਨਾਟਕ ਨੂੰ ਸਫ਼ਲਤਾ ਪੂਰਵਕ ਪੇਸ਼ ਕੀਤਾ ਗਿਆ ਤੇ ਦਰਸ਼ਕਾਂ ਵੱਲੋਂ ਇਸ ਨੂੰ ਬਹੁਤ ਪਸੰਦ ਕੀਤਾ ਗਿਆ। ਵਿਭਾਗ ਦੇ ਮੁਖੀ ਡਾ. ਅੰਕਦੀਪ ਕੌਰ ਅਟਵਾਲ ਨੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਇਸ ਸਮਾਗਮ ਵਿੱਚ ਭਾਗ ਲੈਣ ਲਈ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾ ਆਪਣੀ ਖੁਸ਼ੀ ਜ਼ਾਹਰ ਕੀਤੀ ਕਿ ਵਿਦਿਆਰਥੀਆਂ ਨੇ ਪੂਰੇ ਸਮੈਸਟਰ ਦੌਰਾਨ ਹਰ ਸ਼ੁੱਕਰਵਾਰ ਨੂੰ ਪੂਰੇ ਦਿਲ ਨਾਲ ਵੱਖ ਵੱਖ ਗਤੀਵਿਧੀਆਂ ਵਿੱਚ ਭਾਗ ਲਿਆ ਤੇ ਇਨ੍ਹਾਂ ਸਮਾਗਮਾਂ ਦਾ ਆਯੋਜਨ ਕੀਤਾ, ਜਿਸ ਨਾਲ ਉਨ੍ਹਾਂ ਦੀ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਦੇ ਸਰਵਪੱਖੀ ਵਿਕਾਸ 'ਚ ਮਦਦ ਮਿਲੀ। ਉਨ੍ਹਾ ਦੱਸਿਆ ਕਿ ਵਿਭਾਗ ਅਜਿਹੇ ਸਮਾਗਮਾਂ ਦਾ ਆਯੋਜਨ ਕਰਕੇ ਵਿਦਿਆਰਥੀਆਂ ਦੀ ਛੁਪੀ ਪ੍ਰਤਿਭਾ ਨੂੰ ਨਿਖਾਰਨ ਲਈ ਵਚਨਬੱਧ ਹੈ।

# ਮਾਤਾ ਸੁਰਜੀਤ ਕੌਰ ਛਾਪਾ ਨੂੰ ਸ਼ਰਧਾਂਜਲੀਆਂ ਭੇਟ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**-ਡਾਕਟਰ ਜਗਰਾਜ ਸਿੰਘ ਹੈਪੀ ਮੈਡੀਕਲ ਸਟੋਰ ਛਾਪਾ ਦੇ ਸਤਿਕਾਰਯੋਗ ਮਾਤਾ ਸੁਰਜੀਤ ਕੌਰ ਛਾਪਾ ਨਮਿਤ ਅੰਤਿਮ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਗਮ ਅੰਦਰਲਾ ਗੁਰਦੁਆਰਾ ਸਾਹਿਬ ਛਾਪਾ ਵਿਖੇ ਹੋਇਆ। ਇਸ ਮੌਕੇ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਭਾਈ ਜਸਪਾਲ ਸਿੰਘ ਮਹਿਲ ਕਲਾਂ ਦੇ ਰਾਗੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਇਸ ਮੌਕੇ ਸਾਬਕਾ ਚੇਅਰਮੈਨ ਅਜੀਤ ਸਿੰਘ ਕੁਤਬਾ, ਸੇਵਾਮੁਕਤ ਕਾਨੂੰਗੋ ਉਜਾਗਰ ਸਿੰਘ ਦਿਉਲ, ਜਥੇਦਾਰ ਮੁਖਤਿਆਰ ਸਿੰਘ ਛਾਪਾ, ਸਾਬਕਾ ਸਰਪੰਚ ਰਣਜੀਤ ਸਿੰਘ ਛਾਪਾ, ਪ੍ਰੈੱਸ ਕਲੱਬ ਮਹਿਲ ਕਲਾਂ ਦੇ ਚੇਅਰਮੈਨ ਅਵਤਾਰ ਸਿੰਘ ਅਣਖੀ, ਬੇਅੰਤ ਸਿੰਘ ਸੇਖੋਂ, ਸੁਰਜੀਤ ਸਿੰਘ ਦਸੌਂਧਾ ਸਿੰਘ ਵਾਲਾ, ਸੰਮਤੀ ਮੈਂਬਰ ਹਰਨੇਕ ਸਿੰਘ, ਹਰਦੀਪ ਸਿੰਘ ਬੀਹਲਾ, ਗਗਨਦੀਪ ਸਿੰਘ ਦਿਉਲ, ਡਾ: ਬਲਵਿੰਦਰ ਸਿੰਘ ਹਰਦਾਸਪੁਰਾ, ਡਾ: ਸੁਰਜੀਤ ਸਿੰਘ ਲੋਹਟਬੱਦੀ, ਡਾ: ਦਿਲਬਾਗ ਸਿੰਘ ਮਹਿਲ ਕਲਾਂ, ਸੂਬੇਦਾਰ ਮੁਖਤਿਆਰ ਸਿੰਘ ਛਾਪਾ, ਪ੍ਰਧਾਨ ਨਾਜਰ ਸਿੰਘ, ਭਾਈ ਗੁਰਬਚਨ ਸਿੰਘ ਦਿਉਲ, ਜਥੇਦਾਰ ਧੰਨਾ ਸਿੰਘ, ਡਾ: ਜਗਰਾਜ ਸਿੰਘ ਰਾਜਗੜ੍ਹ, ਅਮਰਜੀਤ ਸਿੰਘ ਦਿਉਲ ਆਦਿ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ। ਛਾਪਾ ਪਰਿਵਾਰ ਵੱਲੋਂ ਮਾਤਾ ਸੁਰਜੀਤ ਕੌਰ ਦੀ ਯਾਦ 'ਚ ਵੱਖ-ਵੱਖ ਧਾਰਮਿਕ ਅਸਥਾਨਾਂ ਨੂੰ ਰਾਸ਼ੀ ਦਾਨ ਵਜੋਂ ਦਿੱਤੀ ਗਈ। ਅਖੀਰ 'ਚ ਉਨ੍ਹਾਂ ਦੇ ਸਪੁੱਤਰ ਡਾ: ਜਗਰਾਜ ਸਿੰਘ ਹੈਪੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

# ਸਟੈੱਪ ਆਨ ਸੁਸਾਇਟੀ ਤੇ ਗਊਧਾਮ ਚੈਰੀਟੇਬਲ ਟਰੱਸਟ ਦੀ ਚੋਣ



**ਧੂਰੀ (ਸੁਖਦੇਵ ਧੂਰੀ)**-ਸਟੈੱਪ ਆਨ ਸੁਸਾਇਟੀ ਧੂਰੀ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਚੋਣ ਕੀਤੀ ਗਈ। ਇਸ ਮੀਟਿੰਗ ਵਿੱਚ ਅਮਨਪ੍ਰੀਤ ਬਾਵਾ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਤੇ ਬਾਕੀ ਦੇ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਤਰੁਨ ਕੁਮਾਰ ਸੋਨੂੰ ਮੀਤ ਪ੍ਰਧਾਨ, ਯੋਗੇਸ਼ ਬਾਂਸਲ ਜਨਰਲ ਸਕੱਤਰ, ਅਰੁਣ ਗੁਪਤਾ ਨੂੰ ਜੁਆਇੰਟ ਸਕੱਤਰ, ਵਿਕਾਸ ਕੁਮਾਰ ਖਜ਼ਾਨਚੀ, ਇੰਦਰਜੀਤ ਗਰਗ (ਈਸ਼ੂ), ਜੁਆਇੰਟ ਖਜ਼ਾਨਚੀ, ਰਿੰਕੂ ਬਾਂਸਲ ਪ੍ਰੈੱਸ ਸਕੱਤਰ ਚੁਣੇ ਗਏ। ਇਸੇ ਤਰ੍ਹਾਂ ਗਊ ਧਾਮ ਚੈਰੀਟੇਬਲ ਟਰੱਸਟ ਧੂਰੀ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਰਜਨੀਸ਼ ਗਰਗ ਵਿੱਕੀ ਨੂੰ ਚੇਅਰਮੈਨ, ਰੌਮੀ ਢੰਡ ਪ੍ਰਧਾਨ, ਜੌਲੀ ਗਰਗ ਮੀਤ ਪ੍ਰਧਾਨ, ਹਰਿੰਦਰ ਸ਼ਰਮਾ ਹੈਪੀ ਜਨਰਲ ਸਕੱਤਰ, ਜੈਕੀ ਜਿੰਦਲ ਜੁਆਇੰਟ ਜਨਰਲ ਸਕੱਤਰ, ਵਿਵੇਕ ਗੁਪਤਾ ਖਜ਼ਾਨਚੀ, ਵਿਕਾਸ ਕੁਮਾਰ ਜੁਆਇੰਟ ਖਜ਼ਾਨਚੀ, ਰਿੰਕੂ ਬਾਂਸਲ ਪ੍ਰੈੱਸ ਸਕੱਤਰ ਚੁਣੇ ਗਏ, ਜਦਕਿ ਮੈਂਬਰਾਂ ਵਿੱਚ ਅਮਿਤ ਜਿੰਦਲ, ਹਰੀ ਕ੍ਰਿਸ਼ਨ, ਸੰਦੀਪ ਕਾਕਾ ਚੌਧਰੀ, ਹਨੀ ਕੁਮਾਰ, ਰੈਕੀ ਕੁਮਾਰ, ਅਮਨ ਕੁਮਾਰ ਨੂੰ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ-ਨਿਯੁਕਤ ਅਹੁਦੇਦਾਰਾਂ ਨੇ ਕਿਹਾ ਕਿ ਬੇਜ਼ੁਬਾਨ ਪਸ਼ੂਆਂ, ਪੰਛੀਆਂ ਤੇ ਹੋਰ ਸਮਾਜ ਸੇਵਾਵਾਂ ਦੇ ਕਾਰਜ ਪਹਿਲਾਂ ਦੀ ਤਰ੍ਹਾਂ ਨਿਰੰਤਰ ਜਾਰੀ ਰਹਿਣਗੇ।

# ਸਮਾਜਸੇਵੀ ਰਵੀ ਬਾਂਸਲ ਵੱਲੋਂ ਪਿਤਾ ਦੀ ਯਾਦ 'ਚ ਸਕੂਲ ਨੂੰ ਬੈਂਚ ਭੇਟ



**ਮਲੋਟ, (ਗੁਰਮੀਤ ਸਿੰਘ ਮੱਕੜ)** : ਸਮਾਜਸੇਵਾ ਦੇ ਖੇਤਰ ਵਿੱਚ ਇਲਾਕੇ ਦਾ ਸਨਮਾਨਤ ਨਾਮ ਸ਼ਾਨੇ ਪੰਜਾਬ ਗਰੁੱਪ ਦੇ ਐੱਮ.ਡੀ. ਰਵੀ ਬਾਂਸਲ ਵੱਲੋਂ ਆਪਣੇ ਪਿਤਾ ਸਵ. ਸ਼੍ਰੀ ਹੇਮਰਾਜ ਬਾਂਸਲ ਦੀ ਯਾਦ ਵਿੱਚ ਸਰਕਾਰੀ ਸੀ.ਸੈ. ਸਮਾਰਟ ਸਕੂਲ (ਲੜਕੇ) ਤਹਿਸੀਲ ਰੋਡ ਦੇ ਬੱਚਿਆਂ ਨੂੰ ਸਕੂਲ ਬੈਂਚ ਭੇਟ ਕੀਤੇ ਗਏ। ਇਸ ਮੌਕੇ ਸਕੂਲ ਵਿਖੇ ਆਯੋਜਿਤ ਸਮਾਗਮ ਵਿੱਚ ਰਵੀ ਬਾਂਸਲ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ, ਜਦਕਿ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਮਹੀਪਾਲ ਗਰਗ (ਪਾਲਾ) ਤੇ ਜਯੋਤੀ ਗਰੋਵਰ ਪਹੁੰਚੇ, ਜਿਨ੍ਹਾਂ ਦਾ ਪ੍ਰਿੰਸੀਪਲ ਕ੍ਰਿਸ਼ਨ ਕੁਮਾਰ ਦੀ ਅਗਵਾਈ ਵਿੱਚ ਸਟਾਫ਼ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਤੇ ਇਸ ਮੌਕੇ ਸੈਸ਼ਨ 2022-23 ਦੇ ਹੋਣਹਾਰ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ। ਮੰਚ ਸੰਚਾਲਨ ਦੀ ਭੂਮਿਕਾ ਹਰਜੀਤ ਮੌਂਗਾ ਵੱਲੋਂ ਬਾਖੂਬੀ ਨਿਭਾਈ ਗਈ। ਸਮਾਗਮ ਦੌਰਾਨ ਮੈਡਮ ਜੋਤੀ ਕਿਰਨ, ਮਨੋਹਰ ਲਾਲ ਸ਼ਰਮਾ ਤੇ ਮਨਜੀਤ ਸੁਖਮ ਨੇ ਸ਼੍ਰੀ ਰਵੀ ਬਾਂਸਲ ਦੇ ਸਮਾਜਸੇਵੀ ਉਪਰਾਲਿਆਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਸਕੂਲ ਤੋਂ ਹੀ ਪੜ੍ਹੇ ਸ਼੍ਰੀ ਰਵੀ ਬਾਂਸਲ ਨੇ ਆਪਣੀ ਮਿਹਨਤ ਤੇ ਕਾਬਲੀਅਤ ਦੇ ਬਲਬੂਤੇ ਸਦਕਾ ਦੇਸ਼ ਦੁਨੀਆ ਵਿੱਚ ਸ਼ਾਨੇ ਪੰਜਾਬ ਗਰੁੱਪ ਦੇ ਤੌਰ 'ਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ। ਇਸ ਸਕੂਲ ਦੇ ਬੱਚਿਆਂ ਨੂੰ ਬੈਠਣ ਲਈ ਸਕੂਲ ਬੈਂਚਾਂ ਦੀ ਮੰਗ ਬਾਰੇ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਵੱਲੋਂ ਤੁਰੰਤ ਸਕੂਲ ਨੂੰ 30 ਦੇ ਕਰੀਬ ਸਕੂਲ ਬੈਂਚ ਭੇਟ ਕੀਤੇ ਗਏ, ਜਿਸ ਲਈ ਸਕੂਲ ਦਾ ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਅੰਤ ਵਿੱਚ ਪ੍ਰਿੰਸੀਪਲ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਤੇ ਰਵੀ ਬਾਂਸਲ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

# ਸਪੀਕਰ ਸੰਧਵਾਂ ਤੇ ਡੀ ਸੀ ਨੇ ਸੜਕ ਦੇ ਬਰਮ ਮਜ਼ਬੂਤ ਕਰਨ ਦੇ ਕੰਮ ਦੀ ਕਰਾਈ ਸ਼ੁਰੂਆਤ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਡਿਪਟੀ ਕਮਿਸ਼ਨਰ ਡਾਕਟਰ ਰੂਹੀ ਦੁੱਗ ਨੇ ਪਿੰਡ ਵਾੜਾਦੜਾਕਾ ਤੋਂ ਦੁਆਰੇਆਣਾ ਵਿਖੇ ਸੜਕਾਂ ਦੇ ਦੋਨਾਂ ਪਾਸਿਆਂ ਦੇ ਬਰਮ ਮਜ਼ਬੂਤ ਕਰਨ ਦੇ ਕੰਮ ਦੀ ਸਾਂਝੇ ਤੌਰ 'ਤੇ ਸ਼ੁਰੂਆਤ ਕਰਵਾਈ।

ਇਸ ਦੌਰਾਨ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਫਰੀਦਕੋਟ ਵਿਖੇ 59 ਕਿਲੋਮੀਟਰ, ਸਾਦਿਕ ਵਿਖੇ ਕਰੀਬ 29 ਕਿਲੋਮੀਟਰ, ਕੋਟਕਪੂਰਾ ਵਿਖੇ ਕਰੀਬ 19 ਕਿਲੋਮੀਟਰ ਤੇ ਜੈਤੋ ਵਿਖੇ ਕਰੀਬ ਢਾਈ ਕਿਲੋਮੀਟਰ ਸਮੇਤ ਕੁੱਲ 110 ਕਿਲੋਮੀਟਰ ਸੜਕਾਂ ਦੇ ਬਰਮ ਮਜ਼ਬੂਤ ਕੀਤੇ ਜਾਣੇ ਹਨ। ਉਨ੍ਹਾ ਕਿਹਾ ਕਿ ਇਸ ਦੇ ਲਈ ਜਿੱਥੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੀ ਕਿਸਾਨਾਂ ਨੂੰ ਸੜਕਾਂ ਦੇ ਕਿਨਾਰੇ ਬਰਮ ਮਜ਼ਬੂਤ ਕਰਨ ਦੀ ਅਪੀਲ ਕੀਤੀ ਗਈ ਹੈ, ਉਥੇ ਕਿਸਾਨਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਨੂੰ ਆਪਣਾ ਪੂਰਾ ਸਹਿਯੋਗ ਦੇਣ ਤੇ ਸੜਕਾਂ ਦੇ ਕਿਨਾਰੇ ਬਰਮ ਮਜ਼ਬੂਤ ਕਰਨ। ਉਨ੍ਹਾਂ ਕਿਹਾ ਕਿ ਸੜਕਾਂ ਦੇ ਬਰਮ ਮੁਕੰਮਲ ਨਾ ਹੋਣ ਕਾਰਨ ਸੜਕਾਂ ਦੇ ਜਲਦੀ ਟੁੱਟਣ ਦਾ ਖਤਰਾ ਬਣਿਆ ਰਹਿੰਦਾ ਹੈ। ਉਨ੍ਹਾ ਕਿਹਾ ਕਿ ਹੁਣ ਕਿਸਾਨ ਵੱਲੋਂ ਕਣਕ ਦੀ ਕਟਾਈ ਤੋਂ ਬਾਅਦ ਕੁਝ ਸਮੇਂ ਲਈ ਖੇਤ ਖਾਲੀ ਹਨ। ਇਸ ਸਮੇਂ ਦੌਰਾਨ ਸੜਕਾਂ ਦੇ ਬਰਮ ਮੁਕੰਮਲ ਕੀਤੇ ਜਾ ਸਕਦੇ ਹਨ। ਉਨ੍ਹਾ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਪੇਂਡੂ ਲਿੰਕ ਸੜਕਾਂ ਦੇ ਬਰਮ ਮੁਕੰਮਲ ਕਰਨ। ਉਨ੍ਹਾਂ ਨੇ ਕਿਹਾ ਕਿ ਜੇਕਰ ਕਿਸਾਨਾਂ ਨੂੰ ਇਸ ਸੰਬੰਧੀ ਕੋਈ ਮੁਸ਼ਕਲ ਆਉਂਦੀ ਹੈ ਤਾਂ ਸੰਬੰਧਤ ਅਧਿਕਾਰੀਆਂ ਦੀ ਸਹਾਇਤਾ ਵੀ ਲੈ ਸਕਦੇ ਹਨ।

ਇਸ ਦੌਰਾਨ ਡਿਪਟੀ ਕਮਿਸ਼ਨਰ ਡਾਕਟਰ ਰੂਹੀ ਦੁੱਗ ਨੇ ਕਿਹਾ ਕਿ ਕੁਝ ਦਿਨਾਂ ਦੇ ਅੰਦਰ ਅੰਦਰ ਇਸ ਕੰਮ ਨੂੰ ਮੁਕੰਮਲ ਕਰ ਲਿਆ ਜਾਵੇਗਾ, ਜਿਸ ਲਈ ਕਿਸਾਨਾਂ ਦੇ ਸਹਿਯੋਗ ਦੀ ਬਹੁਤ ਜ਼ਰੂਰਤ ਹੈ। ਇਸ ਮੌਕੇ ਏਡੀਸੀ ਲਖਵਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਪ੍ਰਸ਼ਾਸਨਕ ਅਧਿਕਾਰੀ ਤੇ ਕਿਸਾਨ ਮੌਜੂਦ ਸਨ।

# ਜ਼ਿਲ੍ਹਾ ਅਦਾਲਤੀ ਕੰਪਲੈਕਸ ਵਿਖੇ ਕਰੈਚ ਸੈਂਟਰ ਦਾ ਉਦਘਾਟਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਵੀਰਇੰਦਰ ਅਗਰਵਾਲ ਮਾਨਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਸਹਿਤ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਅਦਾਲਤੀ ਕੰਪਲੈਕਸ ਫਿਰੋਜ਼ਪੁਰ ਵਿਖੇ ਪਿਛਲੇ ਦਿਨੀਂ ਇੱਕ ਕਰੈਚ ਸੈਂਟਰ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਸਾਰੇ ਜੁਡੀਸ਼ੀਅਲ ਅਫਸਰ ਤੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਮਿਸ ਏਕਤਾ ਉੱਪਲ ਵੀ ਜੱਜ ਦੇ ਨਾਲ ਸਨ।ਇਹ ਕਰੈਚ ਜੁਡੀਸ਼ੀਅਲ ਅਫਸਰਾਂ ਦੇ ਤੇ ਜੁਡੀਸ਼ੀਅਲ ਸਟਾਫ ਮੈਂਬਰਾਂ ਦੇ ਬੱਚਿਆਂ ਲਈ ਬਣਾਇਆ ਗਿਆ ਹੈ, ਜਿਸ ਵਿੱਚ 2 ਕੇਅਰ ਟੇਕਰ ਵੀ ਰੱਖੇ ਗਏ ਹਨ।ਇਸ ਵਿੱਚ ਉਪਰੋਕਤ ਅਫਸਰ ਜਾਂ ਸਟਾਫ ਮੈਂਬਰਾਂ ਦੇ ਬੱਚਿਆਂ ਲਈ ਵੀ ਖਾਸ ਸਹੂਲਤਾਂ ਦਾ ਖਿਆਲ ਰੱਖਿਆ ਗਿਆ ਹੈ।ਇਸ ਵਿੱਚ ਬੱਚਿਆਂ ਲਈ ਵੰਨ ਸੁਵੰਨੇ ਖਿਡੌਣੇ ਤੇ ਆਰਾਮ ਕਰਨ ਲਈ ਮੈਟ ਵਗੈਰਾ ਦਾ ਵੀ ਪ੍ਰਬੰਧ ਕੀਤਾ ਗਿਆ ਹੈ।ਇਸ ਕਰੈਚ ਸੈਂਟਰ ਵਿੱਚ ਬੱਚਿਆਂ ਦੇ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਹੈ।ਸੈਸ਼ਨਜ਼ ਜੱਜ ਨੇ ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਦੱਸਿਆ ਕਿ ਇਹ ਕਰੈਚ ਸੈਂਟਰ ਬਣਾਉਣ ਦਾ ਮੁੱਖ ਮਕਸਦ ਇਹ ਹੈ ਕਿ ਜੋ ਵੀ ਅਫਸਰ ਤੇ ਸਟਾਫ ਮੈਂਬਰ ਇਸ ਕੋਰਟ ਕੰਪਲੈਕਸ ਵਿੱਚ ਕੰਮ ਕਰਦੇ ਹਨ ਤੇ ਉਨ੍ਹਾਂ ਵਿੱਚੋਂ ਕਈ ਅਫਸਰ ਜਾਂ ਸਟਾਫ ਮੈਂਬਰ ਦੇ ਬੱਚੇ ਛੋਟੇ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਘਰ ਵਿੱਚ ਸਾਂਭਣਾ ਬਹੁਤ ਔਖਾ ਹੈ ਜਾਂ ਕਈ ਬੱਚੇ ਮਾਂਵਾਂ ਦਾ ਦੁੱਧ ਵੀ ਲੈਂਦੇ ਹਨ ਜਾਂ ਕਈ ਬੱਚੇ ਸਕੂਲ ਜਾਂ ਪਲੇਅ ਵੇਅ ਲੱਗਣ ਤੋਂ ਪਹਿਲਾਂ ਮਾਂ ਬਾਪ ਤੋਂ ਬਿਨਾਂ ਦਿਲ ਨਹੀਂ ਲਗਾ ਪਾਉਂਦੇ ਉਨ੍ਹਾਂ ਬੱਚਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵੱਲੋਂ ਅਜਿਹੇ ਕਰੈਚ ਸੈਂਟਰ ਬਣਾਉਣ ਦਾ ਫੈਸਲਾ ਲਿਆ ਗਿਆ ਹੈ।

ਅਸੀਂ ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਉਣ ਲਈ ਹਮੇਸ਼ਾ ਤਿਆਰ ਬਰ ਤਿਆਰ ਰਹਿੰਦੇ ਹਾਂ ਤੇ ਉਨ੍ਹਾਂ ਇਹ ਕਰੈਚ ਸੈਂਟਰ ਬਣਾਉਣ ਲਈ ਲੇਡੀਜ਼ ਅਫਸਰ ਸਾਹਿਬਾਨ ਰਾਜਵਿੰਦਰ ਕੌਰ ਵਧੀਕ ਜ਼ਿਲ੍ਹਾ ਤੇ ਸੈਸ਼ਨਜ਼ ਜੱਜ, ਮਿਸ ਏਕਤਾ ਉੱਪਲ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ, ਨਵਜੀਤ ਪਾਲ ਕੌਰ ਸਿਵਲ ਜੱਜ ਜੂਨੀਅਰ ਡਵੀਜ਼ਨ ਅਤੇ ਸਤਵੀਰ ਕੌਰ ਸਿਵਲ ਜੱਜ ਜੂਨੀਅਰ ਦੇ ਇਸ ਕਰੈਚ ਸੈਂਟਰ ਬਣਾਉਣ ਵਾਸਤੇ ਕੀਤੇ ਸਹਿਯੋਗ ਦੀ ਭਰਪੂਰ ਸ਼ਲਾਘਾ ਕੀਤੀ।

# ਸ਼ਹਿਰ ਦੀ ਸਫਾਈ ਵਿਵਸਥਾ ਨੂੰ ਲੈ ਕੇ ਕੋਈ ਵੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਕਾਕਾ ਬਰਾੜ

☛ ਸਫਾਈ ਪ੍ਰਬੰਧਾਂ ਲਈ ਟਰਾਲੀਆਂ ਜਾਂ ਹੋਰ ਸਾਮਾਨ ਆਪਣੀ ਤਨਖਾਹ 'ਚੋਂ ਕਿਰਾਏ 'ਤੇ ਲੈ ਕੇ ਦੇਵਾਂਗਾ

☛ ਹਰ ਸ਼ੁੱਕਰਵਾਰ ਤੇ ਸ਼ਨੀਵਾਰ ਸ਼ਹਿਰ ਦੇ ਕਿਸੇ ਇੱਕ ਰੋਡ ਦੀ ਕੀਤੀ ਜਾਵੇਗੀ ਸਫਾਈ



**ਸ੍ਰੀ ਮੁਕਤਸਰ ਸਾਹਿਬ, (ਕੁਲਭੂਸ਼ਨ ਚਾਵਲਾ/ਸ਼ਮਿੰਦਰਪਾਲ, ਪੂਜਾ)** : ਪਿਛਲੇ ਕੁਝ ਦਿਨਾਂ ਤੋਂ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਲੈ ਕੇ ਲਗਾਤਾਰ ਮਿਲ ਰਹੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਨਗਰ ਕੌਂਸਲ ਦਫਤਰ ਵਿਖੇ ਪਹੁੰਚ ਕੇ ਸਫਾਈ ਸੇਵਕਾਂ ਤੇ ਪੂਰੇ ਸਟਾਫ ਨਾਲ ਸਾਂਝੀ ਮੀਟਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਸਖਤ ਹਦਾਇਤਾਂ ਕੀਤੀਆਂ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਆਖਿਆ ਕਿ ਉਨ੍ਹਾਂ ਨੂੰ ਸ਼ਹਿਰ ਵਾਸੀਆਂ ਵੱਲੋਂ ਲਗਾਤਾਰ ਸਾਫ ਸਫਾਈ ਨੂੰ ਲੈ ਕੇ ਉਨ੍ਹਾਂ ਨੂੰ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਸ਼ਹਿਰ 'ਚ ਸਫਾਈ ਪੱਖੋਂ ਬਹੁਤ ਬੁਰਾ ਹਾਲ ਹੈ ਤੇ ਸ਼ਹਿਰ ਦੀਆਂ ਮੇਨ ਸੜਕਾਂ ਤੋਂ ਇਲਾਵਾ ਗਲੀਆਂ 'ਚ ਵੀ ਕੂੜੇ ਦੇ ਢੇਰ ਲੱਗੇ ਰਹਿੰਦੇ ਹਨ, ਜਿਸ ਦਾ ਸਖਤ ਨੋਟਿਸ ਲੈਂਦਿਆਂ ਤੁਰੰਤ ਸਫਾਈ ਸੇਵਕਾਂ ਤੇ ਪੂਰੇ ਸਟਾਫ ਨਾਲ ਮੀਟਿੰਗ ਕੀਤੀ ਗਈ। ਆਪਣੇ ਸੰਬੋਧਨ 'ਚ ਹਲਕਾ ਵਿਧਾਇਕ 'ਕਾਕਾ ਬਰਾੜ' ਨੇ ਸਫਾਈ ਸੇਵਕਾਂ ਦੇ ਪਰਿਵਾਰਾਂ ਦਾ ਹਾਲ ਚਾਲ ਜਾਨਣ ਤੋਂ ਬਾਅਦ ਆਖਿਆ ਕਿ ਇਹ ਸ਼ਹਿਰ ਇੱਕ ਪਵਿੱਤਰ ਸ਼ਹਿਰ ਹੈ ਤੇ ਇਸ ਵਿੱਚ ਗੰਦਗੀ ਹੋਣਾ ਬੜੀ ਚਿੰਤਾ ਦੀ ਗੱਲ ਹੈ। ਉਨਾ ਕਿਹਾ ਕਿ ਸ਼ਹਿਰ ਦੀ ਸਾਫ ਸੁਥਰਾ ਬਣਾਉਣ ਲਈ ਆਪਾਂ ਸਾਰਿਆਂ ਨੂੰ ਮਿਲ ਕੇ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਫਤੇ ਦੇ ਦੋ ਦਿਨਾਂ ਸ਼ੁੱਕਰਵਾਰ ਤੇ ਸ਼ਨੀਵਾਰ ਨੂੰ ਸ਼ਹਿਰ ਦੇ ਇੱਕ ਮੇਨ ਰੋਡ ਦੀ ਪੂਰੀ ਮੁਕੰਮਲ ਤੌਰ 'ਤੇ ਸਫਾਈ ਕੀਤੀ ਜਾਵੇਗੀ, ਜਿਸ ਵਿੱਚ ਸਾਰੇ ਸਫਾਈ ਸੇਵਕ ਪੂਰੀ ਮਸ਼ੀਨਰੀ ਨਾਲ ਇਸ ਵਿੱਚ ਭਾਗ ਲੈਣਗੇ। ਕਾਕਾ ਬਰਾੜ ਨੇ ਆਖਿਆ ਕਿ ਜੇਕਰ ਸਫਾਈ ਲਈ ਜ਼ਿਆਦਾ ਟਰਾਲੀਆਂ ਤੇ ਹੋਰ ਮਸ਼ੀਨਰੀ ਦੀ ਜ਼ਰੂਰਤ ਹੈ ਤਾਂ ਉਹ ਆਪਣੀ ਤਨਖਾਹ 'ਚੋਂ ਕਿਰਾਏ 'ਤੇ ਮਸ਼ੀਨਰੀ ਲੈ ਕੇ ਦਿੱਤੀ ਜਾਵੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵੀ ਆਪਣਾ ਆਲਾ ਦੁਆਲਾ ਸਾਫ ਸੁਥਰਾ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਈ ਓ ਰਜਨੀਸ਼ ਕੁਮਾਰ, ਐੱਮ ਈ ਰਾਕੇਸ਼ ਕੰਬੋਜ, ਸੈਨੇਟਰੀ ਇੰਸਪੈਕਟਰ ਪਰਮਜੀਤ ਸਿੰਘ, ਕਿਸਾਨ ਵਿੰਗ ਆਪ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਸੰਧੂ, ਉਪਕਾਰ ਸਿੰਘ ਆਦਿ ਹਾਜ਼ਰ ਸਨ।

# ਬਾਬਾ ਚੇਤ ਸਿੰਘ ਤੇ ਬਾਬਾ ਸੰਤਾ ਸਿੰਘ ਦੀ ਬਰਸੀ ਨੂੰ ਸਮਰਪਤ ਸਮਾਗਮ

**ਤਲਵੰਡੀ ਸਾਬੋ, (ਜਗਦੀਪ ਗਿੱਲ)**-ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96ਵੇਂ ਕਰੋੜੀ ਦੇ 12ਵੇਂ ਮੁਖੀ ਬਾਬਾ ਚੇਤ ਸਿੰਘ ਤੇ 13ਵੇਂ ਮੁਖੀ ਮਰਹੂਮ ਬਾਬਾ ਸੰਤਾ ਸਿੰਘ ਦੀ ਕ੍ਰਮਵਾਰ 55ਵੀਂ ਤੇ 15ਵੀਂ ਬਰਸੀ ਨੂੰ ਸਮਰਪਤ ਸਮਾਗਮ ਬੁੱਢਾ ਦਲ ਦੇ ਮੁੱਖ ਅਸਥਾਨ ਗੁਰਦੁਆਰਾ ਬੇਰ ਸਾਹਿਬ ਦੇਗਸਰ ਪਾ: ਦਸਵੀਂ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਗਏ। ਬਰਸੀ ਸਮਾਗਮਾਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਤੋਂ ਇਲਾਵਾ ਸਿੱਖ ਪੰਥ ਦੀਆਂ ਪ੍ਰਸਿੱਧ ਧਾਰਮਿਕ ਸ਼ਖ਼ਸੀਅਤਾਂ ਤੇ ਇਲਾਕੇ ਦੀ ਸੰਗਤ ਨੇ ਵੱਡੀ ਤਾਦਾਦ 'ਚ ਸ਼ਮੂਲੀਅਤ ਕਰਦਿਆਂ ਬਾਬਾ ਚੇਤ ਸਿੰਘ ਤੇ ਬਾਬਾ ਸੰਤਾ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਬਰਸੀ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਭਾਈ ਮਨਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਬਾਬਾ ਮੱਘਰ ਸਿੰਘ ਹੈੱਡ ਗ੍ਰੰਥੀ ਬੁੱਢਾ ਦਲ, ਬਾਬਾ ਜਗਜੀਤ ਸਿੰਘ ਮਾਨਸਾ ਤੇ ਬਾਬਾ ਮਨਮੋਹਨ ਸਿੰਘ ਬਾਰਨਵਾਲਿਆਂ, ਸੰਤ ਬਾਬਾ ਜੋਗਾ ਸਿੰਘ ਕਰਨਾਲ ਵਾਲਿਆਂ, ਬਾਬਾ ਵਰਿਆਮ ਸਿੰਘ ਗੁਰੂ ਨਾਨਕ ਦਲ ਮੜੀਆਂ ਵਾਲਾ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪੰਥ ਪ੍ਰਸਿੱਧ ਸ਼੍ਰੋਮਣੀ ਢਾਡੀ ਬਾਬਾ ਤਰਸੇਮ ਸਿੰਘ ਮੋਰਾਂਵਾਲੀ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ, ਗੁਰ-ਇਤਿਹਾਸ ਨਾਲ ਜੋੜਿਆ।

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸੰਬੋਧਨ ਕਰਦਿਆਂ ਕਿਹਾ ਕਿ ਬੁੱਢਾ ਦਲ ਕਿਸੇ ਸੰਪਰਦਾ ਜਾਂ ਜਥੇਬੰਦੀ ਦਾ ਨਾਮ ਨਹੀਂ, ਇਹ ਪੰਥ ਦਾ ਲਖਾਇਕ ਹੈ।

## ਬੁੱਢਾ ਦਲ ਕਿਸੇ ਸੰਪਰਦਾ ਜਾਂ ਜਥੇਬੰਦੀ ਦਾ ਨਾਂਅ ਨਹੀਂ, ਇਹ ਪੰਥ ਦਾ ਲਖਾਇਕ ਹੈ : ਗਿਆਨੀ ਹਰਪ੍ਰੀਤ ਸਿੰਘ



ਇਸ ਦਾ ਇਤਿਹਾਸ ਫ਼ਖ਼ਰਯੋਗ ਤੇ ਕੁਰਬਾਨੀਆਂ ਭਰਪੂਰ ਹੈ। ਉਨ੍ਹਾ ਕਿਹਾ ਭਾਵੇਂ ਨਿਯਮਾਂਵਲੀ ਪਹਿਲਾਂ ਬਣੀ ਹੋਈ ਹੈ, ਪਰ ਉਸ 'ਤੇ ਪੁਨਰ ਵਿਆਖਿਆ ਦੀ ਲੋੜ ਹੈ। ਉਨ੍ਹਾ ਕਿਹਾ ਬਾਬਾ ਚੇਤ ਸਿੰਘ, ਬਾਬਾ ਸੰਤਾ ਸਿੰਘ 96ਵੇਂ ਕਰੋੜੀ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਹਨ, ਉਨ੍ਹਾਂ ਵੱਲੋਂ ਬਣਾਈਆਂ ਜਾਇਦਾਦਾਂ ਦੀ ਸਾਂਭ ਸੰਭਾਲ ਅਤੇ ਅੱਗੇ ਹੋਰ ਵਾਧਾ ਕਰਨ ਲਈ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ ਚੰਗੀ ਸੇਵਾ ਨਿਭਾਅ ਰਹੇ ਹਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਨੇ ਕਿਹਾ ਕਿ ਦਲ ਪੰਥ ਦੇ ਵੱਡ ਵਡੇਰਿਆਂ ਦੀਆਂ ਯਾਦਾਂ ਮਨਾਉਣੀਆਂ ਤੇ ਉਨ੍ਹਾਂ ਦੀ ਯਾਦ 'ਚ ਗੁਰਮਤਿ ਸਮਾਗਮ ਕਰਨੇ ਬਾਬਾ ਬਲਬੀਰ ਸਿੰਘ ਦਾ ਚੰਗਾ ਕਰਮ ਹੈ। ਭਾਈ ਸੁਖਜੀਤ ਸਿੰਘ ਕਨ੍ਹੱਈਆ ਪ੍ਰਚਾਰਕ ਬੁੱਢਾ ਦਲ ਨੇ ਬਾਬਾ ਚੇਤ ਸਿੰਘ, ਬਾਬਾ ਸੰਤਾ ਸਿੰਘ ਜੀ ਦੇ ਜੀਵਨ ਸਬੰਧੀ ਚਾਨਣਾ ਪਾਇਆ। ਇਸ ਤੋਂ ਪਹਿਲਾ ਬਾਬਾ ਮੱਘਰ ਸਿੰਘ ਹੈੱਡ ਗ੍ਰੰਥੀ ਬੁੱਢਾ ਦਲ, ਬਾਬਾ ਵਰਿਆਮ ਸਿੰਘ ਗੁਰੂ ਨਾਨਕ ਦਲ ਮੜੀਆਂ ਵਾਲਾ, ਭਾਈ ਜਸਕਰਨ ਸਿੰਘ ਰਾਗੀ, ਬਾਬਾ ਵਰਿਆਮ ਸਿੰਘ ਪਟਿਆਲਾ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਇਸ ਸਮਾਗਮ ਵਿੱਚ ਜਥੇਦਾਰ ਬਾਬਾ ਜੋਗਾ ਸਿੰਘ ਮੁਖੀ ਮਿਸਲ ਸ਼ਹੀਦਾਂ ਬਾਬਾ ਦੀਪ ਸਿੰਘ ਬਾਬਾ ਬਕਾਲਾ, ਸ੍ਰ. ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਬਾਬਾ ਜੱਸਾ ਸਿੰਘ, ਬਾਬਾ ਅਰਜਨ ਸਿੰਘ ਸ਼ਿਵਜੀ, ਬਾਬਾ ਕਾਕਾ ਸਿੰਘ ਮਸਤੂਆਣਾ ਸਾਹਿਬ, ਜਗਸੀਰ ਸਿੰਘ ਮੈਂਬਰ, ਜਗਸੀਰ ਸਿੰਘ ਜੰਡਵਾਲ ਤੋਂ ਇਲਾਵਾ ਇਲਾਕੇ ਦੀ ਸੰਗਤਾਂ ਮੌਜੂਦ ਸਨ। ਸਟੇਜ ਸੰਚਾਲਕ ਪੰਥਕ ਵਿਦਵਾਨ ਗਿਆਨੀ ਭਗਵਾਨ ਸਿੰਘ ਜੌਹਲ, ਬਾਬਾ ਸੁਖਵਿੰਦਰ ਸਿੰਘ ਮੌਰ ਨੇ ਬਾਖੂਬੀ ਨਿਭਾਈ। ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਮੁਖੀ ਬੁੱਢਾ ਦਲ ਨੇ ਸਿੰਘ ਸਾਹਿਬਾਨ ਤੇ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਵੱਲੋਂ ਗਿਆਨੀ ਹਰਪ੍ਰੀਤ ਸਿੰਘ, ਗਿਆਨੀ ਰਘੁਬੀਰ ਸਿੰਘ ਤੇ ਹੋਰ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ।

# ਅਨੁਸੂਚਿਤ ਜਾਤੀ ਦੇ ਜਾਅਲੀ ਸਰਟੀਫਿਕੇਟ ਰੱਦ ਕਰਵਾਉਣ ਲਈ ਘੜਾ ਭੰਨ ਕੇ ਕੀਤਾ ਪਿੱਟ ਸਿਆਪਾ



**ਮੋਹਾਲੀ ( ਗੁਰਜੀਤ ਬਿੱਲਾ )**: ਪ੍ਰੋ.ਹਰਨੇਕ ਸਿੰਘ ਦੀ ਅਗਵਾਈ ਵਿੱਚ ਅਨੁਸੂਚਿਤ ਜਾਤੀ ਦੇ ਜਾਅਲੀ ਸਰਟੀਫਿਕੇਟ ਨੂੰ ਰੱਦ ਕਰਵਾਉਣ ਲਈ ਡਾਇਰੈਕਟਰ ਭਲਾਈ ਵਿਭਾਗ ਦੇ ਦਫਤਰ ਅੱਗੇ ਸ਼ੁਰੂ ਕੀਤਾ ਗਿਆ ਧਰਨਾ 22ਵੇਂ ਦਿਨ ਵਿੱਚ ਦਾਖਲ ਹੋ ਗਿਆ। ਧਰਨਾਕਾਰੀਆਂ ਵੱਲੋਂ ਡਾਇਰੈਕਟਰ ਭਲਾਈ ਵਿਭਾਗ ਦੇ ਦਫਤਰ ਅੱਗੇ ਘੜਾ ਭੰਨ ਕੇ ਸਰਕਾਰ ਦਾ ਪਿਟ ਸਿਆਪਾ ਕੀਤਾ ਗਿਆ। ਪ੍ਰੈਸ ਨੂੰ ਬਿਆਨ ਜਾਰੀ ਕਰਦੇ ਹੋਏ ਲਖਬੀਰ ਸਿੰਘ ਬੈਣੀ ਮੈਂਬਰ ਕੋਰ ਕਮੇਟੀ ਕਿਹਾ ਕਿ ਭਲਾਈ ਵਿਭਾਗ ਅਤੇ ਪੰਜਾਬ ਸਰਕਾਰ ਜਿਨ੍ਹਾਂ ਇਹ ਜਾਅਲੀ ਸਰਟੀਫਿਕੇਟ ਬਣਾਏ ਹਨ ਉਹਨਾਂ ਦੀ ਖੁੱਲੇ ਆਮ ਮੱਦਦ ਕਰ ਰਹੇ ਹਨ। ਸਰਕਾਰ ਉਨਾਂ ਨੂੰ ਸਜਾ ਦੇਣ ਦੀ ਬਜਾਏ ਉਨਾਂ ਨੂੰ ਬਚਾਉਣ ਵਿੱਚ ਲੱਗੀ ਹੋਈ ਹੈ।

ਪ੍ਰੋ.ਹਰਨੇਕ ਸਿੰਘ ਨੇ ਦੱਸਿਆ ਕਿ ਅਸੀਂ ਆਉਂਦੇ ਦਿਨਾਂ ਵਿੱਚ ਸੰਘਰਸ਼ ਨੂੰ ਤੇਜ ਕਰਨ ਜਾ ਰਹੇ ਹਨ ਤਾਂ ਕਿ ਦੋਸ਼ੀਆਂ ਨੂੰ ਛੇਤੀ ਤੋਂ ਛੇਤੀ ਸਜਾ ਦਿਵਾਈ ਜਾ ਸਕੇ ਅਤੇ ਖਾਲੀ ਹੋਣ ਵਾਲੇ ਆਹੁਦਿਆਂ 'ਤੇ ਦਲਿਤ ਸਮਾਜ ਦੇ ਯੋਗ ਬੱਚੇ ਭਰਤੀ ਹੋ ਸਕਣ। ਧਰਨੇ ਵਿੱਚ ਬੀਬੀ ਅਮਰਜੀਤ ਕੌਰ, ਪ੍ਰਧਾਨ ਆਲ ਇੰਡੀਆ ਮੱਜ਼ਬੀ ਸਿੱਖ ਵੈਲਫੇਅਰ ਐਸੋਸੀਏਸ਼ਨ ਪੰਜ ਗਰਾਂਈ ਫਰੀਦਕੋਟ, ਸ੍ਰੀ ਅੰਗਦ ਦੇਵ ਜੀ ਚੈਰੀਟੇਬਲ ਸੋਸਾਇਟੀ ਪੰਜ ਗਰਾਂਈ, ਬੇਅੰਤ ਸਿੰਘ ਸਿੱਧੂ, ਚੇਅਰਮੈਨ ਗਿਆਨ ਜੋਤੀ ਚੈਰੀਟੇਬਲ ਟਰੱਸਟ ਫਰੀਦਕੋਟ, ਗੁਰਬਚਨ ਸਿੰਘ ਸੀਬੀਆ ਬਠਿੰਡਾ , ਪ੍ਰਧਾਨ ਰੰਘਰੇਟਾ ਦੱਲ, ਜਸਕਰਨ ਸਿੰਘ ਅਧਿਆਪਕ ਯੂਨੀਅਲ ਮੋਗਾ, ਬਲਵੰਤ ਸਿੰਘ ਜੈਮਲ ਸਿੰਘ ਵਾਲਾ, ਪ੍ਰਿੰਸੀਪਲ ਸਰਬਜੀਤ ਸਿੰਘ, ਪ੍ਰਿੰਸੀਪਲ ਬਲਦੇਵ ਸਿੰਘ ਨਾਗਵੰਸੀ, ਅਵਤਾਰ ਸਿੰਘ ਸੈਂਪਲਾ, ਮਨਮੋਹਨ ਸਿੰਘ ਪਟਿਆਲਾ, ਕਰਨੈਲ ਸਿੰਘ ਜੀਤ ਮੋਰਿੰਡਾ, ਸੁਖਵਿੰਦਰ ਸਿੰਘ ਦੁਮਣਾ, ਹਰਨਾਮ ਸਿੰਘ ਡੱਲਾ , ਜਸਬੀਰ ਸਿੰਘ, ਅਵਤਾਰ ਸਿੰਘ ਕੈਂਥ, ਪ੍ਰਧਾਨ ਐਸ.ਸੀ.ਬੀ.ਇੰਪਲਾਈ ਫੈਡਰੇਸ਼ਨ ਬਿਜਲੀ ਬੋਰਡ ਪਟਿਆਲਾ, ਨਰੰਗ ਸਿੰਘ ਆਦਿ ਨੇ ਹਾਜ਼ਰੀ ਭਰੀ ।

# ਨੌਸਰਬਾਜ਼ਾਂ ਨੇ ਟਾਵਰ ਲਗਾਉਣ ਦੇ ਨਾਂਅ 'ਤੇ ਕਿਸਾਨ ਨਾਲ ਮਾਰੀ ਠੱਗੀ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**- ਇਕ ਫਰਜੀ ਕੰਪਨੀ ਵੱਲੋਂ ਟਾਵਰ ਲਗਾਉਣ ਦੇ ਨਾਂਅ 'ਤੇ ਨੌਸਰਬਾਜਾਂ ਨੇ ਇਕ ਕਿਸਾਨ ਨਾਲ ਇਕ ਲੱਖ ਤੋਂ ਵੱਧ ਦੀ ਠੱਗੀ ਮਾਰੀ ਹੈ। ਥਾਣਾ ਮੁੱਖੀ ਨੂਰਪੁਰਬੇਦੀ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਸਾਈਬਰ ਸੈਲ ਵੱਲੋਂ ਕੀਤੀ ਪੜਤਾਲ ਉਪਰੰਤ ਦਰਜ ਕੀਤੇ ਮਾਮਲੇ ਅਨੁਸਾਰ ਪਿੰਡ ਬਜਰੂੜ ਦੇ ਖੇਤੀਬਾੜੀ ਦਾ ਕੰਮ ਕਰਦੇ ਬਿੱਕਰ ਸਿੰਘ ਪੁੱਤਰ ਬਲਵੀਰ ਸਿੰਘ ਨੇ ਦੱਸਿਆ ਕਿ ਉਸਨੂੰ ਇਕ ਮੋਬਾਇਲ ਤੋਂ ਫੋਨ ਆਇਆ ਕਿ ਇੰਡਸ ਟਾਵਰਜ਼ ਲਿਮਟਿਡ ਕੰਪਨੀ ਬੰਗਲੌਰ ਨੇ ਵੋਡਾਫੋਨ ਤੇ ਆਈਡੀਆ ਦਾ ਟਾਵਰ ਲਗਾਉਣ ਲਈ ਤੁਹਾਡੀ ਚੋਣ ਕੀਤੀ ਹੈ। ਜਿਸ 'ਤੇ ਕੰਪਨੀ ਤੁਹਾਨੂੰ 45 ਲੱਖ ਰੁਪਏ ਅਡਵਾਂਸ ਤੇ 2 ਪਰਵਾਰਕ ਮੈਂਬਰਾਂ ਨੂੰ 20-20 ਹਜ਼ਾਰ ਰੁਪਏ ਮਹੀਨਾ ਤਨਖਾਹ ਦੇਵੇਗੀ। ਉਕਤ ਵਿਅਕਤੀ ਜਿਸਨੇ ਆਪਣਾ ਨਾਂਅ ਐਡਵੋਕੇਟ ਪ੍ਰੇਮ ਕੁਮਾਰ ਦੱਸਿਆ ਨੇ ਕੁਝ ਸਮੇਂ ਬਾਅਦ ਆਪਣੀ ਪੀ.ਏ. ਇਕ ਮੈਡਮ ਨਾਲ ਗੱਲ ਕਰਵਾਈ ਜਿਸਦੇ ਕਹਿਣ 'ਤੇ ਉਸਨੇ ਰੋਪੜ ਵਿਖੇ ਪਹੁੰਚ ਕੇ ਯੂਕੋ ਬੈਂਕ ਦੇ ਖਾਤੇ 'ਚ 2150 ਰੁਪਏ ਸਕਿਊਰਿਟੀ ਵਜੋਂ ਜਮਾਂ ਕਰਵਾ ਦਿੱਤੇ। ਇਸ ਤੋਂ ਬਾਅਦ ਉਕਤ ਵਿਅਕਤੀਆਂ ਵੱਲੋਂ ਕੀਤੇ ਗਏ ਫੋਨਾਂ ਉਪਰੰਤ ਉਸ ਵੱਲੋਂ ਹਫ਼ਤੇ ਦੌਰਾਨ ਹੀ ਅਲੱਗ-ਅਲੱਗ ਤਰੀਕਾਂ ਨੂੰ 29 ਹਜ਼ਾਰ 200, 24 ਹਜ਼ਾਰ 800 ਅਤੇ 60 ਹਜ਼ਾਰ ਸਹਿਤ ਕੁੱਲ 1 ਲੱਖ 16 ਹਜ਼ਾਰ 150 ਰੁਪਏ ਜਮ੍ਹਾਂ ਕਰਵਾਏ ਗਏ। ਜਿਸ ਤੋਂ ਉਪਰੰਤ ਉਕਤ ਵਿਅਕਤੀਆਂ ਨੇ ਡਾਕ ਰਾਹੀਂ ਉਸਨੂੰ 100 ਰੁਪਏ ਦੇ ਅਸ਼ਟਾਮ 'ਤੇ ਬਣਿਆ ਐਗਰੀਮੈਂਟ ਬਾਂਡ ਤੇ ਹੋਰ ਦਸਤਾਵੇਜ਼ ਭੇਜ ਦਿੱਤੇ। ਇਸ ਤੋਂ ਬਾਅਦ ਵੀ ਉਕਤ ਵਿਅਕਤੀ ਤੇ ਉਸਦੀ ਮਹਿਲਾ ਸਾਥੀ ਟਾਵਰ ਲਗਾਉਣ ਲਈ 60 ਹਜ਼ਾਰ ਦੀ ਹੋਰ ਰਕਮ ਭੇਜਣ ਨੂੰ ਕਹਿੰਦੇ ਰਹੇ। ਮਗਰ ਜਦੋਂ ਸ਼ਿਕਾਇਤਕਰਤਾ ਨੇ ਆਪਣੇ ਪੱਧਰ 'ਤੇ ਬੰਗਲੌਰ ਸਥਿਤ ਕੰਪਨੀ ਦੇ ਅਧਿਕਾਰੀਆਂ ਨਾਲ ਰਾਬਤਾ ਕਾਇਮ ਕੀਤਾ ਤਾਂ ਉਨਾਂ ਦੱਸਿਆ ਕਿ ਕੰਪਨੀ ਵੱਲੋਂ ਅਜਿਹਾ ਕੋਈ ਐਗਰੀਮੈਂਟ ਨਹੀਂ ਕੀਤਾ ਗਿਆ ਹੈ। ਸਾਈਬਰ ਸੈਲ ਨੇ ਆਪਣੀ ਪੜਤਾਲ ਦੌਰਾਨ ਯੂਕੋ ਬੈਂਕ ਦੇ ਉਕਤ ਖਾਤੇ ਦਾ ਪਤਾ ਲਗਾਇਆ ਜੋ ਪ੍ਰੇਮ ਪੁੱਤਰ ਦੇਵਰਾਜ ਨਿਵਾਸੀ ਕਰਨਾਲ, ਹਰਿਆਣਾ ਦੇ ਨਾਂਅ ਰਜਿਸਟਰਡ ਹੈ ਅਤੇ ਜਿਸਦੀ ਸਟੇਟਮੈਂਟ ਦੇਖਣ 'ਤੇ ਪਤਾ ਚੱਲਿਆ ਕਿ ਖਾਤੇ 'ਚ ਪੈਸਿਆਂ ਦਾ ਕਾਫੀ ਲੈਣ-ਦੇਣ ਹੋਇਆ ਹੈ ਅਤੇ ਕੁਝ ਰਕਮ ਏ.ਟੀ.ਐੱਮ. ਰਾਹੀਂ ਵੀ ਕਢਵਾਈ ਗਈ ਹੈ। ਐੱਸ.ਐੱਚ.ਓ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਬੈਂਕ ਖਾਤਾ ਵਰਤਣ ਵਾਲੇ ਅਸਲ ਵਿਅਕਤੀ ਦਾ ਪਤਾ ਲਗਾਇਆ ਜਾ ਰਿਹਾ ਹੈ ਜਿਸ ਕਰਕੇ ਨਾਮਲੂਮ ਵਿਅਕਤੀਆਂ ਖਿਲਾਫ ਧੋਖਾਦੇਹੀ ਦੇ ਦੋਸ਼ਾਂ ਅਤੇ ਇਨਫਰਮੇਸ਼ਨ ਟੈਕਨਾਲੋਜੀ (ਅਮੈਂਡਮੈਂਟ) ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਵਿਦਿਆਰਥੀਆਂ ਨੇ ਤਿਆਰ ਕੀਤੇ ਸੁੰਦਰ ਡਿਸਪਲੇ ਬੋਰਡ



**ਕਰਤਾਰਪੁਰ (ਹਰਮੇਸ਼ ਦੱਤ)** ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਕਰਤਾਰਪੁਰ ਵਿਖੇ ਸਕੂਲ ਦੇ ਚਾਰ ਹਾਊਸ ਗੋਬਿੰਦ ਹਾਊਸ ਰਣਜੀਤ ਹਾਊਸ ਸ਼ਿਵਾਜ ਹਾਊਸ ਅਤੇ ਟੈਗੋਰ ਹਾਊਸ ਦੇ ਵਿਦਿਆਰਥੀਆਂ ਦੁਆਰਾ ਡਿਸਪਲੇ ਬੋਰਡ ਤਿਆਰ ਕਰਨ ਦੀ ਪ੍ਰਤੀਯੋਗਤਾ ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ ਦੀ ਅਗਵਾਈ ਹੇਠ ਕਰਵਾਈ ਗਈ। ਵਿਦਿਆਰਥੀਆਂ ਨੇ ਵਧੀਆ ਵਧੀਆ ਬੋਰਡ ਤਿਆਰ ਕਰਕੇ ਸਕੂਲ ਦੀ ਸ਼ਾਨ ਵਧਾਈ। ਇਸ ਕੰਪੀਟੀਸ਼ਨ ਵਿੱਚ ਰਣਜੀਤ ਕੌਰ ਅਤੇ ਸ਼ਿਵਾਜੀ ਹਾਊਸ ਦੋਵਾਂ ਨੇ ਪਹਿਲਾ ਸਥਾਨ ਹਾਸਿਲ ਕੀਤਾ, ਦੂਸਰੇ ਸਥਾਨ 'ਤੇ ਗੋਬਿੰਦ ਹਾਊਸ ਅਤੇ ਤੀਸਰੇ ਸਥਾਨ 'ਤੇ ਟੈਗੋਰ ਹਾਊਸ ਰਹੇ। ਸਕੂਲ ਚੇਅਰਪਰਸਨ ਸੁਰਿੰਦਰ ਕੌਰ, ਡਾਕਟਰ ਚਰਨ ਸਿੰਘ, ਡਾਕਟਰ ਪਿਆਰਾ ਸਿੰਘ, ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ ਅਤੇ ਸਕੂਲ ਸਟਾਫ ਨੇ ਵਧੀਆ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ।

# ਯੂਨੀਮੋਨੀ ਫਾਈਨੈਂਸ਼ੀਅਲ ਸਰਵਿਸਿਜ਼ ਲਿਮਟਿਡ ਵੱਲੋਂ ਨਵੀਂ ਸ਼ਾਖਾ ਦਾ ਉਦਘਾਟਨ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਯੂਨੀਮੋਨੀ ਫਾਈਨੈਂਸ਼ੀਅਲ ਸਰਵਿਸਿਜ ਲਿਮਟਿਡ ਦੀ ਨਵੀਂ ਸ਼ਾਖਾ ਦਾ ਮੁੱਖ ਮਹਿਮਾਨ ਸੀਈਓ ਕ੍ਰਿਸ਼ਨਨ ਆਰ (ਸੀ.ਈ.ਓ. ਅਤੇ ਯੂਨੀਮਨੀ ਕੰਪਨੀ ਦੇ ਡਾਇਰੈਕਟਰ) , ਜੌਨ ਜਾਰਜ , ਮਨੋਜ ਮੈਥਿਊ, ਪ੍ਰਕਾਸ਼ ਭਾਸਕਰ, ਟਾਈਟਸ ਨੇ ਉਦਘਾਟਨ ਕੀਤਾ ਅਤੇ ਟੀਮ ਨੂੰ ਵਧਾਈ ਦਿੱਤੀ। ਜ਼ੋਨਲ ਹੈਡ ਵਿਵੇਕ ਨਾਇਰ, ਰਾਮ ਭਾਰਦਵਾਜ ਰੀਜਨਲ ਹੈਡ ਅਤੇ ਬ੍ਰਾਂਚ ਹੈਡ ਅਨਿਲ ਕੁਮਾਰ ਅਤੇ ਟੀਮ ਮੈਂਬਰਾਂ ਨੇ ਪੂਜਾ ਅਤੇ ਹਵਨ ਕੀਤਾ। ਭਾਰਦਵਾਜ ਨੇ ਦੱਸਿਆ ਕਿ ਯੂਨੀਮਨੀ ਸ਼ਾਖਾ ਮਾਹਿਲਪੁਰ ਵਿੱਚ ਪਿਛਲੇ ਕਈ ਸਾਲਾਂ ਤੋਂ ਫਾਰੇਕਸ ਟਰੈਵਲ, ਗੋਲਡ ਕਰਜ਼ਾ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਜਿਸ ਨੇ ਪੂਰੇ ਭਾਰਤ ਵਿੱਚ ਤਿੰਨ ਸੌ ਤੋਂ ਵੱਧ ਸ਼ਾਖਾਵਾਂ ਖੋਲ੍ਹੀਆਂ ਹਨ। ਅੰਕੁਰ ਪਬਲਿਕ ਹਾਈ ਸਕੂਲ ਦੀ ਪ੍ਰਿੰਸੀਪਲ ਕਿਰਨ ਹਾਂਡਾ ਅਤੇ ਅਧਿਆਪਕਾ ਗੀਤਾ ਸੈਣੀ ਨੂੰ ਸੀਐਸਆਰ ਗਤੀਵਿਧੀ ਦੇ ਹਿੱਸੇ ਵਜੋਂ ਬੁਲਾਇਆ ਅਤੇ 12 ਵਿਦਿਆਰਥੀਆਂ ਨੂੰ ਸਕੂਲ ਬੈਗ ਦਿੱਤੇ।

# ਲੁਠੇੜੀ ਸਕੂਲ ਦੇ ਖੇਡਾਂ 'ਚ ਪ੍ਰਾਪਤੀਆਂ ਵਾਲੇ ਵਿਦਿਆਰਥੀ ਸਨਮਾਨੇ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)**—ਨਜ਼ਦੀਕੀ ਪਿੰਡ ਲੁਠੇੜੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਸ੍ਰੀਮਤੀ ਇੰਦਰਜੀਤ ਕੌਰ ਦੀ ਸੁਯੋਗ ਅਗਵਾਈ ਵਿੱਚ ਖੇਡਾਂ ਵਿੱਚ ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਵਧੀਆ ਕਾਰਗੁਜਾਰੀ ਦਿਖਾਉਣ ਵਾਲੇ ਵਿਦਿਆਰਥੀ ਸਨਮਾਨੇ ਗਏ । ਸੰਸਥਾ ਦੇ ਮੀਡੀਆ ਇੰਚਾਰਜ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਸੁਰਮੁੱਖ ਸਿੰਘ ਡੀ ਪੀ ਈ ਅਤੇ ਹਰਿੰਦਰ ਕੁਮਾਰ ਕਾਇਨੌਰ ਵੋਕੇਸ਼ਨਲ ਅਧਿਆਪਕ ਦੁਆਰਾ ਕਰਵਾਈ ਮਿਹਨਤ ਸਦਕਾ ਸਕੂਲ ਦੇ ਵਿਦਿਅਰਥੀਆਂ ਨੇ ਪਿਛਲੇ ਵਿੱਦਿਅਕ ਸੈਸ਼ਨ ਦੌਰਾਨ ਜਿੱਥੇ ਜੋਨ ਅਤੇ ਜ਼ਿਲ੍ਹਾ ਪੱਧਰ 'ਤੇ ਸ਼ਾਨਦਾਰ ਕਾਰਗੁਜਾਰੀ ਦਿਖਾਈ ਉੱਥੇ ਸੰਸਥਾ ਦੇ ਛੇ ਵਿਦਿਆਰਥੀਆਂ ਨੇ ਰਾਜ ਪੱਧਰੀ ਸਕੂਲ ਖੇਡਾਂ ਵਿੱਚ ਜ਼ਿਲ੍ਹਾ ਰੂਪਨਗਰ ਦੀ ਨੁਮਾਇੰਦਗੀ ਕੀਤੀ । ਖੇਡਾਂ ਵਿੱਚ ਵਧੀਆ ਕਾਰਗੁਜਾਰੀ ਦਿਖਾਉਣ ਵਾਲੇ ਇਨ੍ਹਾਂ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਦੌਰਾਨ ਸਰਟੀਫਿਕੇਟ ਦੇ ਕੇ ਸਨਮਾਨਿਤ ਕਰਦਿਆਂ ਪ੍ਰਿੰਸੀਪਲ ਸ੍ਰੀਮਤੀ ਇੰਦਰਜੀਤ ਕੌਰ ਨੇ ਕਿਹਾ ਕਿ ਵਿਦਿਆਰਥੀਆਂ ਪੜ੍ਹਾਈ ਅਤੇ ਖੇਡਾਂ ਦਾ ਸਮਤੋਲ ਬਣਾ ਕੇ ਰੱਖਣਾ ਚਾਹੀਦਾ ਹੈ। ਇਸ ਮੌਕੇ ਲੈਕ ਦਵਿੰਦਰ ਸਿੰਘ ਮਕੜੌਨਾ , ਮਧੂ ਬਾਲਾ , ਸਰੀਨਾ ਰਾਏ, ਡਾ. ਬਲਜੀਤ ਕੌਰ , ਕੁਲਦੀਪ ਕੌਰ , ਸਰੀਨਾ ਰਾਏ , ਮੋਨਿਕਾ ਸ਼ਰਮਾ , ਸੁਰਮੁੱਖ ਸਿੰਘ , ਲਖਵਿੰਦਰ ਸਿੰਘ , ਮਨਿੰਦਰ ਚੱਢਾ , ਜਸਵਿੰਦਰ ਕੌਰ , ਅਮਨਪ੍ਰੀਤ ਕੌਰ ,ਵਰਿੰਦਰ ਵਰਮਾ , ਮੋਨਿਕਾ ,ਗੁਰਬਾਜ ਸਿੰਘ , ਦਵਿੰਦਰਪਾਲ ਸਿੰਘ ਬਰਾੜ , ਮੋਨਿਕਾ , ਹਰਿੰਦਰ ਕੁਮਾਰ ਕਾਇਨੌਰ , ਗੁਰਮਿੰਦਰ ਸਿੰਘ ਹੁੰਦਲ , ਲਖਵੀਰ ਸਿੰਘ ਰੰਗੀਆਂ ਲਾਇਬਰੇਰੀਅਨ , ਸੁਸ਼ਮਿਤਾ ਅਤੇ ਸਤਪਾਲ ਸਿੰਘ ਸਮੇਤ ਸਮੂਹ ਵਿਦਿਆਰਥੀ ਹਾਜਰ ਸਨ ।

## ਜਠੇਰਿਆਂ ਦਾ ਮੇਲਾ 21 ਨੂੰ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** -ਲਗਾਹ ਗੋਤ ਜਠੇਰਿਆਂ ਦਾ ਮੇਲਾ ਹਰ ਸਾਲ ਦੀ ਤਰ੍ਹਾਂ 21 ਮਈ ਨੂੰ ਪਿੰਡ ਬੁੰਡਾਲੇ ਤੋਂ ਤੱਗੜਾ ਵਾਲੀ ਸੜਕ 'ਤੇ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਰਾਮ ਕ੍ਰਿਸ਼ਨ ਬੱਗਾ ਨੇ ਦੱਸਿਆ ਕਿ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਸੇਵਾ 21 ਮਈ ਨੂੰ ਸਵੇਰੇ 10 ਵਜੇ ਕੀਤੀ ਜਾਵੇਗੀ, ਉਪਰੰਤ 11 ਵਜੇ ਇੰਟਰਨੈਸ਼ਨਲ ਗਾਇਕ ਬੂਟਾ ਮੁਹੰਮਦ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ। ਇਸ ਮੌਕੇ ਠੰਡੇ ਮਿੱਠੇ ਜਲ ਦੀ ਸੇਵਾ, ਗੁਰੂ ਜੀ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਖਾਲੀ ਸੀਟਾਂ ਲਈ ਆਨਲਾਈਨ ਰਜਿਸਟਰੇਸ਼ਨ 31 ਤੱਕ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪ੍ਰਿੰਸੀਪਲ ਰੰਜੂ ਦੁੱਗਲ ਨੇ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇਸ ਵਿਦਿਅਕ ਸਾਲ 2023-24 ਲਈ 11ਵੀਂ ਕਲਾਸ ਸਾਇੰਸ ਅਤੇ ਕਾਮਰਸ ਗਰੁੱਪ ਵਿਚ ਦਾਖਲਾ ਲੈਣ ਲਈ ਆਨਲਾਈਨ ਫਾਰਮ ਭਰਨ ਦੀ ਪ੍ਰਕ੍ਰਿਆ ਸ਼ੁਰੂ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵਿਦਿਆਰਥੀਆਂ ਦੀ ਉਮਰ 1 ਜੂਨ 2006 ਤੋਂ 31 ਜੁਲਾਈ 2008 ਦੇ ਵਿਚਕਾਰ ਹੋਵੇ ਅਤੇ ਜਿਨ੍ਹਾਂ ਨੇ ਦਸਵੀਂ ਕਲਾਸ ਸੈਸ਼ਨ 2022-23 ਵਿਚ ਹੁਸ਼ਿਆਰਪੁਰ ਜਿਲ੍ਹੇ ਦੇ ਕਿਸੇ ਵੀ ਸਰਕਾਰੀ ਜਾਂ ਮਾਨਤਾ ਪ੍ਰਾਪਤ ਸਕੂਲ ਤੋਂ ਪਾਸ ਕੀਤੀ ਹੋਵੇ, ਦਾਖਲੇ ਲਈ ਮੁਫਤ ਆਨਲਾਈਨ ਫਾਰਮ ਵੈਬਸਾਈਟ 'ਤੇ ਜਾ ਕੇ ਭਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸੈਸ਼ਨ ਤੋਂ ਪਹਿਲਾਂ ਦਸਵੀਂ ਪਾਸ ਕਰਨ ਵਾਲੇ ਵਿਦਿਆਰਥੀ ਫਾਰਮ ਨਹੀਂ ਭਰ ਸਕਦੇ। ਉਨ੍ਹਾਂ ਦੱਸਿਆ ਕਿ ਫਾਰਮ ਭਰਨ ਦੀ ਆਖਰੀ ਮਿਤੀ 31 ਮਈ 2023 ਹੈ ਅਤੇ ਦਾਖਲੇ ਸਬੰਧੀ ਟੈਸਟ 22 ਜੁਲਾਈ 2023 ਦਿਨ ਸ਼ਨੀਵਾਰ ਨੂੰ ਹੋਵੇਗਾ। ਹੋਰ ਜਾਣਕਾਰੀ ਲਈ ਹੈਲਪ ਲਾਈਨ ਨੰਬਰ 7009863736, 9463646719 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਵਿਆਹ ਦਾ ਝਾਂਸਾ ਦੇ ਕੇ ਨਬਾਲਿਗਾ ਨੂੰ ਭਜਾਉਣ 'ਤੇ ਪਰਚਾ ਦਰਜ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)-ਇਕ ਪਿੰਡ ਦੀ ਨਾਬਾਲਿਗਾ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਭਜਾਉਣ ਦੇ ਦੋਸ਼ ਹੇਠ ਸਥਾਨਕ ਪੁਲਸ ਨੇ ਇਕ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਕੋਲ ਦਰਜ ਕਰਵਾਏ ਬਿਆਨਾਂ 'ਚ ਲੜਕੀ ਦੀ ਮਾਤਾ ਨੇ ਦੱਸਿਆ ਕਿ ਉਸਦੀ ਰਿਸ਼ਤੇਦਾਰੀ 'ਚ ਕਿਸੀ ਦੀ ਮੌਤ ਹੋ ਗਈ ਸੀ ਜਿਸ ਕਰਕੇ ਉਹ ਸਵੇਰੇ ਹੀ ਘਰ ਤੋਂ ਚਲੀ ਗਈ ਸੀ। ਮਗਰ ਬਾਅਦ 'ਚ ਉਸਦੇ ਪਤੀ ਨੇ ਫੋਨ ਕਰਕੇ ਉਸਨੂੰ ਦੱਸਿਆ ਕਿ ਉਸਦੀ ਲੜਕੀ ਜਿਸਦੀ ਉਮਰ ਕਰੀਬ 16 ਸਾਲ ਹੈ ਬਿਨਾਂ ਕੁਝ ਦੱਸੇ ਘਰ ਤੋਂ ਕਿਧਰੇ ਚਲੀ ਗਈ ਹੈ। ਰਿਸ਼ਤੇਦਾਰੀ ਤੋਂ ਪਰਤੀ ਲੜਕੀ ਦੀ ਮਾਤਾ ਨੇ ਆਪਣੇ ਪਤੀ ਨੂੰ ਨਾਲ ਲੈ ਆਪਣੀ ਨਾਬਾਲਿਗ ਲੜਕੀ ਦੀ ਸਮੁੱਚੇ ਰਿਸ਼ਤੇਦਾਰਾਂ ਅਤੇ ਹੋਰਨਾਂ ਸਥਾਨਾਂ 'ਤੇ ਆਪਣੇ ਪੱਧਰ 'ਤੇ ਭਾਲ ਕੀਤੀ ਜੋ ਨਹੀਂ ਮਿਲੀ। ਇਸ ਤੋਂ ਉਪਰੰਤ ਉਨਾਂ ਸਥਾਨਕ ਥਾਣੇ ਵਿਖੇ ਪਹੁੰਚ ਕੇ ਪੁਲਸ ਨੂੰ ਆਪਣੀ ਨਾਬਾਲਿਗ ਲੜਕੀ ਦੇ ਲਾਪਤਾ ਪਤਾ ਹੋਣ ਦੀ ਸੂਚਨਾ ਦਿੱਤੀ ਅਤੇ ਦੱਸਿਆ ਕਿ ਉਨਾਂ ਨੂੰ ਪਤਾ ਲੱਗਿਆ ਹੈ ਕਿ ਪਿੰਡ ਬੇਗਮਪੁਰ, ਥਾਣਾ ਫਿਲੌਰ, ਜ਼ਿਲਾ ਜਲੰਧਰ ਨਾਲ ਸਬੰਧਿਤ ਨੌਜਵਾਨ ਵਿਆਹ ਦਾ ਝਾਂਸਾ ਦੇ ਕੇ ਉਨਾਂ ਦੀ ਨਾਬਾਲਿਗ ਲੜਕੀ ਨੂੰ ਵਰਗਲਾ ਕੇ ਭਜਾ ਲੈ ਗਿਆ ਹੈ। ਪੁਲਸ ਅਨੁਸਾਰ ਮਾਮਲਾ ਦਰਜ ਕਰਕੇ ਕਥਿਤ ਦੋਸ਼ੀ ਤੇ ਲੜਕੀ ਦੀ ਭਾਲ ਆਰੰਭ ਦਿੱਤੀ ਹੈ।

# ਕੁਝ ਤਾਕਤਾਂ ਦੇ ਮਾਹੌਲ ਨੂੰ ਖ਼ਰਾਬ ਕਰਨ ਦੇ ਮਨਸੂਬੇ-ਸਿੱਧੂ

ਚੰਡੀਗੜ੍ਹ, (ਗੁਰਜੀਤ ਬਿੱਲਾ)—ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਆਪ ਸਰਕਾਰ ਤੇ ਤੰਜ ਕਸਦਿਆਂ ਕਿਹਾ ਕਿ 6 ਦਿਨਾਂ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਤੀਜੇ ਧਮਾਕੇ ਦੀ ਖਬਰ ਸੁਣਨਾ ਬਹੁਤ ਮੰਦਭਾਗਾ ਹੈ, ਜੋ ਕਿ ਸਿੱਧੇ ਤੌਰ ਤੇ ਆਪ ਸਰਕਾਰ ਦੀ ਇੰਟੈਲੀਜੈਂਸ ਫੇਲੀਅਰ ਵੱਲ ਇਸ਼ਾਰਾ ਕਰਦਾ ਹੈ।

ਸਿੱਧੂ ਨੇ ਸਵਾਲ ਕੀਤਾ ਕਿ ਇਹ ਸਾਰੇ ਧਮਾਕੇ ਸ੍ਰੀ ਦਰਬਾਰ ਸਾਹਿਬ ਦੇ ਆਸਪਾਸ ਹੀ ਕਿਉਂ ਹੋ ਰਹੇ ਹਨ ? ਇਸ ਦੀ ਜਾਂਚ ਕੇਂਦਰੀ ਏਜੰਸੀਆਂ ਨੂੰ ਦੇਣੀ ਚਾਹੀਦੀ ਹੈ ਕਿਉਂਕਿ ਇਹੋ ਜਿਹੇ ਗੰਭੀਰ ਮਸਲਿਆਂ ਨੂੰ ਹੱਲ ਕਰਨਾ ਆਪ ਸਰਕਾਰ ਦੇ ਵੱਸ ਦਾ ਨਹੀਂ ਹੈ। ਇੰਜ ਜਾਪਦਾ ਹੈ ਜਿਵੇਂ ਕੁਝ ਤਾਕਤਾਂ ਪੰਜਾਬ ਦੇ ਮਾਹੌਲ ਨੂੰ ਖ਼ਰਾਬ ਕਰਨ ਦੇ ਮਨਸੂਬੇ ਨਾਲ ਕੰਮ ਕਰ ਰਹੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਇਹ ਤਾਕਤਾਂ ਆਪਣੇ ਮਨਸੂਬਿਆਂ ਨੂੰ ਬੇਖੌਫ਼ ਤਰੀਕੇ ਨਾਲ ਅੰਜਾਮ ਵੀ ਦੇ ਰਹੀਆਂ ਹਨ। ਪਰ ਬਦਕਿਸਮਤੀ ਨਾਲ ਇਹ ਧਮਾਕੇ ਵੀ ਸਰਕਾਰ ਨੂੰ ਗੂੜ੍ਹੀ ਨੀਂਦ ਤੋਂ ਨਹੀਂ ਜਗਾ ਸਕੇ। ਸ੍ਰੀ ਦਰਬਾਰ ਸਾਹਿਬ ਦੇ ਆਸ ਪਾਸ ਦੀ ਥਾਂਵਾਂ ਪੰਜਾਬ ਦੇ ਲੋਕਾਂ ਲਈ ਪਵਿੱਤਰ ਹਨ ਜੇ ਇਹ ਧਮਾਕਿਆਂ ਨਾਲ ਕੋਈ ਵੱਡਾ ਨੁਕਸਾਨ ਹੋ ਜਾਂਦਾ ਤਾਂ ਪੰਜਾਬ ਦਾ ਮਹੌਲ ਬਹੁਤ ਜ਼ਿਆਦਾ ਵਿਗੜ ਸਕਦਾ।

# ਬੇਲਾ ਫਾਰਮੇਸੀ ਕਾਲਜ ਵਿਖੇ ਰਾਸ਼ਟਰੀ ਤਕਨਾਲੋਜੀ ਦਿਵਸ ਮਨਾਇਆ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਰਾਸ਼ਟਰੀ ਟੈਕਨਾਲੋਜੀ ਦਿਵਸ ਤਕਨਾਲੋਜੀ ਵਿੱਚ ਤਰੱਕੀ ਅਤੇ ਸਾਡੇ ਰੋਜਾਨਾ ਜੀਵਨ 'ਤੇ ਇਸ ਦੇ ਪ੍ਰਭਾਵ ਨੂੰ ਮਨਾਉਣ ਦਾ ਇੱਕ ਮਹੱਤਵਪੂਰਨ ਮੌਕਾ ਹੈ। ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਆਫ ਫਾਰਮੇਸੀ (ਆਟੋਨੋਮਸ ਕਾਲਜ), ਬੇਲਾ ਵਿੱਚ ਇਹ ਦਿਨ ਮਨਾਇਆ ਜਾਂਦਾ ਹੈ ਅਤੇ ਆਪਣੇ ਵਿਦਿਆਰਥੀਆਂ ਨੂੰ ਤਕਨਾਲੋਜੀ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਪ੍ਰੋਗਰਾਮ ਕੋਆਰਡੀਨੇਟਰ ਡਾ. ਅਜੈ ਸਿੰਘ ਕੁਸਵਾਹ ਨੇ ਤਕਨਾਲੋਜੀ ਦੇ ਨਾਲ ਸਮੇਂ ਸਿਰ ਟਿਊਨਿੰਗ ਦੀ ਮਹੱਤਤਾ 'ਤੇ ਜੋਰ ਦਿੱਤਾ ਹੈ ਅਤੇ ਵਿਦਿਆਰਥੀਆਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ। ਕਾਲਜ ਦੇ ਡਾਇਰੈਕਟਰ ਡਾ: ਸੈਲੇਸ਼ ਸ਼ਰਮਾ ਨੇ ਦੱਸਿਆ ਕਿ 1998 ਵਿੱਚ ਰਾਜਸਥਾਨ ਦੇ ਪੋਖਰਨ ਵਿੱਚ ਕੀਤੇ ਗਏ ਸਫਲ ਪ੍ਰਮਾਣੂ ਪ੍ਰੀਖਣ ਦੀ ਯਾਦ ਵਿੱਚ ਹਰ ਸਾਲ 11 ਮਈ ਨੂੰ ਭਾਰਤ ਵਿੱਚ ਰਾਸ਼ਟਰੀ ਤਕਨਾਲੋਜੀ ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਭਾਰਤੀ ਵਿਗਿਆਨੀਆਂ ਅਤੇ ਵਿਗਿਆਨੀਆਂ ਦੇ ਯੋਗਦਾਨ ਨੂੰ ਸਨਮਾਨਿਤ ਕਰਨ ਲਈ ਮਨਾਇਆ ਜਾਂਦਾ ਹੈ। ਪ੍ਰੀਖਣ ਨਾਲ ਭਾਰਤ ਪਰਮਾਣੂ ਹਥਿਆਰਾਂ ਦੀ ਸਮਰੱਥਾ ਵਾਲਾ ਦੁਨੀਆ ਦਾ ਛੇਵਾਂ ਦੇਸ਼ ਬਣ ਗਿਆ ਹੈ। ਤਕਨਾਲੋਜੀ ਦੀ ਮਦਦ ਨਾਲ, ਕੋਈ ਵੀ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰ ਸਕਦਾ ਹੈ, ਸਿਹਤ ਸੰਭਾਲ ਵਿੱਚ ਸੁਧਾਰ ਕਰ ਸਕਦਾ ਹੈ, ਸੰਚਾਰ ਨੂੰ ਵਧਾ ਸਕਦਾ ਹੈ, ਅਤੇ ਨਵੇਂ ਮੌਕੇ ਪੈਦਾ ਕਰ ਸਕਦਾ ਹੈ। ।

# ਪੰਜਾਬ ਸਰਕਾਰ ਵੱਲੋਂ ਰੋਜ਼ਾਨਾ ਨਵਾਂਸ਼ਹਿਰ ਤੋਂ ਚੰਡੀਗੜ੍ਹ ਬੱਸ ਸੇਵਾ ਸ਼ੁਰੂ



**ਨਵਾਂਸ਼ਹਿਰ,(ਮਨੋਜ ਲਾਡੀ)**ਪੰਜਾਬ ਸਰਕਾਰ ਦੇ ਟ੍ਰਾਂਸਪੋਰਟ ਵਿਭਾਗ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਨਵਾਂਸ਼ਹਿਰ ਤੋਂ ਸਵੇਰੇ 5:30 ਵਜੇ ਚੰਡੀਗੜ੍ਹ ਦੀ ਬੱਸ ਸੇਵਾ ਸ਼ੁਰੂ ਕੀਤੀ ਹੈ। ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਦੱਸਿਆ ਕਿ ਤੜਕਸਾਰ ਲੋਕਾਂ ਨੂੰ ਸਵੇਰੇ ਚੰਡੀਗੜ੍ਹ ਜਾਣ ਲਈ ਬੱਸ ਨਾ ਮਿਲਣ ਕਰਕੇ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਜੀ ਐਮ ਪੰਜਾਬ ਰੋਡਵੇਜ਼, ਨਵਾਂਸ਼ਹਿਰ ਰਾਹੀਂ ਪੰਜਾਬ ਸਰਕਾਰ ਦੇ ਟ੍ਰਾਂਸਪੋਰਟ ਵਿਭਾਗ ਨੂੰ ਜ਼ਿਲ੍ਹੇ ਦੇ ਲੋਕਾਂ ਨੂੰ ਸਵੇਰੇ ਤੜਕਸਾਰ ਚੰਡੀਗੜ੍ਹ ਨੂੰ ਕੋਈ ਬੱਸ ਸੇਵਾ ਨਾ ਹੋਣ ਕਾਰਨ ਹੁੰਦੀ ਪ੍ਰੇਸ਼ਾਨੀ ਬਾਰੇ ਸੂਚਿਤ ਕੀਤਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਫਤਰਾਂ ਦੇ ਸਮੇਂ 'ਚ ਕੀਤੀ ਤਬਦੀਲੀ, ਜ਼ਿਲ੍ਹੇ ਦੇ ਲੋਕਾਂ ਨੂੰ ਪੀ ਜੀ ਆਈ ਜਾਣ, ਵਿਦਿਆਰਥੀਆਂ ਨੂੰ ਚੰਡੀਗੜ੍ਹ ਕੋਈ ਪੇਪਰ ਆਦਿ ਦੇਣ ਜਾਣ ਅਤੇ ਆਮ ਲੋਕਾਂ ਨੂੰ ਸਰਕਾਰੀ ਕੰਮਾਂ ਦੇ ਸਬੰਧ ਵਿੱਚ ਚੰਡੀਗੜ੍ਹ ਜਾਣ ਵਿੱਚ ਆਉਂਦੀ ਮੁਸ਼ਕਿਲ ਨੂੰ ਧਿਆਨ ਵਿੱਚ ਰੱਖਦੇ ਹੋਏ ਨਵਾਂਸ਼ਹਿਰ ਤੋਂ ਚੰਡੀਗੜ੍ਹ ਬੱਸ ਸੇਵਾ ਬਹੁਤ ਜਰੂਰੀ ਸੀ।

ਇਹ ਬੱਸ ਸਵੇਰੇ 5:30 ਵਜੇ ਨਵਾਂਸ਼ਹਿਰ ਅੱਡੇ ਤੋਂ ਚੱਲ ਕੇ 7:20 ਵਜੇ ਚੰਡੀਗੜ੍ਹ ਪੁੱਜਦੀ ਹੈ ਅਤੇ ਫਿਰ ਉਥੋਂ ਸੈਕਟਰ 43 ਦੇ ਅੰਤਰਰਾਜੀ ਬੱਸ ਅੱਡੇ ਤੋਂ ਸਵੇਰੇ 7:55 ਵਜੇ ਜਲੰਧਰ ਲਈ ਚੱਲ ਕੇ, 11: 15 ਵਜੇ ਜਲੰਧਰ ਪੁੱਜਦੀ ਹੈ।

# ਪੁਲਸ ਨੇ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਈ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜ਼ਿਲ੍ਹਾ ਪੁਲਸ ਹੁਸ਼ਿਆਰਪੁਰ ਨੇ ਮਾਹਿਲਪੁਰ ਦੇ ਨਜ਼ਦੀਕ ਪਿੰਡ ਭਾਰਤਪੁਰ ਜੋਗੀਆਂ ਦੇ ਜੰਗਲ ਵਿੱਚ ਇਕ ਵਿਅਕਤੀ ਦੀ ਬੇਰਹਿਮੀ ਨਾਲ ਕੀਤੀ ਹੱਤਿਆ ਨੂੰ ਗੰਭੀਰਤਾ ਨਾਲ ਲੈਂਦਿਆਂ ਉਸ ਨੂੰ ਸੁਲਝਾਅ ਲਿਆ ਹੈ। ਇਸ ਮਾਮਲੇ ਵਿੱਚ ਪੁਲਸ ਵਲੋਂ ਕਤਲ ਦੇ ਦੋਵੇਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਘਟਨਾ ਵਿੱਚ ਸ਼ਾਮਿਲ ਬਲੈਰੋ ਗੱਡੀ ਅਤੇ ਮੋਬਾਇਲ ਫੋਨ ਵੀ ਬਰਾਮਦ ਕਰ ਲਿਆ ਹੈ। ਪ੍ਰੈਸ ਕਾਨਫਰੰਸ ਦੌਰਾਨ ਐਸ.ਐਸ.ਪੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ 13 ਅਪ੍ਰੈਲ 2023 ਨੂੰ ਮਾਹਿਲਪੁਰ ਦੇ ਨਜ਼ਦੀਕ ਪਿੰਡ ਭਾਰਤਪੁਰ ਜੋਗੀਆਂ ਦੇ ਜੰਗਲਾਂ ਵਿੱਚ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਸੀ, ਜਿਸ ਦੇ ਦੋਵੇਂ ਹੱਥਾਂ ਦੇ ਗੁੱਟ ਕੱਟੇ ਹੋਏ ਸਨ। ਇਸ ਸਬੰਧੀ ਥਾਣਾ ਮਾਹਿਲਪੁਰ ਪੁਲਸ ਨੇ ਪਿੰਡ ਦੇ ਸਰਪੰਚ ਦੇ ਬਿਆਨਾਂ ਦੇ ਆਧਾਰ 'ਤੇ 13 ਅਪ੍ਰੈਲ ਨੂੰ ਹੀ ਧਾਰਾ 302, 201, 34 ਆਈ.ਪੀ.ਸੀ ਦੇ ਤਹਿਤ ਮਾਮਲਾ ਦਰਜ ਕਰਕੇ ਇਸ ਦੀ ਗੰਭੀਰਤਾ ਨਾਲ ਜਾਂਚ ਸ਼ੁਰੂ ਕਰ ਦਿੱਤੀ ਸੀ। ਇਸ ਘਟਨਾ ਵਿੱਚ ਸ਼ਾਮਲ ਦੋਵਾਂ ਮੁਲਜ਼ਮਾਂ ਹਰਪਾਲ ਸਿੰਘ ਉਰਫ ਪਾਲਾ ਵਾਸੀ ਗੰਗੋ, ਨਜ਼ਦੀਕ ਟੀਚਰ ਕਲੋਨੀ ਸੋਬਿਤ ਯੂਨੀਵਰਸਿਟੀ, ਜ਼ਿਲ੍ਹਾ ਸਹਾਰਨਪੁਰ (ਉੱਤਰ ਪ੍ਰਦੇਸ਼) ਅਤੇ ਕੁੰਦਨ ਸਿੰਘ ਉਰਫ ਮੰਗਲ ਵਾਸੀ ਗੁੜਸ਼ੜਪੁਰ, ਥਾਣਾ ਗੰਗੋ ਜ਼ਿਲ੍ਹਾ ਸਹਾਰਨਪੁਰ (ਉੱਤਰ ਪ੍ਰਦੇਸ਼) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਐਸ.ਐਸ.ਪੀ ਨੇ ਦੱਸਿਆ ਕਿ ਹਾਲ ਹੀ ਵਿੱਚ 9 ਮਈ ਨੂੰ ਪਿੰਡ ਦੁਦਰਾ, ਥਾਣਾ ਗੰਗੋ, ਜ਼ਿਲ੍ਹਾ ਸਹਾਰਨਪੁਰ (ਉੱਤਰ ਪ੍ਰਦੇਸ਼) ਤੋਂ ਜੋਗਿੰਦਰ ਸਿੰਘ ਵਲੋਂ ਪਹਿਚਾਣ ਕੀਤੀ ਗਈ ਸੀ ਕਿ ਮ੍ਰਿਤਕ ਦਾ ਨਾਂਅ ਅਮਿਤ ਕੁਮਾਰ ਹੈ ਅਤੇ ਉਹ ਉਸ ਦਾ ਪੁੱਤਰ ਹੈ। ਸੂਚਨਾ ਮਿਲਦੇ ਹੀ ਥਾਣਾ ਇੰਚਾਰਜ ਜਸਵੰਤ ਸਿੰਘ ਅਤੇ ਜਾਂਚ ਅਧਿਕਾਰੀ ਏ.ਐਸ.ਆਈ ਗੁਰਨੇਕ ਸਿੰਘ ਦੀ ਅਗਵਾਈ ਵਿੱਚ 12 ਮੈਂਬਰੀ ਟੀਮ ਨੂੰ ਸਹਾਰਨਪੁਰ ਭੇਜਿਆ ਗਿਆ, ਜਿਸ ਦੌਰਾਨ ਪੁਲਸ ਟੀਮ ਵਲੋਂ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਕੇ ਕਤਲ ਵਿੱਚ ਸ਼ਾਮਿਲ ਦੋਵਾਂ ਮੁਲਜ਼ਮਾਂ ਹਰਪਾਲ ਸਿੰਘ ਅਤੇ ਕੁੰਦਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ।

# ਨਜਾਇਜ਼ ਸ਼ਰਾਬ ਸਮੇਤ ਔਰਤ ਗ੍ਰਿਫਤਾਰ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਟਾਂਡਾ ਪੁਲਸ ਨੇ ਇਕ ਔਰਤ ਨੂੰ ਵੱਡੀ ਮਾਤਰਾ ਵਿਚ ਨਜਾਇਜ ਸ਼ਰਾਬ ਸਮੇਤ ਗ੍ਰਿਫਤਾਰ ਕੀਤਾ ਹੈ। ਥਾਣਾ ਮੁਖੀ ਟਾਂਡਾ ਰਵਿੰਦਰ ਕੁਮਾਰ ਨੇ ਦੱਸਿਆ ਕਿ ਏ.ਐੱਸ.ਆਈ ਰਮੇਸ਼ ਕੁਮਾਰ ਦੀ ਪੁਲਸ ਟੀਮ ਵੱਲੋਂ ਨਾਜਾਇਜ ਸ਼ਰਾਬ ਵੇਚਣ ਵਾਲੀ ਪੂਜਾ ਪਤਨੀ ਸੋਢੀ ਸਿੰਘ ਵਾਸੀ ਸਿੰਘਪੁਰਾ ਮਹੱਲਾ, ਵਾਰਡ ਨੰਬਰ-3, ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਕਾਬੂ ਕਰਕੇ ਉਸ ਪਾਸੋਂ 13,500 ਮਿ.ਲੀਟਰ ਨਜਾਇਜ ਸ਼ਰਾਬ ਬਰਾਮਦ ਕਰਕੇ ਉਸ ਖਿਲਾਫ ਐਕਸਾਇਜ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਆਸ਼ਾ ਵਰਕਰਾਂ ਦੀ ਮਹੀਨਾਵਾਰ ਹੋਈ ਮੀਟਿੰਗ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸਮੂਹ ਆਸ਼ਾ ਵਰਕਰਜ਼ ਦੀ ਮਹੀਨਾਵਾਰ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਡਾ.ਟੰਡਨ ਨੇ ਕਿਹਾ ਕਿ ਸਮੂਹ ਆਸ਼ਾ ਵਰਕਰਜ਼ ਆਪਣੇ ਏਰੀਏ ਵਿੱਚ ਹਰੇਕ ਗਰਭਵਤੀ ਮਹਿਲਾ ਦੀ ਰਜਿਸਟ੍ਰੇਸ਼ਨ ਸਮੇਂ ਸਿਰ ਕਰਨਾ ਯਕੀਨੀ ਬਣਾਉਣ ਅਤੇ ਗਰਭਵਤੀ ਮਹਿਲਾਂਵਾਂ ਦਾ ਰਜਿਸਟ੍ਰੇਸ਼ਨ ਤੋਂ ਲੈ ਕੇ ਜਣੇਪੇ ਤੱਕ ਟੀਕਾਕਰਨ, ਐਚ.ਬੀ, ਭਾਰ ਦਾ ਪੂਰਾ ਖਿਆਲ ਰੱਖਿਆ ਜਾਵੇ। ਹਰੇਕ ਹਾਈ ਰਿਸਕ ਗਰਭਵਤੀ ਮਹਿਲਾ ਦਾ ਰਿਕਾਰਡ ਰੱਖਿਆ ਜਾਵੇ ਅਤੇ ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਉਨ੍ਹਾਂ ਦੀ ਸਿਹਤ ਵਿੱਚ ਬਦਲਾਅ ਨੂੰ ਨੋਟ ਕੀਤਾ ਜਾਵੇ ਤਾਂ ਜੋ ਉਨ੍ਹਾਂ ਦਾ ਡਾਕਟਰੀ ਮੁਆਇਨਾ ਕਰਵਾ ਕੇ ਇਲਾਜ਼ ਸਮੇਂ ਸਿਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਵਿਲੇਜ਼ ਹੈਲਥ ਐਂਡ ਨਿਊਟਰੀਸ਼ਨ ਕਮੇਟੀ ਦੀਆਂ ਮਹੀਨਾਵਰ ਮੀਟਿੰਗਾਂ ਕੀਤੀਆਂ ਜਾਣ। ਸਮੂਹ ਆਸ਼ਾ ਵਰਕਰਜ਼ ਮਮਤਾ ਦਿਵਸ ਤੇ ਗਰਭਵਤੀ ਮਹਿਲਾਂਵਾ ਨੂੰ ਸੰਤੁਲਿਤ ਖੁਰਾਕ ਸਬੰਧੀ ਜਾਣਕਾਰੀ ਦੇਣ। ਹਰਵਿੰਦਰ ਸਿੰਘ ਬਲਾਕ ਐਕਸਟੈਨਸ਼ਨ ਐਜੂਕਟਰ ਨੇ ਕਿਹਾ ਕਿ ਕੌਮੀ ਸਿਹਤ ਪ੍ਰੋਗਰਾਮ ਪ੍ਰਧਾਨ ਮੰਤਰੀ ਸੁੱਰਖਿਅਤ ਮਾਤ੍ਰਤਵ ਅਧੀਨ ਖਤਰੇ ਦੇ ਚਿੰਨ ਵਾਲੀਆਂ ਗਰਭਵਤੀ ਮਹਿਲਾਂਵਾ ਦਾ ਐਂਟੀਨੇਟਲ ਚੈੱਕ-ਅੱਪ ਕਰਵਾਇਆ ਜਾਵੇ। ਸਮੂਹ ਆਸ਼ਾ ਵਰਕਰਜ਼ ਆਪਣੇ ਏਰੀਏ ਵਿੱਚ ਸ਼ੱਕੀ ਟੀ.ਬੀ ਦੇ ਮਰੀਜਾਂ ਨੂੰ ਜਾਂਚ ਲਈ ਸੀ.ਐਚ.ਸੀ ਚਮਕੌਰ ਸਾਹਿਬ ਭੇਜਿਆ ਜਾਵੇ। ਪਰਵਾਰ ਭਲਾਈ ਪ੍ਰੋਗਰਾਮ ਅਧੀਨ ਯੋਗ ਜੋੜਿਆਂ ਨੂੰ ਪਰਵਾਰ ਨਿਯੋਜਨ ਦੇ ਸਾਧਨ ਅਪਨਾਉਣ ਲਈ ਪ੍ਰੇਰਿਤ ਕੀਤਾ ਜਾਵੇ। ਨਾਗਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਵੱਲੋਂ ਮਲੇਰੀਆ ਤੇ ਡੇਂਗੂ ਪ੍ਰੋਗਰਾਮ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ 'ਤੇ ਪਰਮਜੀਤ ਸਿੰਘ ਹੈਲਥ ਵਰਕਰ, ਹਰਵਿੰਦਰ ਸਿੰਘ ਸਮੂਹ ਆਸ਼ਾ ਫੈਸਿਲੀਟੇਟਰ ਅਤੇ ਸਮੂਹ ਆਸ਼ਾ ਵਰਕਰਜ਼ ਹਾਜਰ ਸਨ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਬਨੂੜ ਤਹਿਸੀਲ ਦਫਤਰ ਦੀ ਅਚਨਚੇਤ ਚੈਕਿੰਗ



**ਐਸ.ਏ.ਐਸ ਨਗਰ (ਗੁਰਜੀਤ ਬਿੱਲਾ )**-ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀਮਤੀ ਅਮਨਿੰਦਰ ਕੌਰ ਬਰਾੜ ਵੱਲੋਂ ਬਨੂੜ ਤਹਿਸੀਲ ਦਫਤਰ ਦੀ ਅਚਨਚੇਤ ਚੈਕਿੰਗ ਕੀਤੀ ਅਤੇ ਉਨ੍ਹਾਂ ਨੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਲੋਕਾਂ ਦੇ ਕੰਮ ਬਿਨਾਂ ਕਿਸੇ ਦੇਰੀ ਤੋਂ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਉਨ੍ਹਾਂ ਤਹਿਸੀਲ ਵਿਖੇ ਦਫਤਰ ਦੇ ਰਿਕਾਰਡ ਨੂੰ ਵੀ ਘੋਖਿਆ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਪੰਜਾਬ ਸਰਕਾਰ ਲੋਕਾਂ ਨੂੰ ਸਮੇਂ ਸਿਰ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰਤੀ ਤਰ੍ਹਾਂ ਦ੍ਰਿੜ ਹੈ ਅਤੇ ਉਨ੍ਹਾਂ ਨੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਦੇ ਨਿਰਦੇਸ਼ਾਂ ਤਹਿਤ ਬਨੂੜ ਤਹਿਸੀਲ ਦਫਤਰ ਦੀ ਅਚਨਚੇਤ ਚੈਕਿੰਗ ਕੀਤੀ ਹੈ ਤਾਂ ਜੋ ਦਫ਼ਤਰ ਦੇ ਕੰਮਕਾਰ ਨੂੰ ਹੋਰ ਚੁਸਤ-ਦਰੁਸਤ ਕੀਤਾ ਜਾ ਸਕੇ। ਇਸ ਦੌਰਾਨ ਉਨ੍ਹਾਂ ਨੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਮੇਂ ਸਿਰ ਦਫ਼ਤਰ ਪਹੁੰਚਣ ਅਤੇ ਆਪਣਾ ਕੰਮ ਪੂਰੀ ਤਨਦੇਹੀ ਨਾਲ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਲੋਕਾਂ ਨੂੰ ਸਰਕਾਰ ਦੁਆਰਾ ਦਿੱਤੀਆਂ ਜਾ ਰਹੀਆਂ ਸਹੂਲਤਾਂ ਸਮੇਂ ਸਿਰ ਦੇਣ ਲਈ ਵਚਨਵੱਧ ਹੈ। ਇਸ ਤੋਂ ਇਲਾਵਾ ਉਨ੍ਹਾਂ ਅਧਿਕਾਰੀਆਂ ਨੂੰ ਲੋਕਾਂ ਦੇ ਕੰਮ ਪਹਿਲ ਦੇ ਅਧਾਰ 'ਤੇ ਹੱਲ ਕਰਨ ਲਈ ਕਿਹਾ। ਇਸ ਮੌਕੇ ਦਫਤਰ ਦੇ ਅਧਿਕਾਰੀ ਮੌਜੂਦ ਸਨ।

# ਪੁਲਸ ਮੁਲਾਜ਼ਮ 'ਤੇ ਹਮਲਾ ਕਰਨ ਵਾਲਾ ਗ੍ਰਿਫਤਾਰ

**ਫਿਲੌਰ, (ਨਿਰਮਲ)** ਜਗਦੀਸ਼ ਰਾਜ ਪੀ.ਪੀ.ਐਸ ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰ ਨੇ ਦੱਸਿਆ ਕਿ ਥਾਣਾ ਫਿਲੌਰ ਦੇ ਕਰਮਚਾਰੀ ਸੀਨੀਅਰ ਸਿਪਾਹੀ ਬਾਲਕ ਰਾਮ ਥਾਣਾ ਫਿਲੌਰ ਦੀ ਇਲੈਕਸ਼ਨ ਦੇ ਸਬੰਧ ਵਿੱਚ ਡਿਊਟੀ ਲੱਗੀ ਹੋਈ ਸੀਂ, ਇਸ ਦੌਰਾਨ ਇੱਕ ਵਿਅਕਤੀ ਆ ਕੇ ਉਸ ਨੂੰ ਗਾਲੀ ਗਲੋਚ ਕਰਨ ਲੱਗ ਪਿਆ ਅਤੇ ਉਸਦੀ ਡਿਊਟੀ ਵਿੱਚ ਵਿਘਨ ਪਾ ਕੇ ਉਸਦੀ ਵਰਦੀ ਪਾੜ ਦਿੱਤੀ ਅਤੇ ਧਮਕੀਆਂ ਦਿੰਦਾ ਫਰਾਰ ਹੋ ਗਿਆ। ਜੋ ਇਸ ਕਰਮਚਾਰੀ ਦੇ ਬਿਆਨਾ ਪਰ ਮੁਕੱਦਮਾ ਨੰਬਰ 105 ਜੁਰਮ 353/186/332 ਭ:ਦ: ਥਾਣਾ ਫਿਲੌਰ ਦਰਜ ਕੀਤਾ ਗਿਆ। ਤੁਰੰਤ ਪ੍ਰਭਾਵੀ ਕਾਰਵਾਈ ਕਰਦੇ ਹੋਏ ਸਬ ਇਸਪੈਕਟਰ ਪਰਮਜੀਤ ਸਿੰਘ ਵੱਲੋਂ ਜਸਕਰਨ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਗੰਨਾ ਪਿੰਡ ਥਾਣਾ ਫਿਲੌਰ ਨੂੰ ਗ੍ਰਿਫਤਾਰ ਕੀਤਾ ਗਿਆ।

# ਸੇਂਟ ਸੋਲਜ਼ਰ ਇੰਜੀਨੀਅਰਿੰਗ ਕਾਲਜ ਨੇ ਮਨਾਇਆ ਨੈਸ਼ਨਲ ਟੈਕਨਾਲੋਜੀ ਡੇ




**ਜਲੰਧਰ, -(ਇਕਬਾਲ ਸਿੰਘ ਉੱਭੀ)**- ਸੇਂਟ ਸੋਲਜ਼ਰ ਇੰਸਟੀਚਿਊਟ ਆਫ਼ ਇੰਜੀਨਿਅਰਿੰਗ ਐਂਡ ਟੈਕਨੋਲਾਜੀ ਵਲੋਂ ਨੈਸ਼ਨਲ ਟੈਕਨੋਲਾਜੀ ਡੇ ਮਨਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ, ਜਿਸ 'ਚ ਪ੍ਰਿੰਸੀਪਲ ਡਾ.ਗੁਰਪ੍ਰੀਤ ਸਿੰਘ ਸੈਣੀ ਮੁੱਖ ਬੁਲਾਰੇ ਰਹੇ। ਉਨ੍ਹਾਂ ਨੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 11 ਮਈ ਨੂੰ ਦੇਸ਼ ਵਿੱਚ ਟੈਕਨੋਲਾਜੀ ਕ੍ਰਾਂਤੀ ਆਈ ਸੀ ਇਸ ਦਿਨ ਨੂੰ 1998 ਦੇ ਪੋਖਰਣ ਪਰਮਾਣੁ ਟੈਸਟ ਅਤੇ ਆਕਾਸ਼ ਵਿੱਚ ਭਾਰਤ ਦੀ ਵੱਡੀ ਤਰੱਕੀ ਦੇ ਰੂਪ ਵਿੱਚ ਇਤਹਾਸ ਵਿੱਚ ਦਰਜ ਹੈ। ਡਾ. ਸੈਣੀ ਨੇ ਟੈਕਨੋਲਾਜੀ ਦੇ ਫ਼ਾਇਦੇ ਅਤੇ ਨੁਕਸਾਨ ਨਾਲ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਟੈਕਨੋਲਾਜੀ ਦਾ ਇਸਤੇਮਾਲ ਕਰਨਾ ਇੱਕ ਜ਼ਿੰਮੇਦਾਰੀ ਭਰਿਆ ਕੰਮ ਹੈ ਜੇਕਰ ਇਸਨੂੰ ਠੀਕ ਢੰਗ ਨਾਲ ਇਸਤੇਮਾਲ ਕੀਤਾ ਜਾਵੇ ਤਾਂ ਕੰਮ ਸੌਖਾ ਹੋ ਜਾਂਦਾ ਹੈ ਅਤੇ ਗਲਤ ਵਰਤੋ ਨਾਲ ਕਈ ਪਰੇਸ਼ਾਨੀਆਂ ਵੀ ਆ ਸਕਦੀਆਂ ਹਨ। ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਟੈਕਨੋਲਾਜੀ ਪੜ੍ਹਾਈ, ਆਨਲਾਇਨ ਪੇਮੇਂਟ, ਮਨੋਰੰਜਨ, ਜਾਗਰੂਕਤਾ ਫੈਲਾਉਣ ਵਿੱਚ ਅਹਿਮ ਰੋਲ ਨਿਭਾਅ ਰਹੀ ਹੈ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮਹੀਨਾਵਾਰ ਮੀਟਿੰਗ



**ਬਹਿਰਾਮ (ਅਵਤਾਰ ਕਲੇਰ)** ਪੰਜਾਬ ਪੈਨਸ਼ਨਰਜ ਯੂਨੀਅਨ ਰੂਪ ਨਗਰ ਦੀ ਮਹੀਨਾਵਾਰ ਮੀਟਿੰਗ ਜਸਵੀਰ ਸਿੰਘ ਮਲਕਪੁਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੂਬਾ ਕਮੇਟੀ ਮੈਂਬਰ ਪੰਜਾਬ ਪੈਨਸ਼ਨਰਜ ਯੂਨੀਅਨ ਕਾਮਰੇਡ ਮੁਕੰਦ ਲਾਲ, ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਹਰਬੰਸ ਸਿੰਘ, ਮਹਿੰਦਰ ਸਿੰਘ ਸਰਸੀਣੀ, ਦੀਦਾਰ ਸਿੰਘ, ਹਰਜਿੰਦਰ ਸਿੰਘ,ਮੋਹਣ ਸਿੰਘ ਪਪਰਾਲਾ, ਬਲਵਿੰਦਰ ਸਿੰਘ,ਜੋਧ ਸਿੰਘ,ਅਮਰ ਸਿੰਘ ਬਲਵਿੰਦਰ ਸਿੰਘ ਲੰਬਰਦਾਰ ਨੇ ਪੈਨਸ਼ਨਰਾਂ ਨੂੰ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਚਰਚਾ ਕੀਤੀ। ਕਾਮਰੇਡ ਮੁਕੰਦ ਲਾਲ ਨੇ ਦੱਸਿਆ ਕਿ ਭਾਜਪਾ ਦੀ ਕੇਂਦਰੀ ਸਰਕਾਰ ਤੇ ਸੰਸਦ ਮੈਂਬਰ ਕੁਸ਼ਤੀ ਫੈਡਰੇਸਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਸਰਨ ਦੇ ਯੋਨ ਸੋਸ਼ਣ ਤੋਂ ਪੀੜਤ ਮਹਿਲਾ ਪਹਿਲਵਾਨਾਂ ਵਲੋਂ ਜੰਤਰ ਮੰਤਰ 'ਤੇ 23 ਅਪ੍ਰੈਲ ਤੋਂ ਇਨਸਾਫ ਲਈ ਧਰਨਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣ ਰਿਹਾ। ਜਿਹੜਾ ਵੀ ਇਨਸਾਨ ਜਾਂ ਸੰਸਥਾ ਉਨ੍ਹਾਂ ਦੇ ਨਾਲ ਹਾਅ ਦਾ ਨਾਅਰਾ ਮਾਰਦੀ ਹੈ ਉਸ ਨੂੰ ਵੀ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਪੰਜਾਬ ਪੈਨਸ਼ਨਰਜ ਯੂਨੀਅਨ ( ਏਟਕ ) ਉਨ੍ਹਾਂ ਪਹਿਲਵਾਨਾਂ ਇਨਸਾਫ ਦਿਵਾਉਣ ਲਈ ਦ੍ਰਿੜਤਾ ਨਾਲ ਖੜੀ ਹੈ। ਉਨ੍ਹਾਂ ਪੈਨਸ਼ਨਰਾਂ ਦੀਆਂ ਮੰਗਾਂ ਮੰਨੇ ਜਾਣ ਲਈ ਸਰਕਾਰ ਕੋਲ ਗੁਹਾਰ ਲਗਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਚਨਾ ਸਿੰਘ, ਮੋਹਣ ਲਾਲ ਪਾਸਟਾਂ, ਹਰਵੀਰ ਸਿੰਘ, ਰਮੇਸ ਚੰਦਰ, ਸਤਨਾਮ ਸਿੰਘ, ਦਰਵਾਰਾ ਸਿੰਘ,ਪਾਲ ਸਿੰਘ, ਸਰਬਜੀਤ ਸਿੰਘ,ਅਮਰੀਕ ਸਿੰਘ ਆਦਿ ਹਾਜਰ ਸਨ।

# ਪੀ ਏ ਪੀ ਗੋਲਫ ਕਲੱਬ ਵਿਖੇ ਪੰਜਾਬ ਰੈਸਲਿੰਗ ਐਸੋਸੀਏਸ਼ਨ ਜਲੰਧਰ ਇਕਾਈ ਦੀ ਮੀਟਿੰਗ



**ਫਗਵਾੜਾ ( ਨਵਾਂ ਜ਼ਮਾਨਾ ਸਰਵਿਸ )** ਪੰਜਾਬ ਰੈਸਲਿੰਗ ਐਸੋਸੀਏਸ਼ਨ ਜਲੰਧਰ ਇਕਾਈ ਦੀ ਇਕ ਮੀਟਿੰਗ ਪੰਜਾਬ ਪ੍ਰਧਾਨ ਪਦਮਸ੍ਰੀ ਕਰਤਾਰ ਸਿੰਘ (ਆਈ.ਪੀ.ਐਸ.) ਓਲੰਪੀਅਨ ਜੋ ਕਿ ਜਲੰਧਰ ਇਕਾਈ ਦੇ ਪ੍ਰਧਾਨ ਵਜੋਂ ਵੀ ਸੇਵਾਵਾਂ ਦੇ ਰਹੇ ਹਨ, ਉਹਨਾਂ ਦੀ ਅਗਵਾਈ ਹੇਠ ਪੀ.ਏ.ਪੀ. ਗੋਲਫ ਕਲੱਬ ਜਲੰਧਰ ਵਿਖੇ ਹੋਈ। ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਪਦਮਸ੍ਰੀ ਕਰਤਾਰ ਸਿੰਘ ਨੇ ਕਿਹਾ ਕਿ ਪੰਜਾਬ ਰੈਸਲਿੰਗ ਐਸੋਸੀਏਸ਼ਨ ਵਲੋਂ ਅਖਾੜੇ ਦੇ ਪਹਿਲਵਾਨਾ ਨੂੰ ਗੱਦੇ ਦੀ ਕੁਸ਼ਤੀ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਕਿਉਂਕਿ ਗੱਦੇ ਦੀ ਕੁਸ਼ਤੀ ਨੂੰ ਹੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਮਾਨਤਾ ਹੈ। ਗੱਦੇ ਦੀ ਕੁਸ਼ਤੀ ਲੜਨ ਵਾਲੇ ਪਹਿਲਵਾਨਾਂ ਨੂੰ ਸਰਕਾਰਾਂ ਵਲੋਂ ਨਗਦ ਇਨਾਮ ਅਤੇ ਨੌਕਰੀਆਂ ਨਾਲ ਵੀ ਨਵਾਜਿਆ ਜਾਂਦਾ ਹੈ। ਉਹਨਾਂ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਕਿ ਸਮੂਹ ਅਖਾੜਿਆਂ ਦੇ ਪਹਿਲਵਾਨਾਂ ਨਾਲ ਰਾਬਤਾ ਕਰਕੇ ਉਹਨਾਂ ਨੂੰ ਗੱਦੇ ਦੀ ਕੁਸ਼ਤੀ ਦੇ ਫਾਇਦੇ ਦੱਸੇ ਜਾਣ। ਮੀਟਿੰਗ ਦੌਰਾਨ ਜਲਦੀ ਹੀ ਕੁਸ਼ਤੀ ਲੀਗ ਕਰਵਾਉਣ ਦੀ ਗੱਲ ਵੀ ਪੰਜਾਬ ਪ੍ਰਧਾਨ ਕਰਤਾਰ ਸਿੰਘ ਨੇ ਕਹੀ। ਇਸ ਮੌਕੇ ਜਲੰਧਰ ਇਕਾਈ ਦੇ ਚੇਅਰਮੈਨ ਡਾ. ਸ਼ਿਵ ਦਿਆਲ ਮਾਲੀ, ਕਾਰਜਕਾਰੀ ਪ੍ਰਧਾਨ ਰੋਹਨ ਸਹਿਗਲ (ਕੌਂਸਲਰ), ਸੀਨੀਅਰ ਮੀਤ ਪ੍ਰਧਾਨ ਗੁਰਮੰਗਲ ਦਾਸ ਸੋਨੀ, ਮੀਤ ਪ੍ਰਧਾਨ ਮਹਿੰਦਰ ਸਿੰਘ, ਬਲਜੀਤ ਸਿੰਘ ਵਿਰਕ, ਸਾਹਿਲ ਬਤਰਾ ਅਤੇ ਦਰਸ਼ਨ ਪਹਿਲਵਾਨ, ਸਹਿ ਸਕੱਤਰ ਟੀ.ਐਨ. ਹੰਸੋਤਰਾ, ਗੁਰਵਿੰਦਰ ਸਿੰਘ ਪਾਹੜਾ, ਮੈਡਮ ਸੰਧੂ ਤੋਂ ਇਲਾਵਾ ਗੀਤ ਪ੍ਰੀਤ ਪਾਲ ਸਿੰਘ ਪੀ.ਆਰ.ਓ., ਪ੍ਰੋ. ਰਜਿੰਦਰ ਸਿੰਘ ਚੇਅਰਮੈਨ ਮੀਡੀਆ ਕਮੇਂਟੇਟਰ ਕਮੇਟੀ, ਰਾਜਕੁਮਾਰ ਕਮੇਂਟੇਟਰ ਅਤੇ ਕਾਰਜਕਾਰੀ ਮੈਂਬਰ ਪ੍ਰੋ. ਰਾਕੇਸ਼ ਕੋਛੜ, ਰਸ਼ਪਾਲ ਸਿੰਘ ਸੰਧੂ, ਜਸਵੰਤ ਸਿੰਘ ਰਾਏ, ਬਾਜ ਸਿੰਘ ਆਦਿ ਹਾਜਰ ਸਨ।

# ਪੀ ਐਸ ਪੀ ਸੀ ਐੱਲ ਵੱਲੋਂ ਜੂਨੀਅਰ ਇੰਜੀਨੀਅਰ ਮੁਅੱਤਲ



**ਚੰਡੀਗੜ੍ਹ, (ਗੁਰਜੀਤ ਬਿੱਲਾ )**-ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਦੇ ਨਿਰਦੇਸ਼ਾਂ 'ਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐੱਸ.ਪੀ.ਸੀ.ਐੱਲ.) ਨੇ ਡਿਸਟ੍ਰੀਬਿਊਸ਼ਨ ਡਿਵੀਜਨ ਬਠਿੰਡਾ ਅਧੀਨ ਤਾਇਨਾਤ ਸਬ ਡਵੀਜਨ ਗੋਨਿਆਣਾ ਦੇ ਜੂਨੀਅਰ ਇੰਜੀਨੀਅਰ ਗੁਰਵਿੰਦਰ ਸਿੰਘ ਨੂੰ ਸਰਕਾਰੀ ਡਿਊਟੀ ਦੌਰਾਨ ਬੇਨਿਯਮੀਆਂ ਅਤੇ ਅਣਗਹਿਲੀ ਦੇ ਦੋਸ਼ਾਂ ਤਹਿਤ ਮੁਅੱਤਲ ਕਰ ਦਿੱਤਾ ਹੈ। ਬਿਜਲੀ ਮੰਤਰੀ ਨੇ ਕਿਹਾ ਕਿ ਇਹ ਕਦਮ ਪੀ.ਐਸ.ਪੀ.ਸੀ.ਐਲ. ਨੂੰ ਵਟਸਐਪ ਰਾਹੀਂ ਮਿਲੀ ਸ਼ਿਕਾਇਤ ਦੇ ਆਧਾਰ 'ਤੇ ਚੁੱਕਿਆ ਗਿਆ ਹੈ। ਜ਼ਿਕਰਯੋਗ ਹੈ ਕਿ ਉਕਤ ਜੂਨੀਅਰ ਇੰਜੀਨੀਅਰ ਕਥਿਤ ਤੌਰ 'ਤੇ 11 ਕੇਵੀ ਫੀਡਰ ਦੀ 24 ਘੰਟੇ ਸਪਲਾਈ ਲਾਈਨ ਤੋਂ ਟਿਊਬਵੈੱਲ ਰੂਮ ਲਈ ਘਰੇਲੂ ਬਿਜਲੀ ਕੁਨੈਕਸ਼ਨ ਲਾਉਣ ਵਾਸਤੇ ਸ਼ਿਸਵਤ ਮੰਗ ਕਰ ਰਿਹਾ ਹੈ। ਪੀ.ਐਸ.ਪੀ.ਸੀ.ਐਲ. ਦੇ ਤਕਨੀਕੀ ਆਡਿਟ ਵਿੰਗ ਨੇ ਮੁੱਢਲੀ ਪੜਤਾਲ ਦੌਰਾਨ ਪਾਇਆ ਕਿ ਜੇ.ਈ. ਗੁਰਵਿੰਦਰ ਸਿੰਘ ਨੇ ਨਿਯਮਾਂ ਦੀ ਉਲੰਘਣਾ ਕਰਕੇ ਫਾਈਲ ਕਲੀਅਰ ਕੀਤੀ ਅਤੇ ਤਿੰਨ ਖੰਭਿਆਂ ਦਾ ਪ੍ਰਬੰਧ ਵੀ ਕੀਤਾ। ਜਾਂਚ ਦੇ ਚਲਦਿਆਂ ਸਾਈਟ ਦੇ ਦੌਰੇ ਦੌਰਾਨ ਜੇ.ਈ. ਗੁਰਵਿੰਦਰ ਸਿੰਘ ਨੇ ਮੰਨਿਆ ਕਿ ਸਬੰਧਤ ਸਾਈਟ ਪੀ.ਐਸ.ਪੀ.ਸੀ.ਐਲ. ਦੇ ਨਿਯਮਾਂ ਅਨੁਸਾਰ ਘਰੇਲੂ ਕੁਨੈਕਸ਼ਨ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੀ। ਦੱਸਣਯੋਗ ਹੈ ਕਿ ਮਾਮਲੇ ਦੀ ਹੋਰ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਸਿਹਤ ਵਿਭਾਗ ਵੱਲੋਂ ਨਰਸਾਂ ਦੇ ਯੋਗਦਾਨ ਨੂੰ ਦਰਸਾਉਂਦਾ ਪੋਸਟਰ ਜਾਰੀ



**\ਚੰਡੀਗੜ੍ਹ, (ਗੁਰਜੀਤ ਬਿੱਲਾ)-** ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੰਤਰਰਾਸ਼ਟਰੀ ਨਰਸ ਦਿਵਸ ਦੀ ਪੂਰਵ ਸੰਧਿਆ 'ਤੇ ਮਨੁੱਖਤਾ ਦੀ ਬਿਹਤਰੀ ਲਈ ਨਿਰਸਵਾਰਥ ਅਤੇ ਸਮਰਪਿਤ ਸੇਵਾਵਾਂ ਦੇਣ ਲਈ ਪੰਜਾਬ ਦੀਆਂ ਨਰਸਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਨਰਸਾਂ ਸਿਹਤ ਸੰਭਾਲ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ, ਅਤੇ ਉਨ੍ਹਾਂ ਦਾ ਤਜਰਬਾ ਅਤੇ ਮੁਹਾਰਤ ਸਿਹਤ ਸੰਭਾਲ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਬਹੁਤ ਜਰੂਰੀ ਹੈ। ਪੰਜਾਬ ਵਿੱਚ ਕੋਵਿਡ-19 ਮਹਾਂਮਾਰੀ ਦੇ ਸਮੇਂ ਦੌਰਾਨ ਨਰਸਾਂ ਮੋਹਰਲੀ ਕਤਾਰ ਵਿੱਚ ਰਹੀਆਂ, ਜਿਨ੍ਹਾਂ ਨੇ ਮਰੀਜਾਂ ਨੂੰ ਢੁੱਕਵੀਂ ਦੇਖਭਾਲ ਪ੍ਰਦਾਨ ਕਰਨ ਦੇ ਨਾਲ ਨਾਲ ਇਸ ਔਖੀ ਘੜੀ ਵਿੱਚ ਉਨ੍ਹਾਂ ਦੇ ਪਰਿਵਾਰਾਂ ਦਾ ਵੀ ਖਿਆਲ ਰੱਖਿਆ। ਉਨ੍ਹਾਂ ਅੱਗੇ ਕਿਹਾ ਕਿ ਨਰਸਾਂ ਦੁਆਰਾ ਸਿਹਤ ਸੰਭਾਲ ਪ੍ਰਣਾਲੀ ਵਿੱਚ ਨਿਭਾਈ ਜਾਂਦੀ ਭੂਮਿਕਾ ਅਤੇ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦੇਣਾ ਬਹੁਤ ਮਹੱਤਵਪੂਰਨ ਹੈ। ਜ਼ਿਕਰਯੋਗ ਹੈ ਕਿ ਨਰਸਾਂ ਦੁਆਰਾ ਸਿਹਤ ਸੰਭਾਲ ਅਤੇ ਸਮੁੱਚੇ ਸਮਾਜ ਲਈ ਪਾਏ ਬੇਮਿਸਾਲ ਯੋਗਦਾਨ ਨੂੰ ਮਾਨਤਾ ਦੇਣ ਲਈ ਅੰਤਰਰਾਸ਼ਟਰੀ ਨਰਸ ਦਿਵਸ ਹਰ ਸਾਲ 12 ਮਈ ਨੂੰ ਵਿਸਵ ਪੱਧਰ 'ਤੇ ਮਨਾਇਆ ਜਾਂਦਾ ਹੈ । ਇਹ ਦਿਨ ਫਲੋਰੈਂਸ ਨਾਈਟਿੰਗੇਲ ਨਾਂਅ ਦੀ ਨਰਸ ਨੂੰ ਸ਼ਰਧਾਂਜਲੀ ਦੇਣ ਵਜੋਂ ਮਨਾਇਆ ਜਾਂਦਾ ਹੈ, ਜਿਸ ਨੇ ਮਨੁੱਖਤਾ ਦੀ ਸੇਵਾ ਕਰਦਿਆਂ 1853-1856 ਦੇ ਸਾਲਾਂ ਵਿੱਚ ਕਰੀਮੀਆ ਦੇ ਯੁੱਧ ਦੌਰਾਨ ਕਈ ਸੈਨਿਕਾਂ ਦੀਆਂ ਜਾਨਾਂ ਬਚਾਈਆਂ ਅਤੇ ਸਮਰਪਣ ਨਾਲ ਨਿਰਸਵਾਰਥ ਸੇਵਾ ਦੀ ਮਿਸਾਲ ਕਾਇਮ ਕੀਤੀ। ਸਾਲ 1974 ਵਿੱਚ ਅੰਤਰਰਾਸਟਰੀ ਨਰਸਿੰਗ ਕੌਂਸਲ ਨੇ ਇਸ ਦਿਨ ਨੂੰ ਅੰਤਰਰਾਸ਼ਟਰੀ ਨਰਸ ਦਿਵਸ ਵਜੋਂ ਪ੍ਰਵਾਨਗੀ ਦਿੱਤੀ। ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਡਾ. ਆਦਰਸਪਾਲ ਕੌਰ ਨੇ ਦੱਸਿਆ ਕਿ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਇਹ ਦਿਵਸ ਸੂਬੇ ਭਰ ਵਿੱਚ ਵੱਖ-ਵੱਖ ਸਮਾਗਮਾਂ ਅਤੇ ਗਤੀਵਿਧੀਆਂ ਕਰਵਾ ਕੇ ਮਨਾਇਆ ਜਾ ਰਿਹਾ ਹੈ। ਸਿਹਤ ਸੇਵਾਵਾਂ (ਪਰਵਾਰ ਭਲਾਈ) ਡਾ. ਰਵਿੰਦਰ ਪਾਲ ਕੌਰ ਨੇ ਕਿਹਾ ਕਿ ਇਸ ਸਾਲ ਦੇ ਅੰਤਰਰਾਸ਼ਟਰੀ ਨਰਸ ਦਿਵਸ ਦਾ ਵਿਸ਼ਾ 'ਸਾਡੀਆਂ ਨਰਸਾਂ ਸਾਡਾ ਭਵਿੱਖ' ਹੈ। ਇਸ ਮੌਕੇ ਡਾ. ਰਵਿੰਦਰਪਾਲ ਕੌਰ ਨੇ ਡਾਇਰੈਕਟਰ ਨੈਸਨਲ ਹੈਲਥ ਮਿਸਨ ਡਾ. ਐਸ.ਪੀ. ਸਿੰਘ ਨਾਲ ਅੰਤਰਰਾਸਟਰੀ ਨਰਸ ਦਿਵਸ ਮੌਕੇ ਨਰਸਾਂ ਦੇ ਯੋਗਦਾਨ ਨੂੰ ਦਰਸਾਉਂਦਾ ਪੋਸਟਰ ਰਿਲੀਜ ਕੀਤਾ।

ਇਸ ਮੌਕੇ ਪ੍ਰਿੰਸੀਪਲ ਐਸ.ਆਈ.ਐਚ..ਐਫ. ਡਬਲਿਊ ਡੀ.ਆਰ. ਜਸਵਿੰਦਰ ਕੁਮਾਰੀ ਅਤੇ ਸਟੇਟ ਪ੍ਰੋਗਰਾਮ ਅਫਸਰ (ਐਮ.ਸੀ.ਐਚ.) ਡਾ. ਇੰਦਰਦੀਪ ਕੌਰ ਵੀ ਮੌਜੂਦ ਸਨ।

# ਸ਼੍ਰੋਮਣੀ ਕਮੇਟੀ ਨੇ ਚੱਪੜਚਿੜੀ ਤੋਂ ਸ੍ਰੀ ਫ਼ਤਹਿਗੜ੍ਹ ਸਾਹਿਬ ਤੱਕ ਸਜਾਇਆ ਫ਼ਤਹਿ ਮਾਰਚ



**ਮੋਹਾਲੀ (ਗੁਰਜੀਤ ਬਿੱਲਾ)** -ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕੀਤੀ ਗਈ ਸਰਹਿੰਦ ਫ਼ਤਹਿ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਹੰਗ ਸਿੰਘ ਜਥੇਬੰਦੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਫ਼ਤਹਿ-ਏ-ਜੰਗ ਸਾਹਿਬ ਚੱਪੜਚਿੜੀ ਤੋਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੱਕ ਫ਼ਤਹਿ ਮਾਰਚ ਸਜਾਇਆ ਗਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜਾਏ ਗਏ ਫ਼ਤਹਿ ਮਾਰਚ ਸਮੇਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਸੀਨੀਅਰ ਅਕਾਲੀ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ, ਨਿਹੰਗ ਸਿੰਘ ਜਥੇਬੰਦੀਆਂ, ਧਾਰਮਿਕ ਸਭਾ ਸੁਸਾਇਟੀਆਂ, ਬੈਂਡ ਤੇ ਗੱਤਕਾ ਪਾਰਟੀਆਂ ਨੇ ਖ਼ਾਲਸਾਈ ਜਾਹੋ-ਜਲਾਲ ਨਾਲ ਸ਼ਮੂਲੀਅਤ ਕੀਤੀ। ਫ਼ਤਹਿ ਮਾਰਚ ਦੀ ਆਰੰਭਤਾ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸਜੇ ਧਾਰਮਿਕ ਦੀਵਾਨ ਵਿਚ ਰਾਗੀ, ਢਾਡੀ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਤੇ ਸਿੱਖ ਕੌਮ ਦੇ ਸ਼ਾਨਾਮੱਤੇ ਇਤਿਹਾਸ ਨਾਲ ਜੋੜਿਆ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਥਾਪੜਾ ਲੈ ਕੇ ਜ਼ੁਲਮ ਦਾ ਖਾਤਮਾ ਕਰਨ ਤੁਰੇ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਅਸਥਾਨ 'ਤੇ ਜਾਲਮ ਹਕੂਮਤ 'ਤੇ ਫ਼ਤਹਿ ਹਾਸਲ ਕੀਤੀ।

ਇਹ ਸਿੱਖ ਇਤਿਹਾਸ ਦਾ ਸੁਨਹਿਰੀ ਪੰਨ੍ਹਾ ਹੈ, ਜੋ ਭਵਿੱਖ ਦੀਆਂ ਪੀੜ੍ਹੀਆਂ ਲਈ ਸਦਾ ਪ੍ਰੇਰਨਾ ਬਣਿਆ ਰਹੇਗਾ। ਅਕਾਲੀ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸਿੱਖ ਯੋਧਿਆਂ ਵੱਲੋਂ ਇਸ ਧਰਤੀ 'ਤੇ ਸਿਰਜੇ ਇਤਿਹਾਸ 'ਤੇ ਸਿੱਖ ਕੌਮ ਨੂੰ ਸਦਾ ਮਾਣ ਰਹੇਗਾ।

ਇਸੇ ਦੌਰਾਨ ਚਪੜਚਿੜੀ ਤੋਂ ਸ੍ਰੀ ਫ਼ਤਹਿਗੜ੍ਹ ਸਾਹਿਬ ਤੱਕ ਸੰਗਤਾਂ ਵੱਲੋਂ ਫ਼ਤਹਿ ਮਾਰਚ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਵੱਖ-ਵੱਖ ਪਕਵਾਨਾਂ ਦੇ ਲੰਗਰ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ।

# ਗੈਸ ਰਿਸਾਵ ਦੀ ਲਪੇਟ 'ਚ ਆਏ ਤਿੰਨ ਦਰਜਨ ਬੱਚੇ



**ਨੰਗਲ, (ਨਵਾਂ ਜ਼ਮਾਨਾ ਸਰਵਿਸ)**

ਨਯਾ ਨੰਗਲ ਫੋਕਲ ਪੁਆਇੰਟ ਲਾਗੇ ਲੱਗੀਆਂ ਕੰਪਨੀਆਂ ਵਿਚੋਂ ਕਿਸੇ ਇੱਕ ਕੰਪਨੀ 'ਚ ਹੋਏ ਗੈਸ ਰਿਸਾਵ ਦੇ ਕਾਰਨ, ਬਿਲਕੁਲ ਨਾਲ ਬਣੇ ਨਿੱਜੀ ਸੈਂਟ ਸੋਲਜ਼ਰ ਡਿਵਾਇਨ ਪਬਲਿਕ ਸਕੂਲ ਦੇ ਤਿੰਨ ਦਰਜਨ ਦੇ ਕਰੀਬ ਬੱਚੇ ਕੁਝ ਟੀਚਰਾਂ ਸਣੇ ਗੈਸ ਦੀ ਲਪੇਟ ਵਿੱਚ ਆ ਗਏ। ਜਿਨ੍ਹਾਂ ਨੂੰ ਐਬੂਲੈਂਸ ਤੇ ਪ੍ਰਾਈਵੇਟ ਗੱਡੀਆਂ ਰਾਹੀਂ ਇਲਾਕੇ ਦੇ ਹਸਤਪਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ। ਕਿਹੜੀ ਗੈਸ ਅਤੇ ਕਿਸ ਕੰਪਨੀ ਦੀ ਗੈਸ ਲੀਕੇਜ਼ ਕਾਰਨ ਇਹ ਹਾਦਸਾ ਵਾਪਰਿਆ, ਹਾਲੇ ਤੱਕ ਕੁਝ ਪਤਾ ਨਹੀਂ ਲੱਗਾ, ਉਸਦੀ ਜਾਂਚ ਚੱਲ ਰਹੀ ਹੈ। ਘਟਨਾ ਸਵੇਰੇ 8 ਵਜੇ ਦੇ ਕਰੀਬ ਵਾਪਰਨੀ ਸ਼ੁਰੂ ਹੋਏ ਤੇ ਘਟਨਾ ਦੀ ਜਾਣਕਾਰੀ ਮਿਲਦਿਆਂ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਵਿਧਾਇਕ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਜ਼ਿਲ੍ਹੇ ਦੇ ਸਾਰੇ ਸਰਕਾਰੀ ਤੰਤਰ ਸਣੇ ਸਕੂਲ 'ਚ ਪੁੱਜੇ ਤੇ ਉਨ੍ਹਾਂ ਖ਼ੁਦ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮਿਲਕੇ ਸਕੂਲੀ ਬੱਚਿਆਂ ਨੂੰ ਐਂਬੂਲੈਂਸ 'ਚ ਪਾਇਆ ਤੇ ਸਕੂਲ ਨੂੰ ਜਲਦ ਤੋਂ ਜਲਦ ਖਾਲ੍ਹੀ ਕਰਨ ਦੇ ਹੁਕਮ ਜਾਰੀ ਕੀਤੇ। ਚਰਚਾ ਆਮ ਹੋ ਰਹੀ ਸੀ ਕਿ ਫੋਕਲ ਪੁਆਇੰਟ ਲਾਗੇ ਬਣੇ ਸਕੂਲ ਫੈਕਟਰੀਆਂ ਦੇ ਬਾਰੂਦ ਦੇ ਢੇਰ 'ਤੇ ਹਨ ਤੇ ਬੱਚਿਆਂ ਦੀ ਜਿੰਦਗੀ ਹਰ ਸਮੇਂ ਖ਼ਤਰੇ ਵਿੱਚ ਹੈ।

ਡੀ ਸੀ ਰੂਪਨਗਰ ਪ੍ਰੀਤੀ ਯਾਦਵ, ਐਸ ਡੀ ਐਮ ਮਨੀਸ਼ਾ ਰਾਣਾ ਤੇ ਉਚ ਪੁਲਸ ਅਫਸਰਾਂ ਨੇ ਘਟਨਾ ਦੀ ਜਾਣਕਾਰੀ ਹਾਸਲ ਕੀਤੀ ਤੇ ਸਕੂਲ ਡਾਇਰੈਕਟਰ ਤੋਂ ਵੀ ਪੁੱਛਗਿੱਛ ਕੀਤੀ। ਦੱਸਿਆ ਜਾ ਰਿਹਾ ਹੈ ਕਿ ਮੈਡਮ ਸੋਨਿਕਾ ਪੁਰੀ ਸਣੇ 28 ਦੇ ਕਰੀਬ ਬੱਚੇ ਗੈਸ ਰਿਸਾਵ ਦੀ ਲਪੇਟ ਵਿੱਚ ਆਏ ਹਨ।

ਬੈਂਸ ਨੇ ਸਕੂਲ ਦੇ ਕਰੀਬ 2400 ਦੇ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਘਬਰਾਉਣ ਦੀ ਲੋੜ ਨਹੀਂ, ਸਾਰੇ ਬੱਚੇ ਸੁਰੱਖਿਅਤ ਹਨ ਤੇ ਜੋ ਬੱਚੀ ਪੀਜੀਆਈ ਰੈਫਰ ਕੀਤੀ ਗਈ ਹੈ, ਉਸ ਨਾਲ ਸਥਾਨਕ ਡਾਕਟਰ ਭੇਜੇ ਗਏ ਹਨ ਤੇ ਉਸਦੀ ਹਾਲਤ ਵੀ ਹੁਣ ਠੀਕ ਦੱਸੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜੋ ਵੀ ਕੰਪਨੀ ਜਾਂ ਸਕੂਲ ਦੋਸ਼ੀ ਪਾਇਆ ਗਿਆ, ਉਸ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਮੂਸਾਪਰ ਦੇ ਦਰਿਆ 'ਚ ਰੁੜ੍ਹੇ ਵਿਅਕਤੀ ਦੀ ਲਾਸ਼ ਬਰਾਮਦ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ )**-ਪਿਛਲੇ ਦਿਨੀਂ ਪਿੰਡ ਚੌਂਤਾ ਲਾਗੇ ਸਤਲੁਜ ਦਰਿਆ ਵਿੱਚ ਕਿਸ਼ਤੀ ਡੁੱਬ ਗਈ ਸੀ ਜਿਸ ਕਾਰਨ ਸਵਾਰ 7 ਵਿਅਕਤੀਆਂ ਵਿਚੋਂ ਇਕ ਦੀ ਡੁੱਬਣ ਕਾਰਨ ਮੌਤ ਹੋ ਗਈ ਸੀ ਜਦ ਕਿ ਇੱਕ ਵਿਅਕਤੀ ਦਰਿਆ ਵਿਚ ਰੁੜ ਗਿਆ ਸੀ ਜਿਸ ਦੀ ਲਾਸ਼ ਬਰਾਮਦ ਹੋ ਗਈ ਹੈ। ਮ੍ਰਿਤਕ ਦੀ ਪਛਾਣ ਭਗਤ ਰਾਮ, ਉਮਰ 50 ਸਾਲ, ਪੁੱਤਰ ਸਦਾ ਰਾਮ ਵਾਸੀ ਮੂਸਾਪੁਰ ਵਜੋਂ ਹੋਈ ਹੈ। ਇਸ ਹਾਦਸੇ ਦੌਰਾਨ ਕਿਸ਼ਤੀ ਵਿੱਚ ਸਵਾਰ ਪੰਜ ਹੋਰ ਵਿਅਕਤੀਆਂ ਨੂੰ ਬਚਾ ਲਿਆ ਗਿਆ ਸੀ। ਦਰਿਆ ਵਿੱਚ ਰੁੜ੍ਹੇ ਵਿਅਕਤੀ ਦੀ ਭਾਲ ਨੂੰ ਲੈ ਕੇ ਭਾਵੇਂ ਪਹਿਲਾਂ ਵੀ ਯਤਨ ਕੀਤੇ ਗਏ ਸਨ ਪ੍ਰੰਤੂ ਸਫਲਤਾ ਨਾ ਮਿਲਣ ਕਾਰਨ ਮੁੜ ਤੋਂ ਉਕਤ ਵਿਅਕਤੀ ਦੀ ਭਾਲ ਨੂੰ ਲੈ ਕੇ ਦਰਿਆ ਵਿੱਚ ਸਰਚ ਅਭਿਆਨ ਚਲਾਇਆ ਗਿਆ ਤੇ ਇਸ ਦੌਰਾਨ ਵਿਅਕਤੀ ਦੀ ਲਾਸ਼ ਸਤਲੁਜ ਦਰਿਆ ਵਿੱਚੋਂ ਬਰਾਮਦ ਹੋ ਗਈ ਹੈ। ਦੱਸਣਯੋਗ ਹੈ ਕੇ ਉਕਤ ਵਿਅਕਤੀ ਸਤਲੁਜ ਦਰਿਆ ਤੋਂ ਪਾਰ ਲਗਦੇ ਖੇਤਾਂ ਵਿੱਚੋਂ ਕੰਮ ਕਰਕੇ ਵਾਪਸ ਆ ਰਹੇ ਸਨ ਤਾਂ ਇਸ ਦੌਰਾਨ ਇਹ ਦਰਦਨਾਕ ਹਾਦਸਾ ਵਾਪਰ ਗਿਆ ਸੀ। ਪਿੰਡ ਦੇ ਮੋਹਤਬਰ ਵਿਅਕਤੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਪੀੜਤਾਂ ਪਰਵਾਰਾਂ ਨੂੰ ਮੁਆਵਜੇ ਵਜੋਂ ਰਾਹਤ ਰਾਸ਼ੀ ਪ੍ਰਦਾਨ ਕੀਤੀ ਜਾਵੇ।

# ਸਿਹਤ ਵਿਭਾਗ ਨੇ ਮਲੇਰੀਆ ਤੇ ਡੇਂਗੂ ਪ੍ਰਤੀ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ




**ਫਗਵਾੜਾ (ਡਾ. ਰਮਨ )** ਸਿਵਲ ਸਰਜਨ ਡਾ. ਰਾਜਵਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਕਪੂਰਥਲਾ ਦੇ ਵੱਖ-ਵੱਖ ਸਕੂਲਾਂ ਵਿੱਚ ਮਲੇਰੀਆ,ਡੇਂਗੂ ਅਤੇ ਚਿਕਨਗੁਨੀਆ ਵਰਗੀਆਂ ਬਿਮਾਰੀਆਂ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਦੇ ਮਨੋਰਥ ਨਾਲ ਡਰਾਇੰਗ ਕੰਪੀਟਿਸ਼ਨ, ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਅਤੇ ਵਿਦਿਆਰਥੀਆਂ ਵਲੋਂ ਸਿਹਤ ਜਾਗਰੂਕਤਾ ਰੈਲੀ ਵੀ ਕੱਢੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਰਾਜਵਿੰਦਰ ਕੌਰ ਨੇ ਦੱਸਿਆ ਕਿ ਗਰਮੀਆਂ ਦੇ ਮੌਸਮ ਵਿਚ ਮੱਛਰਾਂ ਦੀ ਭਰਮਾਰ ਹੋ ਜਾਂਦੀ ਹੈ ਤੇ ਇਹ ਮੱਛਰ ਮਲੇਰੀਆ,ਡੇਂਗੂ, ਚਿਕਨਗੁਨੀਆ ਵਰਗੀਆਂ ਬਿਮਾਰੀਆਂ ਦਾ ਕਾਰਨ ਬਣਦੇ ਹਨ। ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਜ਼ਿਲ੍ਹੇ 'ਚ ਵੱਖ-ਵੱਖ ਥਾਵਾਂ 'ਤੇ ਵਾਟਰ ਕੂਲਰਾਂ ਅਤੇ ਕੂਲਰਾਂ ਨੂੰ ਚੈੱਕ ਕੀਤਾ ਗਿਆ। ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਨੰਦਿਕਾ ਖੁੱਲਰ ਨੇ ਦੱਸਿਆ ਕਿ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਵਰਗੀਆਂ ਬਿਮਾਰੀਆਂ ਪ੍ਰਤੀ ਵਿਦਿਆਰਥੀਆਂ ਵਿਚ ਜਾਗਰੂਕਤਾ ਫੈਲਾਉਣ ਦੇ ਮਕਸਦ ਨਾਲ ਗੁਰੂ ਅਮਰਦਾਸ ਪਬਲਿਕ ਸਕੂਲ ਵਿੱਚ ਡਰਾਇੰਗ ਕੰਪੀਟਿਸ਼ਨ, ਸਰਕਾਰੀ ਹਾਈ ਸਕੂਲ ਮਹਿਤਾਬਗੜ੍ਹ ਵਿਖੇ ਪ੍ਰਸ਼ਨੋਤਰੀ ਮੁਕਾਬਲੇ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਕਪੂਰਥਲਾ ਵਿਖੇ ਵਿਦਿਆਰਥੀਆਂ ਵਲੋਂ ਡੇਂਗੂ, ਮਲੇਰੀਆ ਦੇ ਪੋਸਟਰ ਹੱਥਾਂ ਵਿਚ ਫੜਕੇ ਜਾਗਰੂਕਤਾ ਰੈਲੀ ਕੱਢੀ ਗਈ। ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਨੰਦਿਤਾ ਖੁੱਲਰ ਨੇ ਦੱਸਿਆ ਕਿ ਜ਼ਿਲ੍ਹਾ ਕਪੂਰਥਲਾ ਦੇ ਵੱਖ-ਵੱਖ ਬਲਾਕਾਂ 'ਚ ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਲੋਕਾਂ ਨੂੰ "ਡਰਾਈ ਡੇ" ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਕਾਂਬੇ ਨਾਲ ਬੁਖਾਰ ਚੜ੍ਹਨ 'ਤੇ ਖੂਨ ਦੀ ਜਾਂਚ ਕਰਵਾਵੋ। ਮਲੇਰੀਆ ਦੀ ਪੁਸ਼ਟੀ ਹੋਣ 'ਤੇ ਸਿਵਲ ਹਸਪਤਾਲ ਤੋਂ ਮੁਫਤ ਇਲਾਜ ਕਰਵਾਵੋ। ਇਸ ਮੌਕੇ ਡਿਪਟੀ ਮਾਸ ਮੀਡੀਆ ਅਫਸਰ ਰਨਦੀਪ ਸਿੰਘ, ਡਿਪਟੀ ਮਾਸ ਮੀਡੀਆ ਅਫਸਰ ਸੁਖਦਿਆਲ ਸਿੰਘ ,ਏਐਮਓ ਕਮਲ ਬਲਰਾਜ ਸਿੰਘ,ਐਸ ਆਈ ਗੁਰਬੀਰ ਸਿੰਘ, ਮਲਟੀਪਰਪਜ ਹੈਲਥ ਵਰਕਰ ਬਲਜੀਤ ਸਿੰਘ, ਹਰਦੀਪ ਸਿੰਘ, ਸੁਖਵਿੰਦਰ ਸਿੰਘ, ਸੁਰਿੰਦਰਪਾਲ ਸਿੰਘ, ਸਕੂਲਾਂ ਦੇ ਅਧਿਆਪਕ ਅਤੇ ਵੱਡੀ ਗਿਣਤੀ ਵਿਚ ਵਿਦਿਆਰਥੀ ਹਾਜਰ ਸਨ।

# ਕੁਲ ਹਿੰਦ ਕਿਸਾਨ ਸਭਾ ਤੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਮਹਿਲਾ ਪਹਿਲਵਾਨਾਂ ਦਾ ਸਮਰਥਨ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** -ਬਲਾਕ ਸੁਲਤਾਨਪੁਰ ਲੋਧੀ ਦੇ ਸੰਯੁਕਤ ਕਿਸਾਨ ਮੋਰਚਾ ਅਤੇ ਕੁੱਲ ਹਿੰਦ ਕਿਸਾਨ ਸਭਾ ਦੀ ਅਗਵਾਈ ਵਿਚ ਇਕੱਠੇ ਹੋਏ ਸਾਥੀਆਂ ਨੇ ਜੰਤਰ ਮੰਤਰ ਦਿੱਲੀ ਵਿਖੇ ਮਹਿਲਾ ਪਹਿਲਵਾਨ ਅੰਦੋਲਨਕਾਰੀਆਂ ਦੇ ਪਿਛਲੇ ਦੋ ਹਫਤਿਆਂ ਦੇ ਦਿਨ ਰਾਤ ਦੇ ਧਰਨੇ ਦੇ ਸਮਰਥਨ ਵਿੱਚ ਪ੍ਰਦਰਸ਼ਨ ਕੀਤਾ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦਾਅਵੇ ਤਾਂ 'ਬੇਟੀ ਬਚਾਓ ਬੇਟੀ ਪੜ੍ਹਾਓ' ਅਤੇ 'ਖੇਲੋ ਇੰਡੀਆ' ਦੇ ਕਰਦੀ ਹੈ ਪਰ ਅਮਲ ਇਸ ਦੇ ਉਲਟ ਕਰ ਰਹੀ ਹੈ।

ਕੁਸ਼ਤੀ ਵਿਚ ਤਗਮੇ ਜਿੱਤ ਕੇ ਲਿਆਉਣ ਅਤੇ ਦੇਸ਼ ਦਾ ਨਾਂਅ ਰੌਸ਼ਨ ਕਰਨ ਵਾਲੀਆਂ ਧੀਆਂ ਦਾ ਯੌਨ ਸੋਸ਼ਣ ਕਰਨ ਵਾਲੇ ਭਾਰਤੀ ਕੁਸ਼ਤੀ ਸੰਘ ਦੇ ਮੁਖੀ ਬ੍ਰਿਜ ਭੂਸ਼ਣ ਸਰਨ ਸਿੰਘ ਨੂੰ ਹਾਲੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ। ਇਸ ਸਮੇਂ ਰਜਿੰਦਰ ਸਿੰਘ ਰਾਣਾ, ਮਾਸਟਰ ਚਰਨ ਸਿੰਘ ਹੈਬਤਪੁਰ ਸਕੱਤਰ ਜ਼ਿਲ੍ਹਾ ਕਪੂਰਥਲਾ, ਮੁਕੰਦ ਸਿੰਘ, ਮਲਕੀਤ ਸਿੰਘ, ਰਘਬੀਰ ਸਿੰਘ, ਜਸਵਿੰਦਰ ਸਿੰਘ ਮੰਗੂਵਾਲ ,ਬਲਵਿੰਦਰ ਸਿੰਘ ਬਾਜਵਾ, ਮਾਸਟਰ ਸੁੱਚਾ ਸਿੰਘ ਮਿਰਜਾਪੁਰ, ਪਲਵਿੰਦਰ ਸਿੰਘ, ਸਰਵਣ ਸਿੰਘ ਭੌਰ ,ਅਮਰਜੀਤ ਸਿੰਘ, ਸੁਖਵਿੰਦਰ ਸਿੰਘ, ਸੁਖਦੇਵ ਸਿੰਘ, ਕੁਲਦੀਪ ਸਿੰਘ , ਚਰਨਜੀਤ ਸਿੰਘ, ਰਾਮਦੂਰ ਸਿੰਘ , ਬਲਦੇਵ ਸਿੰਘ , ਕੁਲਵੰਤ ਸਿੰਘ ,ਹਰਬੰਸ ਸਿੰਘ ਮੱਟੂ ,ਰਣਜੀਤ ਸਿੰਘ ਰਾਣਾ, ਦਿਆਲ ਸਿੰਘ, ਮਦਨ ਲਾਲ ਕੰਡਾ ,ਸੁਰਜੀਤ ਸਿੰਘ ਟਿੱਬਾ, ਜਸਬੀਰ ਸਿੰਘ,ਨਿਰਮਲ ਸਿੰਘ ਸ਼ੇਰਪੁਰ ਸੱਧਾ ਪੇਂਡੂ ਮਜ਼ਦੂਰ ਯੂਨੀਅਨ, ਮੁਖਤਾਰ ਸਿੰਘ ਚੰਦੀ ਸਾਹਿਤ ਸਭਾ, ਦਿਆਲ ਸਿੰਘ ਦੀਪੇਵਾਲ, ਨਵਦੀਪ ਸਿੰਘ, ਜੋਗਿੰਦਰ ਸਿੰਘ ਜੋਸ਼, ਸੁਰਜੀਤ ਸਿੰਘ ਠੱਟਾ, ਨੰਬਰਦਾਰ ਹਰਵੰਤ ਸਿੰਘ ਮੋਠਾਂਵਾਲਾ, ਪਰਮਜੀਤ ਸਿੰਘ, ਮਹਿੰਦਰ ਸਿੰਘ ਬਾਜਾ, ਬਲਕਾਰ ਸਿੰਘ, ਮਲਕੀਤ ਸਿੰਘ ਮੀਰੇ, ਗੁਰਦੀਪ ਸਿੰਘ, ਸੀਤਲ ਸਿੰਘ, ਸਵਰਨ ਸਿੰਘ, ਟਹਿਲ ਸਿੰਘ, ਬਲਵਿੰਦਰ ਸਿੰਘ, ਪਰਗਨ ਸਿੰਘ, ਰਾਜਬੀਰ ਸਿੰਘ, ਬਲਵਿੰਦਰ ਸਿੰਘ, ਸੁਖਦੇਵ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਹਾਜਰ ਸਨ।

# ਬ੍ਰਿਜ ਭੂਸ਼ਨ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ-ਤਲਵਾੜਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਨੇ ਧਰਨੇ 'ਤੇ ਬੈਠੀਆਂ ਮਹਿਲਾ ਪਹਿਲਵਾਨਾਂ ਦੇ ਹੱਕ 'ਚ ਆਵਾਜ਼ ਬੁਲੰਦ ਕੀਤੀ ਹੈ। ਇੱਥੇ ਇੱਕ ਸਾਂਝੇ ਬਿਆਨ 'ਚ ਸੰਘਰਸ਼ ਕਮੇਟੀ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ, ਸਹਾਇਕ ਵਿੱਤ ਸਕੱਤਰ ਵਰਿੰਦਰ ਵਿੱਕੀ ਅਤੇ ਤਹਿਸੀਲ ਮੁਕੇਰੀਆਂ ਕਨਵੀਨਰ ਰਜਨ ਮਹਾਜਨ ਨੇ ਕੇਂਦਰ ਸਰਕਾਰ ਦੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਨਾਅਰੇ ਨੂੰ ਮਹਿਜ਼ ਡਰਾਮਾ ਕਰਾਰ ਦਿੱਤਾ ਹੈ। ਵਿਸ਼ਵ ਭਰ 'ਚ ਨਾਮਣਾ ਖੱਟਣ ਅਤੇ ਦੇਸ਼ ਦਾ ਨਾਂਅ ਰੋਸ਼ਨ ਕਰਨ ਵਾਲੀਆਂ ਧੀਆਂ ਨੂੰ ਆਪਣੇ ਨਾਲ ਹੋਏ ਧੱਕੇ ਖ਼ਿਲਾਫ਼ ਦਿੱਲੀ ਦੇ ਜੰਤਰ ਮੰਤਰ 'ਤੇ ਧਰਨਾ ਦੇਣ ਲਈ ਮਜ਼ਬੂਰ ਹੋਣਾ ਪਿਆ ਹੈ, ਇਸ ਮਾਮਲੇ 'ਚ ਮੁੱਖ ਮੁਲਜ਼ਮ ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਅਤੇ ਭਾਜਪਾ ਸਾਂਸਦ ਬ੍ਰਿਜ ਭੂਸ਼ਨ ਵਿਰੁਧ ਪੋਕਸੋ ਐਕਟ ਤਹਿਤ ਮਾਮਲਾ ਦਰਜ ਹੋਣ ਦੇ ਬਾਵਜੂਦ ਆਜ਼ਾਦ ਘੁੰਮ ਰਿਹਾ ਹੈ। ਹਰ ਮਹੀਨੇ ਦੇਸ਼ ਵਾਸੀਆਂ ਨਾਲ ਮਨ ਕੀ ਬਾਤ ਕਰਨ ਵਾਲੇ ਪ੍ਰਧਾਨ ਮੰਤਰੀ ਮੋਦੀ ਵੀ ਦੇਸ਼ ਦੀਆਂ ਨਾਮਵਾਰ ਪਹਿਲਵਾਨਾਂ ਦੇ ਮਨ ਦੀ ਬਾਤ ਸੁਣਨ 'ਚ ਨਾਕਾਮ ਰਹੇ ਹਨ।

ਆਗੂਆਂ ਨੇ ਯੂਪੀ ਦੇ ਕੇਸਰਗੰਜ ਲੋਕ ਸਭਾ ਹਲਕੇ ਤੋਂ ਭਾਜਪਾ ਸਾਂਸਦ ਅਤੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ਼ ਭੂਸ਼ਨ ਨੂੰ ਤੁਰੰਤ ਅਹੁਦੇ ਤੋਂ ਬਰਖਾਸਤ ਕਰਕੇ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਸ ਮੌਕੇ ਨਰਿੰਦਰ ਅਜਨੋਹਾ, ਨਿਰਮਲ ਸਿੰਘ,ਬਲਵਿੰਦਰ ਟਾਂਕ, ਬ੍ਰਿਜਮੋਹਨ, ਪਰਮਜੀਤ ਸਿੰਘ, ਅਜਮੇਰ ਸਿੰਘ ਅਤੇ ਸਤੀਸ਼ ਕੁਮਾਰ ਮੁਕੇਰੀਆਂ ਹਾਜ਼ਰ ਸਨ।

# ਪੰਜਾਬ ਖੇਤ ਮਜ਼ਦੂਰ ਸਭਾ ਦੀ ਸੱਤ ਮੈਂਬਰੀ ਕਮੇਟੀ ਦਾ ਗਠਨ

**ਨਵਾ ਸ਼ਹਿਰ (ਪੱਤਰ ਪ੍ਰੇਰਕ)** ਪੰਜਾਬ ਖੇਤ ਮਜ਼ਦੂਰ ਸਭਾ ਦੀ ਮੀਟਿੰਗ ਪਿੰਡ ਵਿਚ ਬਹਿਲੂਰ ਕਲਾ ਵਿਖੇ ਬੀਬੀ ਕਸ਼ਮੀਰ ਕੌਰ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾ,ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਤੰਤਰ ਕੁਮਾਰ ਨਵਾਂਸ਼ਹਿਰ,ਸੂਬਾ ਕਮੇਟੀ ਮੈਂਬਰ ਕਾਮਰੇਡ ਨਿਰੰਜਣ ਦਾਸ ਮੇਹਲੀ, ਕਿਸਾਨ ਸਭਾ ਦੇ ਆਗੂ ਕਾਮਰੇਡ ਜਸਵਿੰਦਰ ਸਿੰਘ ਭੰਗਲ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਜਦੋਂ ਦੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸੱਤਾ ਵਿੱਚ ਆਈ ਹੈ ਦੇਸ਼ ਵਿੱਚ ਬੇਰੁਜ਼ਗਾਰੀ ਨੇ ਭਿਆਨਕ ਰੂਪ ਅਖਤਿਆਰ ਕਰ ਲਿਆ ਹੈ। ਬੇਰੋਜਗਾਰੀ ਦਾ ਸੇਕ ਹਰ ਘਰ ਨੂੰ ਲੱਗ ਰਿਹਾ ਹੈ। ਜਦੋਂ ਕੋਈ ਰੋਜ਼ਗਾਰ ਨਹੀ ਤਾ ਗਰੀਬ ਲੋਕ ਕਿਸ ਤਰ੍ਹਾਂ ਜੀਵਨ ਨਿਰਬਾਹ ਕਰ ਸਕਦੇ ਹਨ। ਗਰੀਬ ਲੋਕਾਂ ਦਾ ਜੀਵਨ ਬਹੁਤ ਤੰਗੀਆਂ ਤੁਰਸ਼ੀਆਂ ਵਿੱਚ ਗੁਜਰ ਰਿਹਾ ਹੈ। ਮਹਿੰਗਾਈ ਏਨੀ ਜਿਆਦਾ ਵੱਧ ਗਈ ਹੈ ਕਿ ਖਾਣ ਪੀਣ ਵਾਲੀਆਂ ਵਸਤੂਆਂ ਗਰੀਬਾਂ ਦੀ ਪਹੁੰਚ ਤੋਂ ਬਾਹਰ ਹੈ। ਗਰੀਬੀ ਅਤੇ ਮਹਿੰਗਾਈ ਕਾਰਨ ਗਰੀਬ ਲੋਕਾਂ ਦੇ ਬੱਚਿਆਂ ਨੂੰ ਪੜਾਈ ਅੱਧਵਾਟੇ ਛੱਡ ਕੇ ਬਾਲ ਮਜਦੂਰੀ ਕਰਨੀ ਪੈ ਰਹੀ ਹੈ। ਗਰੀਬਾਂ ਦੀ ਤਰਾਸਦੀ ਇਹ ਵੀ ਹੈ ਕਿ ਉਹ ਆਪਣੀਆਂ ਬੀਮਾਰੀਆਂ ਦਾ ਇਲਾਜ ਕਰਵਾਉਣ ਤੋਂ ਵੀ ਅਸਮਰੱਥ ਹਨ। ਇਹੋ ਜਿਹੀਆਂ ਪ੍ਰਸਥਿਤੀਆ ਵਿੱਚ ਗਰੀਬਾਂ ਦੇ ਰਾਸ਼ਨ ਕਾਰਡ ਬੰਦ ਅਤੇ ਸ਼ਗਨ ਸਕੀਮ ਵੀ ਸਿਆਸਤ ਦੀ ਭੇਟ ਚੜ੍ਹ ਗਈ ਹੈ। ਰਾਸ਼ਨ ਡਿਪੂਆਂ ਤੋਂ ਸਸਤਾ ਰਾਸ਼ਨ ਗਾਇਬ ਹੈ। ਰਸੋਈ ਗੈਸ ਦੀਆਂ ਕੀਮਤਾਂ ਵੱਧਣ ਕਾਰਨ ਸੜਕਾਂ ਦੇ ਕਿਨਾਰਿਆਂ ਤੋਂ ਰੁੱਖਾਂ ਦੀਆਂ ਟਹਿਣੀਆ ਇਕੱਠੀਆਂ ਕਰਦਿਆਂ ਆਮ ਔਰਤਾਂ ਨੂੰ ਦੇਖਿਆ ਜਾ ਸਕਦਾ ਹੈ। ਅਜਿਹੇ ਹਲਾਤਾਂ ਤੋਂ ਛੁਟਕਾਰਾ ਪਾਉਣ ਲਈ ਅਤੇ ਭਾਰਤ ਦੇ ਲੋਕਾਂ ਦੀ ਖੁਸ਼ਹਾਲੀ ਵਾਸਤੇ ਅਸੀਂ ਗਲੀ ,ਮੁਹੱਲੇ ਅਤੇ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਸੁਚੇਤ, ਜਾਗਰਤ ਅਤੇ ਜਥੇਬੰਦ ਕਰੀਏ। ਸਾਡੇ ਦੇਸ਼ ਨੂੰ ਪਹਿਲਾਂ ਮੁਗਲਾ ਨੇ ਲੁੱਟਿਆ ਫੇਰ ਅੰਗਰੇਜਾਂ ਨੇ ਤੇ ਹੁਣ ਕਾਰਪੋਰੇਟ ਘਰਾਣਿਆਂ ਨੇ, ਉਹਨਾਂ ਕਿਹਾ ਕਿ ਮੌਜੂਦਾ ਪੂੰਜੀਪਤੀਆਂ ਦਾ ਰਾਜ ਪ੍ਰਬੰਧ ਖਤਮ ਕਰਕੇ ਕਿਰਤੀ ਲੋਕਾਂ ਦਾ ਰਾਜ ਪ੍ਰਬੰਧ ਕਾਇਮ ਕੀਤਾ ਜਾਵੇ। ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਆਪਣੀਆਂ ਕੀਤੀਆਂ ਗਰੰਟੀਆਂ ਪੂਰੀਆਂ ਕਰੇ। ਬੇਘਰੇ ਤੇ ਲੋੜਵੰਦ ਲੋਕਾਂ ਨੂੰ ਦਸ ਦਸ ਮਰਲੇ ਦੇ ਪਲਾਟ ਅਤੇ ਮਕਾਨ ਉਸਾਰੀ ਲਈ ਪੰਜ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ। ਮਜਦੂਰਾਂ ਸਿਰ ਚੜ੍ਹਿਆ ਕਰਜਾ ਮਾਈਕਰੋ ਫਾਇਨਾਂਸ ਕੰਪਨੀਆਂ ਸਮੇਤ ਮੁਆਫ ਕੀਤਾ ਜਾਵੇ, ਔਰਤਾਂ ਦੇ ਖਾਤਿਆਂ ਵਿੱਚ ਇੱਕ ਇੱਕ ਹਜਾਰ ਰੁਪਏ ਤੁਰੰਤ ਪਾਏ ਜਾਣ। ਮਨਰੇਗਾ ਕਾਮਿਆਂ ਨੂੰ ਪੂਰਾ ਸਾਲ ਕੰਮ ਅਤੇ ਕੰਮ ਦਿਹਾੜੀ ਸੱਤ ਸੌ ਰੁਪਏ ਦਿੱਤੀ ਜਾਵੇ। ਉਹਨਾਂ ਕਿਰਤੀ ਲੋਕਾਂ ਨੂੰ ਅਪੀਲ ਕੀਤੀ ਕਿ ਖੇਤ ਮਜਦੂਰਾਂ ਦੇ ਭਖਦੇ ਮਸਲਿਆਂ ਨੂੰ ਲੈ ਕੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਵੱਲੋਂ 30 ਮਈ ਨੂੰ ਦਿੱਲੀ ਦੇ ਜੰਤਰ-ਮੰਤਰ ਵਿਖੇ ਦੇਸ਼ ਵਿਆਪੀ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਉਸ ਰੈਲੀ ਨੂੰ ਕਾਮਯਾਬ ਕਰਨ ਲਈ ਪਿੰਡਾਂ ਦੇ ਕਿਰਤੀ ਲੋਕ ਵੱਡੀ ਗਿਣਤੀ ਵਿੱਚ ਪਹੁੰਚ ਕਿ ਰੈਲੀ ਨੂੰ ਕਾਮਯਾਬ ਕੀਤਾ ਜਾਵੇ। ਇਸ ਮੌਕੇ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਦੀ ਪ੍ਰਧਾਨ ਕਸ਼ਮੀਰ ਕੌਰ, ਜਰਨਲ ਸਕੱਤਰ ਸ਼ੀਲਾ ਰਾਣੀ, ਮੀਤ ਪ੍ਰਧਾਨ ਸੁਖਦੇਵ ਰਾਮ, ਸਨੀਤਾ ਰਾਣੀ, ਮੀਤ ਸਕੱਤਰ ਜਸਵਿੰਦਰ ਕੌਰ, ਜਸਵਿੰਦਰ ਕੌਰ ਮਿੰਦੀ, ਕੈਸ਼ੀਅਰ ਆਸ਼ਾ ਰਾਣੀ ਆਦਿ ਚੁਣੇ ਗਏ। ਹੋਰਨਾਂ ਤੋਂ ਇਲਾਵਾ ਕਾਮਰੇਡ ਗੁਰਬਖਸ਼ ਕੌਰ, ਰਾਜਬੀਰ ਕੌਰ ,ਕਾਮਰੇਡ ਪਰਸ ਰਾਮ, ਚੰਦਰ ਭਾਟੀਆ ਆਦਿ ਨੇ ਸੰਬੋਧਨ ਕੀਤਾ।

# ਅੰਮ੍ਰਿਤਸਰ 'ਚ ਧਮਾਕੇ ਕਿਸੇ ਸੋਚੀ ਸਮਝੀ ਸਾਜ਼ਿਸ ਦੀ ਕਰਦੇ ਹਨ ਨਿਸ਼ਾਨਦੇਹੀ - ਕਾ: ਸੇਖੋਂ

**ਨਵਾਂਸਹਿਰ (ਮਨੋਜ ਲਾਡੀ)**

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਆਸ ਪਾਸ ਧਮਾਕੇ ਹੋਣਾ ਕੋਈ ਆਮ ਵਰਤਾਰਾ ਨਹੀਂ ਹੈ। ਇਹ ਧਮਾਕੇ ਕਿਸੇ ਸੋਚੀ ਸਮਝੀ ਸਾਜ਼ਿਸ ਦੀ ਨਿਸ਼ਾਨਦੇਹੀ ਕਰਦੇ ਹਨ। ਇਹ ਵਿਚਾਰ ਪ੍ਰਗਟ ਕਰਦਿਆਂ ਸੀ ਪੀ ਆਈ ਐਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੁਚੇਤ ਰਹਿਣ ਅਤੇ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖ ਕੇ ਸਾਜ਼ਿਸ ਦਾ ਮੂੰਹ ਤੋੜਵਾਂ ਜੁਆਬ ਦੇਣ। ਕਾ: ਸੇਖੋਂ ਨੇ ਕਿਹਾ ਕਿ ਜਦੋਂ ਅੰਮ੍ਰਿਤਪਾਲ ਸਿੰਘ ਨੇ ਪੰਜਾਬ ਵਿੱਚ ਸਰਗਰਮੀਆਂ ਤੇਜ ਕੀਤੀਆਂ ਸਨ, ਉਸ ਸਮੇਂ ਤੋਂ ਹੀ ਕਿਸੇ ਸਾਜ਼ਿਸ ਤਹਿਤ ਪੰਜਾਬ ਦੇ ਹਾਲਾਤ ਖਰਾਬ ਕਰਨ ਦਾ ਖਦਸ਼ਾ ਜਾਹਰ ਕੀਤਾ ਜਾਂਦਾ ਰਿਹਾ ਹੈ। ਉਸਨੂੰ ਪੁਲਸ ਦੇ ਘੇਰੇ 'ਚੋਂ ਫਰਾਰ ਹੋਣਾ ਦੱਸ ਕੇ ਲੋਕਾਂ ਨੂੰ ਭੰਬਲਭੂਸੇ ਵਿੱਚ ਪਾਈ ਰੱਖਿਆ ਗਿਆ ਅਤੇ ਫੇਰ ਚਾਰ ਕੁ ਗੱਡੀਆਂ ਦੇ ਕਾਫ਼ਲੇ ਨਾਲ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪਿੰਡ ਦੇ ਗੁਰਦੁਆਰੇ ਦਾ ਚੱਕਰ ਲਵਾਇਆ ਗਿਆ। ਜਿੱਥੇ ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਜਾਏ ਸੰਤ ਭਿੰਡਰਾਂਵਾਲੇ ਦੀ ਤਸਵੀਰ ਨੂੰ ਮੱਥਾ ਟੇਕ ਕੇ ਗ੍ਰਿਫਤਾਰ ਹੋਣ ਦਾ ਡਰਾਮਾ ਕੀਤਾ। ਇਸ ਗ੍ਰਿਫਤਾਰੀ ਤੋਂ ਡੇਢ ਘੰਟੇ ਵਿੱਚ ਉਸਨੂੰ ਜਹਾਜ ਰਾਹੀਂ ਅਸਾਮ ਨੂੰ ਵੀ ਵਿਦਾ ਕਰ ਦਿੱਤਾ। ਇਹ ਸਾਰੀ ਕਹਾਣੀ ਉਦੋਂ ਹੀ ਜਾਗਰੂਕ ਲੋਕਾਂ ਦੀ ਸਮਝ ਵਿੱਚ ਆ ਗਈ ਸੀ। ਉਸਦੀ ਗ੍ਰਿਫਤਾਰੀ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਦੇ ਆਸ ਪਾਸ ਧਮਾਕੇ ਹੋਣੇ ਸ਼ੁਰੂ ਹੋ ਗਏ। ਪਹਿਲਾ 6 ਮਈ ਨੂੰ ਦੂਜਾ 8 ਮਈ ਅਤੇ ਤੀਜਾ 10 ਮਈ ਦੀ ਅੱਧੀ ਰਾਤ ਨੂੰ ਧਮਾਕਾ ਹੋਇਆ। ਇਹ ਧਮਾਕੇ ਪਵਿੱਤਰ ਅਸਥਾਨ ਸ੍ਰੀ ਹਰਮੰਦਰ ਸਾਹਿਬ ਦੇ ਨੇੜੇ ਵੱਲ ਵਧਦੇ ਗਏ, ਪਹਿਲਾ ਕਾਫ਼ੀ ਪਾਸੇ ਸੀ, ਜਦੋਂ ਕਿ ਤੀਜਾ ਲੰਗਰ ਹਾਲ ਦੇ ਨਜਦੀਕ ਕੀਤਾ ਗਿਆ। ਇਹ ਧਮਾਕੇ ਰਾਤ ਨੂੰ ਕੀਤੇ ਗਏ, ਜਿਸ ਕਰਕੇ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਪੁਲਸ ਨੇ ਕਾਰਵਾਈ ਕਰਦਿਆਂ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ 'ਤੇ ਮੁਕੱਦਮਾ ਦਰਜ ਕਰ ਦਿੱਤਾ ਹੈ, ਇੱਕ ਔਰਤ ਤੋਂ ਵੀ ਪੁੱਛ ਗਿੱਛ ਕੀਤੀ ਜਾ ਰਹੀ ਹੈ। ਪੁਲਸ ਦਾ ਕਹਿਣਾ ਹੈ ਕਿ ਗ੍ਰਿਫਤਾਰ ਵਿਅਕਤੀਆਂ ਨੇ ਦੋਸ਼ ਕਬੂਲ ਕਰ ਲਿਆ ਹੈ।

ਉਹਨਾਂ ਕੋਲੋਂ ਕੁੱਝ ਗਰਮ ਸੋਚ ਵਾਲਾ ਲਿਟਰੇਚਰ ਵੀ ਮਿਲਿਆ ਦੱਸਿਆ ਜਾ ਰਿਹਾ ਹੈ। ਸੂਬਾ ਸਕੱਤਰ ਨੇ ਕਿਹਾ ਕਿ 10 ਮਈ ਨੂੰ ਹੋਏ ਧਮਾਕੇ ਤੋਂ ਤੁਰੰਤ ਬਾਅਦ ਕਾਰਵਾਈ ਕਰਕੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਨਾ ਪੁਲਸ ਦੀ ਚੰਗੀ ਕਾਰਗੁਜਾਰੀ ਮੰਨੀ ਜਾ ਸਕਦੀ ਹੈ, ਪਰ ਇਹ ਮਸਲੇ ਦਾ ਮੁਕੰਮਲ ਹੱਲ ਨਹੀਂ ਕਿਹਾ ਜਾ ਸਕਦਾ। ਅਸਲ ਮਸਲਾ ਤਾਂ ਇਹ ਹੈ ਕਿ ਇਹ ਧਮਾਕੇ ਕਿਉਂ ਕੀਤੇ ਗਏ? ਇਸ ਸਾਜ਼ਿਸ ਪਿੱਛੇ ਕਿਹੜੀਆਂ ਸ਼ਕਤੀਆਂ ਕੰਮ ਕਰਦੀਆਂ ਹਨ? ਅੱਗੇ ਲਈ ਧਮਾਕੇ ਰੋਕਣ ਲਈ ਕੀ ਪ੍ਰਬੰਧ ਕੀਤੇ ਜਾ ਰਹੇ ਹਨ? ਜਾਗਰੂਕ ਤੇ ਬੁੱਧੀਜੀਵੀ ਲੋਕ ਇਹਨਾਂ ਸੁਆਲਾਂ ਦੇ ਸਹੀ ਜਵਾਬ ਉਡੀਕ ਰਹੇ ਰਹੇ ਹਨ।

# ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)**- ਸੀ. ਬੀ.ਐਸ.ਈ. ਵੱਲੋਂ ਬਾਰਵੀਂ ਅਤੇ ਦਸਵੀਂ ਦਾ ਨਤੀਜਾ ਐਲਾਨਿਆ ਗਿਆ ਜਿਸ ਵਿੱਚ ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਦੇ ਵਿਦਿਆਰਥੀਆਂ ਨੇ ਚੰਗਾ ਨਤੀਜਾ ਦਿਖਾਇਆ। ਬਾਰਵੀਂ ਸਟਰੀਮ ਵਾਈਜ਼ ਮੈਡੀਕਲ, ਨਾਨ ਮੈਡੀਕਲ ਵਿੱਚ ਗੁਰਸਿਮਰ ਕੌਰ ਨੇ 94% , ਕਾਮਰਸ ਵਿੱਚ ਅਮੋਲਕ ਸਿੰਘ ਨੇ 90% ਅਤੇ ਹਿਊਮੈਨਟੀਜ਼ ਵਿੱਚ ਨਵਦੀਪ ਸਿੰਘ ਨੇ 67%ਅੰਕ ਪ੍ਰਾਪਤ ਕਰ ਪਹਿਲੇ ਸਥਾਨ ਪ੍ਰਾਪਤ ਕੀਤੇ।

ਇਸੇ ਤਰ੍ਹਾਂ ਦਸਵੀਂ ਜਸ਼ਨਪ੍ਰੀਤ ਸਿੰਘ, ਅਰਸ਼ਜੋਤ ਸਿੰਘ ਅਤੇ ਗੁਰਸਿਮਰਤ ਕੌਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਇਸ ਸਮੇਂ ਸਕੂਲ ਦੇ ਚੇਅਰਮੈਨ ਸਰਦਾਰ ਗੁਰਮੁੱਖ ਸਿੰਘ ਮੱਲ੍ਹੀ, ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਮੱਲ੍ਹੀ, ਪ੍ਰਿੰਸੀਪਲ ਸ੍ਰੀ ਮੁਕੇਸ਼ ਕੁਮਾਰ ਅਗਰਵਾਲ ਨੇ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਬੱਚਿਆਂ ਦੀ ਪ੍ਰਸੰਸਾ ਕੀਤੀ ਤੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ।

# ਅਟਵਾਲ ਨੇ ਭਾਜਪਾ ਆਗੂਆਂ, ਵਰਕਰਾਂ ਤੇ ਜਨਤਾ ਦਾ ਕੀਤਾ ਧੰਨਵਾਦ

**ਜਲੰਧਰ - ( ਇਕਬਾਲ ਸਿੰਘ ਉਭੀ) -** ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੇ ਭਾਰਤੀ ਜਨਤਾ ਪਾਰਟੀ ਦੇ ਕੌਮੀ, ਸੂਬਾਈ ਅਤੇ ਜ਼ਿਲ੍ਹਾ ਪੱਧਰ 'ਤੇ ਸਮੂਹ ਅਹੁਦੇਦਾਰਾਂ ਅਤੇ ਵਰਕਰਾਂ ਦਾ ਜਲੰਧਰ ਲੋਕ ਸਭਾ ਜਿਮਨੀ ਚੋਣ ਮੁਹਿੰਮ ਨੂੰ ਸਫਲ ਬਣਾਉਣ ਲਈ ਕੀਤੀ ਗਈ ਸਖਤ ਮਿਹਨਤ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਚੋਣ ਵਿੱਚ ਸਾਰਿਆਂ ਨੇ ਮੇਰਾ ਦਿਲੋਂ ਸਾਥ ਦਿੱਤਾ ਅਤੇ ਮੇਰੀ ਚੋਣ ਮੁਹਿੰਮ ਦੇ ਲਈ ਸੂਬਾ ਪ੍ਰਧਾਨ ਅ੍ਵਨੀ ਸਰਮਾ ਦੇ ਸੱਦੇ 'ਤੇ ਸ਼ੁਰੂ ਕੀਤੀ ਗਈ ਸੰਪਰਕ ਮੁਹਿੰਮ ਤਹਿਤ ਭਾਜਪਾ ਦੀ ਲੋਕ ਸਭਾ ਹਲਕੇ ਵਿੱਚ ਪੰਜਾਬ ਪ੍ਰਤੀ ਸੋਚ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਹਰ ਘਰ ਤੱਕ ਪਹੁੰਚਾਇਆ ਹੈ, ਜਿਸ ਲਈ ਮੈਂ ਆਪ ਸਭ ਦਾ ਧੰਨਵਾਦ ਕਰਦਾ ਹਾਂ। ਉਨ੍ਹਾਂ ਕਿਹਾ ਕਿ ਲੋਕ ਸਭਾ ਹਲਕੇ ਦੇ ਲੋਕਾਂ ਦੇ ਭਰਵੇਂ ਸਮਰਥਨ ਨਾਲ ਭਾਜਪਾ ਦੀ ਜਿੱਤ ਯਕੀਨੀ ਹੈ ।

# ਗੁਰਮਤਿ ਸਮਾਗਮ 15 ਨੂੰ

**ਆਦਮਪੁਰ (ਪਰਮਜੀਤ ਸਿੰਘ):-** ਪਿੰਡ ਡਰੋਲੀ ਕਲਾਂ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ ਦੇ ਅਸਥਾਨ 'ਤੇ ਸਰਬੱਤ ਦੇ ਭਲੇ ਲਈ ਮਹਾਨ ਗੁਰਮਤਿ ਸਮਾਗਮ 15 ਮਈ ਨੂੰ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਡਰੋਲੀ ਕਲਾਂ ਨੇ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਦੀਵਾਨ ਹਾਲ ਵਿਚ ਭਾਈ ਲਖਬੀਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ਼ਹੀਦ ਬਾਬਾ ਮਤੀ ਸਾਹਿਬ ਜੀ ਡਰੋਲੀ ਕਲਾਂ,ਭਾਈ ਮਹਿਤਾਬ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ,ਭਾਈ ਨਛੱਤਰ ਸਿੰਘ ਬ੍ਰਹਮਜੀਤ ਕਥਾ ਵਾਚਕ ਹੁਸ਼ਿਆਰਪੁਰ, ਭਾਈ ਨਿਸ਼ਾਨ ਸਿੰਘ ਢਾਡੀ ਜੱਥਾ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਵਾਲੇ ਸੰਗਤਾਂ ਨੂੰ ਨਿਹਾਲ ਕਰਨਗੇ।

# ਤਸਕਰ ਹੈਰੋਇਨ ਸਮੇਤ ਕਾਬੂ



**ਫਿਲੌਰ, (ਨਿਰਮਲ)** ਜਗਦੀਸ਼ ਰਾਜ ਪੀ.ਪੀ.ਐਸ ਉਪ ਪੁਲਸ ਕਪਤਾਨ, ਸਬ ਡਵੀਜਨ ਫਿਲੌਰ ਦੀ ਅਗਵਾਈ ਹੇਠ ਇੰਸਪੈਕਟਰ ਹਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਫਿਲੌਰ ਦੀ ਪੁਲਸ ਟੀਮ ਨੇ ਇਕ ਨਸ਼ਾ ਤਸਕਰ ਨੂੰ 22 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਉਪ ਪੁਲਸ ਕਪਤਾਨ ਨੇ ਦੱਸਿਆ ਕਿ ਏ.ਐਸ.ਆਈ ਉਮੇਸ਼ ਕੁਮਾਰ ਵੱਲੋਂ ਸੰਨੀ ਪੁੱਤਰ ਨਾਨਕ ਚੰਦ ਉਰਫ ਕਾਲਾ ਵਾਸੀ ਪਿੰਡ ਚਾਹਲ ਕਲਾਂ ਥਾਣਾ ਮੁਕੰਦਪੁਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਗ੍ਰਿਫਤਾਰ ਕੀਤਾ, ਉਸ ਪਾਸੋਂ 22 ਗ੍ਰਾਮ ਹੈਰੋਇਨ ਬਰਾਮਦ ਕਰਕੇ ਮੁਕੱਦਮਾ ਨੰਬਰ 108 ਜੁਰਮ 21ਬੀ-ਐਨ.ਡੀ.ਪੀ.ਐਸ ਐਕਟ ਥਾਣਾ ਫਿਲੌਰ ਦਰਜ ਕੀਤਾ ਗਿਆ ਹੈ।

# ਵਿਧਾਇਕ ਚੱਢਾ ਨੇ ਸੈਣੀਮਾਜਰਾ ਵਿਖੇ ਰੱਖਿਆ ਵਾਟਰ ਸਟੋਰੇਜ਼ ਟੈਂਕ ਦਾ ਨੀਂਹ ਪੱਥਰ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)-** ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਪਿੰਡ ਸੈਣੀਮਾਜਰਾ ਵਿਖੇ ਪੀਣ ਵਾਲੇ ਪਾਣੀ ਦੇ ਵਾਟਰ ਸਟੋਰੇਜ ਟੈਂਕ ਦਾ ਨੀਂਹ ਪੱਥਰ ਰੱਖਿਆ। ਜ਼ਿਕਰਯੋਗ ਹੈ ਕਿ ਵਿਧਾਇਕ ਚੱਢਾ ਵੱਲੋਂ ਕੁਝ ਦਿਨ ਪਹਿਲਾਂ ਪਿੰਡ ਵਾਸੀਆਂ ਦੀ ਮੰਗ 'ਤੇ ਉਕਤ ਕਾਰਜ ਲਈ ਗ੍ਰਾਂਟ ਮੁਹੱਈਆ ਕਰਵਾਈ ਗਈ ਸੀ ਜਿਸ ਤਹਿਤ ਉਕਤ ਕੰਮ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਵੱਲੋਂ ਆਯੋਜਿਤ ਸਮਾਗਮ ਨੂੰ ਸੰਬੋਧਨ ਕਰਦਿਆਂ ਵਿਧਾਇਕ ਚੱਢਾ ਨੇ ਆਖਿਆ ਕਿ ਪਹਿਲੀਆਂ ਸਰਕਾਰਾਂ ਨੇ ਆਪਣੇ ਕਾਰਜਕਾਲ ਦੌਰਾਨ ਨਾ ਤਾਂ ਸੂਬੇ ਦੇ ਵਿਕਾਸ ਨੂੰ ਵਧੇਰੇ ਤਵੱਜੋ ਦਿੱਤੀ ਅਤੇ ਨਾ ਹੀ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ। ਜਦਕਿ ਪੰਜਾਬ ਦੀ ਸੱਤਾ ਸੰਭਾਲਣ ਤੋਂ ਤੁਰੰਤ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਵੱਖ-ਵੱਖ ਵਿਭਾਗਾਂ 'ਚ ਭਰਤੀਆਂ ਕਰਕੇ ਨੌਜਵਾਨਾਂ ਨੂੰ ਰੋਜ਼ਗਾਰ ਪ੍ਰਦਾਨ ਕਰਨ ਲਈ ਪਹਿਲਕਦਮੀ ਦਿਖਾਈ ਹੈ। ਉਨਾਂ ਕਿਹਾ ਕਿ ਕੇਵਲ 1 ਸਾਲ ਦੇ ਕਾਰਜਕਾਲ ਦੌਰਾਨ ਪੰਜਾਬ ਸਰਕਾਰ ਵੱਲੋਂ ਹੁਣ ਤੱਕ 28 ਹਜ਼ਾਰ ਤੋਂ ਵੀ ਵੱਧ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਇਸ ਤੋਂ ਉਪਰੰਤ ਵਿਧਾਇਕ ਚੱਢਾ ਨੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਜਿਨਾਂ ਨੂੰ ਜਲਦ ਹੱਲ ਕਰਨ ਸਬੰਧੀ ਵਿਸ਼ਵਾਸ ਦਵਾਇਆ। ਇਸ ਮੌਕੇ ਸਰਪੰਚ ਮਨਿੰਦਰ ਕੌਰ, ਮਾ. ਗੋਪਾਲ ਚੰਦ ਸੈਣੀ, ਨੀਲਮ ਰਾਣੀ, ਨੰਬਰਦਾਰ ਦੇਸਰਾਜ ਸੈਣੀ, ਤੀਰਥ ਰਾਮ, ਨਿਰਮਲ ਸਿੰਘ, ਪੰਚ ਪਿੰਦਰਪਾਲ, ਲਖਵਿੰਦਰ ਸਿੰਘ, ਬਲਵੀਰ ਸਿੰਘ, ਨੰਦ ਲਾਲ, ਸ਼ਿਵ ਕੁਮਾਰ, ਸਤਨਾਮ ਨਾਗਰਾ ਅਤੇ ਰਾਮ ਸਰੂਪ ਸਹਿਤ ਪੰਚਾਇਤ ਦੇ ਨੁਮਾਇੰਦੇ ਤੇ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

# ਕਾਮਰੇਡ ਸੁਨੀਤ ਚੋਪੜਾ ਨਮਿੱਤ ਸ਼ੋਕ ਸਭਾ 23 ਨੂੰ



**ਬਹਿਰਾਮ (ਅਵਤਾਰ ਕਲੇਰ)** ਇਥੇ ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਰਾਮ ਸਿੰਘ ਨੂਰਪੁਰੀ ਤੇ ਸੂਬਾ ਜਨਰਲ ਸਕੱਤਰ ਸਾਥੀ ਗੁਰਮੇਸ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਵਿਛੜ ਚੁੱਕੇ ਸਾਥੀ ਕਾਮਰੇਡ ਸੁਨੀਤ ਚੋਪੜਾ ਨਮਿੱਤ ਸ਼ੋਕ ਸਭਾ 23 ਮਈ ਨੂੰ ਸੂਬਾ ਹੈੱਡਕੁਆਰਟਰ ਜਲੰਧਰ 80-81 ਬਦਰੀ ਦਾਸ ਕਲੋਨੀ ਵਿਖੇ ਠੀਕ 11 ਵਜੇ ਕੀਤੀ ਜਾਵੇਗੀ। ਇਸ ਮੌਕੇ ਤੇ ਯੂਨੀਅਨ ਦੇ ਕੌਮੀ ਜਾਇੰਟ ਸਕੱਤਰ ਡਾ. ਬਿਕਰਮ ਸਿੰਘ ਅਤੇ ਕੁਲ ਹਿੰਦ ਕਿਸਾਨ ਸਭਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸਾਥੀ ਸੁਖਵਿੰਦਰ ਸਿੰਘ ਸੇਖੋਂ ਵਿਸ਼ੇਸ਼ ਤੌਰ 'ਤੇ ਸਾਥੀ ਚੋਪੜਾ ਦੇ ਸੰਘਰਸ਼ਮਈ ਜੀਵਨ ਤੇ ਚਾਨਣਾ ਪਾਉਣਗੇ। ਇਸ ਮੌਕੇ ਤੇ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਵੀ ਕੀਤੀ ਜਾਵੇਗੀ ਅਤੇ 2022-2023 ਦੀ ਮੈਂਬਰਸ਼ਿਪ ਮੁਕੰਮਲ ਕੀਤੀ ਜਾਵੇਗੀ।

# ਨਰਸ ਕਿੱਤੇ ਨੂੰ ਬਣਦਾ ਸਤਿਕਾਰ ਨਹੀਂ ਮਿਲਿਆ-ਅਹੀਰ

**ਹੁਸ਼ਿਆਰਪੁਰ (ਓ ਪੀ ਰਾਣਾ )** ਅੰਤਰਰਾਸ਼ਟਰੀ ਨਰਸ ਦਿਵਸ 'ਤੇ ਪ੍ਰਸ਼ੋਤਮ ਰਾਜ ਅਹੀਰ ਸੂਬਾ ਪ੍ਰਧਾਨ ਲੇਬਰ ਵਿੰਗ ਸੰਯੁਕਤ ਸਮਾਜ ਮੋਰਚਾ ਪੰਜਾਬ ਨੇ ਕਿਹਾ ਕਿ ਨਰਸ ਹੋਣਾ ਇੱਕ ਬਹੁਤ ਮਾਣ ਵਾਲਾ ਕਿੱਤਾ ਹੈ, ਪਰ ਅੱਜ ਦੇ ਦਿਨ ਇਹ ਜਰੂਰ ਕਹਾਂਗੇ ਕਿ ਪੰਜਾਬ ਵਿੱਚ ਹਾਲੇ ਵੀ ਇਸ ਕਿੱਤੇ ਨੂੰ ਬਣਦਾ ਸਤਿਕਾਰ ਨਹੀਂ ਮਿਲਿਆ ਜਦਕਿ ਹਰ ਇੱਕ ਇਨਸਾਨ ਦੀ ਦੁੱਖ ਵਿੱਚ ਸੇਵਾ ਕਰਨਾ ਉਨ੍ਹਾਂ ਦੀ ਜਾਨ ਸਿਹਤ ਨੂੰ ਆਪਣਾ ਹਿੱਸਾ ਸਮਝਦੇ ਹੋਏ ਦੁਬਾਰਾ ਸਿਹਤਮੰਦ ਬਣਾਉਣ ਵਿੱਚ ਡਾਕਟਰ ਦੇ ਨਾਲ ਨਾਲ ਇਨ੍ਹਾਂ ਦਾ ਮੁੱਖ ਰੋਲ ਹੈ ਤੇ ਇਸ ਭਲਾਈ ਦੇ ਕਿੱਤੇ ਲਈ ਸਹੀ ਉਜਰਤਾਂ ਨਾ ਮਿਲਣਾ ਤੇ ਹੋਰ ਭੱਤੇ ਵੀ ਬਹੁਤ ਘੱਟ ਹੋਣੇ ਇਹ ਬਹੁਤ ਵਿਚਾਰਨ ਵਾਲੀ ਗੱਲ ਹੈ ਤੇ ਮੁੱਦਾ ਵੀ ਹੈ। ਜਿਸ ਦੇ ਚਲਦਿਆਂ ਆਏ ਦਿਨ ਮਿਹਨਤੀ ਦਿਨ ਰਾਤ ਦੀਆਂ ਡਿਉਟੀਆਂ ਨਿਭਾ ਰਹੀਆਂ ਦੇਸ਼ ਦੀਆਂ ਧੀਆਂ ਆਪਣੇ ਹੱਕਾਂ ਲਈ ਹੜਤਾਲਾਂ ਧਰਨੇ ਮੁਜਾਹਰੇ ਕਰਦੀਆਂ ਹਨ। ਪੰਜਾਬ ਸਰਕਾਰ ਇਨ੍ਹਾਂ ਦੀ ਉਜਰਤ ਵਿਚ ਵਾਧਾ ਕਰੇ ਤੇ ਹੋਰ ਭੱਤੇ ਵੀ ਵਧਾਵੇ।

# ਡੇਰਾ ਸੇਵਾਪੁਰੀ ਪਿੰਡ ਲਲਵਾਣ ਵਿਖੇ ਜਾਗਰੂਕ ਸਮਾਗਮ ਭਲਕੇ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਡਾਕਟਰ ਬੀ. ਆਰ. ਅੰਬੇਡਕਰ ਵੈਲਫੇਅਰ ਸੁਸਾਇਟੀ ਪਿੰਡ ਲਲਵਾਣ ਵੱਲੋਂ ਸਮੂਹ ਪਿੰਡ ਨਿਵਾਸੀਆਂ ਦੇ ਸਹਿਯੋਗ ਨਾਲ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਨੂੰ ਮੁੱਖ ਰੱਖਦੇ ਹੋਏ ਜਾਗਰੂਕ ਸਮਾਗਮ ਡੇਰਾ ਸੇਵਾਪੁਰੀ ਪਿੰਡ ਲਲਵਾਣ ਵਿਖੇ 14 ਮਈ ਨੂੰ ਸਵੇਰੇ 10 ਤੋਂ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਡੇਰਾ ਸੇਵਾਪੁਰੀ ਦੇ ਮੁੱਖ ਸੰਚਾਲਕ ਸੰਤ ਜਗਦੀਸਵਰਾਨੰਦ ਨੇ ਦੱਸਿਆ ਕਿ ਇਸ ਮੌਕੇ ਆਜਾਦ ਕਲਾ-ਮੰਚ ਫਗਵਾੜਾ ਦੀ ਟੀਮ ਵੱਲੋਂ ਬੀਬਾ ਕਲਵੰਤ ਦੀ ਦੇਖ-ਰੇਖ ਹੇਠ 'ਦਾ ਗ੍ਰੇਟ ਅੰਬੇਡਕਰ' ਅਤੇ ਹੋਰ ਨਾਟਕ ਖੇਡੇ ਜਾਣਗੇ। ਇਸ ਦੇ ਨਾਲ ਹੀ ਸਮਾਜ ਦੇ ਮੌਜੂਦਾ ਹਾਲਾਤ ਨੂੰ ਦਰਸਾਉਂਦੀਆਂ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੌਕੇ ਸੂਬੇਦਾਰ ਸੁਦਰਸ਼ਨ ਕੁਮਾਰ, ਸੁਰਿੰਦਰਪਾਲ, ਜਗਦੀਸ਼ ਸਿੰਘ, ਹਰਪਾਲ ਸਿੰਘ, ਬੇਅੰਤ ਰਾਏ, ਜਸਪਾਲ ਸਿੰਘ, ਨਰਿੰਦਰ, ਮਾਸਟਰ ਰਾਮ ਲੁਭਾਇਆ, ਅੰਮ੍ਰਿਤ ਲਾਲ, ਹਰਪਾਲ ਪਾਲੀ, ਬਲਜੀਤ ਸਿੰਘ, ਤਰਲੋਚਨ ਸਿੰਘ ਸੰਧੂ, ਸੁਰਜੀਤ ਕੁਮਾਰ, ਅਸੋਕ ਕੁਮਾਰ, ਬਲਵੀਰ ਸੰਧੂ, ਸਰਪੰਚ ਸੁਮੀਤ ਗੌਤਮ, ਕੁਲਦੀਪ ਸਿੰਘ ਕੁੱਕੂ ,ਮਦਨ ਲਾਲ ਪੱਪੀ ਪੰਚ ਸਮੇਤ ਕਮੇਟੀ ਮੈਂਬਰ ਤੇ ਪਿੰਡ ਵਾਸੀ ਹਾਜਰ ਸਨ।

# ਬਜਵਾੜਾ ਕਲਾਂ ਵਿਖੇ ਗੁਰਮਤਿ ਸਮਾਗਮ 15 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬਜਵਾੜਾ ਕਲਾਂ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਛਾਉਣੀ ਨਿਹੰਗ ਸਿੰਘਾਂ ਹੁਸ਼ਿਆਰਪੁਰ ਤੋਂ ਊਨਾ ਜੀ ਟੀ ਰੋਡ 'ਤੇ ਸਮੂਹ ਸਾਧ ਸੰਗਤ ਅਤੇ ਇਲਾਕੇ ਦੇ ਸਹਿਯੋਗ ਨਾਲ ਜਥੇਬੰਦੀ ਵੱਲੋਂ ਪਾਉਂਟਾ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ 15 ਮਈ ਨੂੰ ਜਥੇਬੰਦੀ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਦੀ ਅਗਵਾਈ ਹੇਠ ਸਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਬਾਬਾ ਰਾਜਵੀਰ ਸਿੰਘ ਹੁਸ਼ਿਆਰਪੁਰ ਨੇ ਦੱਸਿਆ ਕਿ ਸਮਾਗਮ ਸਬੰਧੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਭਾਈ ਜਸਵਿੰਦਰ ਸਿੰਘ ਹੈਡ ਗ੍ਰੰਥੀ ਬਜਵਾੜਾ ਕਲਾਂ, ਬੀਬੀ ਸਿਮਰਨਜੀਤ ਕੌਰ, ਭਾਈ ਬਲਜੋਤ ਸਿੰਘ ਕਵੀਸ਼ਰ ਜਥਾ ਚੱਬੇਵਾਲ, ਭਾਈ ਸਿਮਰਨਜੀਤ ਸਿੰਘ ਬਜਵਾੜਾ ਕਲਾਂ, ਭਾਈ ਸਿਮਰਨਜੀਤ ਸਿੰਘ ਕਵੀਸ਼ਰੀ ਜੱਥਾ ਚੱਬੇਵਾਲ ਆਦਿ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ

। ਇਸ ਮੌਕੇ ਸਮਾਗਮ ਦੌਰਾਨ ਸੰਗਤਾਂ ਦੀ ਸਹੂਲਤਾ ਲਈ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ।

# ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਭਲਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੇ ਘਰ ਦਾ ਘਿਰਾਓ



ਮੱਖੂ (ਰਛਪਾਲ ਸਿੰਘ ਸੰਧੂ) : ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ 14 ਮਈ ਨੂੰ ਫਰੀਦਕੋਟ ਵਿਖੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀ ਕੈਬਨਿਟ ਮੰਤਰੀ ਡਾ: ਬਲਜੀਤ ਕੌਰ ਦੇ ਘਰ ਦਾ ਘਿਰਾਓ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਕਰਨ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੀ ਬਲਾਕ ਪ੍ਰਧਾਨ ਜੀਵਨ ਸ਼ਰਮਾ ਨੇ ਦੱਸਿਆ ਕਿ ਪੰਜਾਬ ਭਰ ਦੀਆਂ ਲਗਭਗ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਪਿਛਲੇ ਦੋ ਮਹੀਨਿਆਂ ਤੋਂ ਬੜੀ ਬੇਸਬਰੀ ਨਾਲ ਤਨਖਾਹਾਂ ਨੂੰ ਉਡੀਕ ਰਹੀਆਂ ਹਨ, ਪਰ ਪੰਜਾਬ ਸਰਕਾਰ ਤੇ ਸਬੰਧਿਤ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਕੰਨ 'ਤੇ ਜੂੰ ਨਹੀਂ ਸਰਕਦੀ। ਉਨ੍ਹਾ ਕਿਹਾ ਕਿ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਤਨਖਾਹਾਂ ਮਿਲ ਚੁੱਕੀਆਂ ਹਨ, ਪਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਮਾਰਚ ਤੇ ਅਪ੍ਰੈਲ ਮਹੀਨੇ ਦੀਆਂ ਤਨਖਾਹਾਂ ਅਜੇ ਤੱਕ ਨਹੀਂ ਮਿਲੀਆਂ। ਪੰਜਾਬ ਅੰਦਰ ਐੱਨ ਜੀ ਓ ਅਧੀਨ ਚੱਲ ਰਹੇ 8 ਬਲਾਕਾਂ, ਜਿਨ੍ਹਾਂ ਵਿੱਚ ਬਠਿੰਡਾ, ਖੂਈਆਂ ਸਰਵਰ, ਮੱਖੂ, ਭਿੱਖੀਵਿੰਡ, ਹਰਸਾਛੀਨਾ, ਤਰਸਿੱਕਾ, ਸਿੱਧਵਾਂ ਬੇਟ ਤੇ ਡੇਰਾ ਬਾਬਾ ਨਾਨਕ ਦੀਆਂ ਵਰਕਰਾਂ ਤੇ ਹੈਲਪਰਾਂ ਨੂੰ ਤਾਂ ਪਿਛਲੇ 7 ਮਹੀਨਿਆਂ ਅਕਤੂਬਰ 2022 ਤੋਂ ਲੈ ਕੇ ਅਜੇ ਤੱਕ ਤਨਖਾਹਾਂ ਨਹੀਂ ਮਿਲੀਆਂ। ਉਹ ਪਿਛਲੇ 10 ਦਿਨਾਂ ਤੋਂ ਲਗਾਤਾਰ ਚੰਡੀਗੜ੍ਹ ਮੁੱਖ ਦਫਤਰ ਵਿਖੇ ਸੰਪਰਕ ਕਰ ਰਹੇ ਹਨ, ਪਰ ਇਹੋ ਹੀ ਜਵਾਬ ਮਿਲਦਾ ਹੈ ਕਿ ਫਾਈਲ ਸਰਕਾਰ ਕੋਲ ਭੇਜੀ ਹੋਈ ਹੈ। ਪੰਜਾਬ ਸਰਕਾਰ ਤੇ ਵਿਭਾਗ ਦੇ ਅਧਿਕਾਰੀਆਂ ਦੇ ਲਾਰਿਆਂ ਲੱਪਿਆਂ ਤੋਂ ਅੱਕ ਕੇ ਜਥੇਬੰਦੀ ਵੱਲੋਂ ਕੈਬਨਿਟ ਮੰਤਰੀ ਡਾ: ਬਲਜੀਤ ਕੌਰ ਦੇ ਘਰ ਅੱਗੇ 14 ਮਈ ਨੂੰ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਗਿਆ ਹੈ ਤੇ ਹਜ਼ਾਰਾਂ ਵਰਕਰਾਂ ਤੇ ਹੈਲਪਰਾਂ ਇਸ ਰੋਸ ਪ੍ਰਦਰਸ਼ਨ 'ਚ ਪੁੱਜਣਗੀਆਂ। ਇਸ ਮੌਕੇ ਬਲਾਕ ਪ੍ਰਧਾਨ ਜੀਵਨ ਸ਼ਰਮਾ, ਸੁਲਕਸ਼ਨਾ, ਸੁਖਵਿੰਦਰ ਕੌਰ, ਜਸਬੀਰ ਕੌਰ, ਪ੍ਰਮਜੀਤ ਕੌਰ, ਗੁਰਮੀਤ ਕੌਰ, ਅੰਜੂ, ਸੁਖਵੰਤ ਕੌਰ, ਪਰਮਜੀਤ ਕੌਰ, ਕਰਮਜੀਤ ਕੌਰ, ਬਲਵੀਰ ਕੌਰ, ਹਰਮੀਤ ਕੌਰ, ਮਨਜੀਤ ਕੌਰ, ਕੁਲਜੀਤ ਕੌਰ, ਰਵਿੰਦਰ ਕੌਰ ਆਦਿ ਹਾਜ਼ਰ ਸਨ।

## ਮਦਰਜ਼ ਡੇਅ 'ਤੇ ਮਾਂ ਨਾਲ ਸਮਾਂ ਬਿਤਾਉਣ ਦੀ ਦਿੱਤੀ ਪ੍ਰੇਰਨਾ

ਬਾਘਾ ਪੁਰਾਣਾ, (ਮਨੀ ਸਿੰਗਲਾ) ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਮਦਰਜ਼ ਡੇਅ ਮਨਾਇਆ ਗਿਆ। ਮਦਰਜ਼ ਡੇਅ ਨੂੰ ਮਨਾਉਂਦੇ ਬੱਚਿਆਂ ਨੂੰ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਇਸ ਪ੍ਰੋਗਰਾਮ 'ਚ ਬੱਚਿਆਂ ਨੇ ਆਪਣੀਆਂ ਮਾਂਵਾਂ ਨੂੰ ਗਾਣੇ ਤੇ ਕਵਿਤਾਵਾਂ ਸਮਰਪਤ ਕੀਤੀਆਂ ਤੇ ਆਪਣੇ ਹੱਥਾਂ ਨਾਲ ਆਪਣੀਆਂ ਮਦਰਜ਼ ਲਈ ਗਰੀਟਿੰਗ ਕਾਰਡ ਵੀ ਤਿਆਰ ਕੀਤੇ।

ਸਕੂਲ ਦੇ ਪ੍ਰਿੰਸੀਪਲ ਮਨੋਜ ਕੁਮਾਰ ਨੇ ਮਦਰਜ਼ ਡੇਅ ਦੀ ਵਧਾਈ ਦਿੰਦੇ ਕਿਹਾ ਕਿ ਮਾਂ ਪ੍ਰਮਾਤਮਾ ਦਾ ਰੂਪ ਹੈ। ਉਨ੍ਹਾਂ ਬੱਚਿਆਂ ਨੂੰ ਕਿਹਾ ਕਿ ਹਰ ਬੱਚੇ ਨੇ ਇਸ ਦਿਨ ਮੋਬਾਇਲ, ਟੀ.ਵੀ ਨਹੀਂ ਦੇਖਣਾ, ਸਗੋਂ ਸਾਰਾ ਦਿਨ ਆਪਣੀ ਮਾਂ ਨਾਲ ਸਮਾਂ ਬਤੀਤ ਕਰਨਾ ਹੈ। ਮਾਂ ਨੂੰ ਭਗਵਾਨ ਦਾ ਦੂਜਾ ਰੂਪ ਵੀ ਕਿਹਾ ਜਾਂਦਾ ਹੈ। ਮੈਡਮ ਜੀਨਮ ਨੇ ਸਾਰਿਆਂ ਨੂੰ ਮਦਰਜ਼ ਡੇਅ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਮਾਂ ਇਸਤਰੀ ਦਾ ਉਹ ਰੂਪ ਹੈ, ਜੋ ਆਪ ਮੁਸੀਬਤ ਦੁੱਖ ਸ਼ਹਿ ਕੇ ਆਪਣੇ ਬੱਚਿਆਂ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰਦੀ ਹੈ ਅਤੇ ਉਨ੍ਹਾਂ ਨੂੰ ਚੰਗੇ ਇਨਸਾਨ ਬਣਾਉਂਦੀ ਹੈ।

ਇਸ ਮੌਕੇ ਸਕੂਲ ਦੇ ਚੇਅਰਮੈਨ ਤਰਸੇਮ ਲਾਲ ਗਰਗ ਨੇ ਵੀ ਸਕੂਲ ਸਟਾਫ਼ ਤੇ ਬੱਚਿਆਂ ਨੂੰ ਮਦਰਜ਼ ਡੇਅ ਦੀ ਵਧਾਈ ਦਿੱਤੀ ਅਤੇ ਹਰ ਇੱਕ ਮਾਂ ਦਾ ਸਤਿਕਾਰ ਕਰਨ ਲਈ ਕਿਹਾ।

# ਪਾਵਰਕਾਮ ਦੇ ਅੜੀਅਲ ਰਵੱਈਏ ਖਿਲਾਫ ਪ੍ਰਦਰਸ਼ਨ 17 ਨੂੰ : ਭੁਮੱਦੀ, ਮਾਨ

## ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਦੀ ਪੰਜਾਬ ਵਰਕਿੰਗ ਕਮੇਟੀ ਦੀ ਮੀਟਿੰਗ



ਮੁੱਲਾਂਪੁਰ ਦਾਖਾ (ਗੁਰਮੇਲ ਸਿੰਘ ਮੈਲਡੇ)-ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਪੰਜਾਬ ਪ੍ਰਧਾਨ ਰਾਧੇ ਸ਼ਿਆਮ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੂਰੇ ਪੰਜਾਬ ਤੋਂ ਸਟੇਟ ਕਮੇਟੀ, ਸਰਕਲਾਂ ਦੇ ਪ੍ਰਧਾਨ/ਸਕੱਤਰ ਤੇ ਸਰਗਰਮ ਸਾਥੀਆਂ ਨੇ ਹਿੱਸਾ ਲਿਆ। ਮੀਟਿੰਗ ਅੰਦਰ ਪੈਨਸ਼ਨਰਾਂ ਦੀਆਂ ਮੰਗਾਂ 'ਤੇ ਵਿਸਥਾਰ ਨਾਲ ਵਿਚਾਰ ਚਰਚਾ ਕੀਤੀ ਗਈ। ਸਾਰੇ ਆਗੂਆਂ ਨੇ ਬੋਲਦੇ ਹੋਏ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਪਾਵਰਕਾਮ ਦੀ ਮੈਨੇਜਮੈਂਟ ਨਾਲ ਸਬੰਧਤ ਮੰਗਾਂ ਸਬੰਧੀ ਦਿਖਾਈ ਜਾ ਰਹੀ ਗੈਰ-ਸੰਜੀਦਗੀ ਤੇ ਸੁਪਰ ਸੀਨੀਅਰ ਸਿਟੀਜਨਸ਼ਿਪ ਨੂੰ ਸੜਕਾਂ 'ਤੇ ਰੋਲਣ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ। ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਕਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਧੱਕੇ ਨਾਲ ਪੈਨਸ਼ਨਰਾਂ ਦਾ ਐਕਟ ਦੇ ਉਲਟ ਜਾਂਦੇ ਹੋਏ ਡਿਵੈੱਲਪਮੈਂਟ ਟੈਕਸ ਕੱਟਿਆ ਗਿਆ। ਜਥੇਬੰਦੀ ਦੇ ਸੰਘਰਸ਼ ਸਦਕਾ ਅੱਗੇ ਤੋਂ ਤਾਂ ਕੱਟਣਾ ਬੰਦ ਕਰ ਦਿੱਤਾ, ਪਰ ਗਲਤ ਢੰਗ ਨਾਲ ਕੱਟਿਆ ਜੋ ਕਰੋੜਾਂ ਰੁਪਏ ਐਕਟ 'ਚ ਦਰਜ ਮਦ ਅਨੁਸਾਰ ਵਿਆਜ ਸਮੇਤ ਵਾਪਸ ਕਰਨਾ ਬਣਦਾ ਹੈ, ਪਰ ਵਾਪਸ ਨਹੀਂ ਕੀਤਾ ਜਾ ਰਿਹਾ, 1-1-16 ਤੋਂ ਪਹਿਲਾਂ ਤੇ ਬਾਅਦ 'ਚ ਰਿਟਾਈਰੀਆਂ ਨੂੰ 2.59 ਦੇ ਗੁਣਾਂਕ ਨਾਲ ਪੈਨਸ਼ਨਾਂ ਸੋਧ ਕੇ ਜਾਰੀ ਕਰਨਾ ਪਹਿਲਾਂ ਕਿਸੇ ਮੈਨੇਜਮੈਂਟ ਦੇ ਚਹੇਤੇ ਨਾਲ ਗੱਲ ਕਰਕੇ 2.45 ਨਾਲ ਜਾਰੀ ਕਰਨ ਕਰਕੇ ਵੱਡੀ ਗਿਣਤੀ 'ਚ ਰਿਟਾਇਰੀਆਂ ਨੂੰ ਵੱਡਾ ਘਾਟਾ ਪਾਇਆ ਗਿਆ। ਐਕਸਗਰੇਸ਼ੀਆ ਪੰਜਾਬ ਸਰਕਾਰ ਵੱਲੋਂ 10 ਲੱਖ ਕੀਤਾ ਗਿਆ ਹੈ, ਪਰ ਪਾਵਰਕਾਮ ਦੀ ਮੈਨੇਜਮੈਂਟ ਇਸ ਨੂੰ ਲਾਗੂ ਕਰਨ ਤੋਂ ਇਨਕਾਰੀ ਹੈ, ਯੂਨਿਟਾਂ ਦੀ ਕਨਸੈਸ਼ਨ ਬਹਾਲ ਨਹੀਂ ਕੀਤੀ ਜਾ ਰਹੀ, 60 ਸਾਲ ਦੀ ਉਮਰ ਤੋਂ ਬਾਅਦ ਬਿਮਾਰੀਆਂ ਵੱਧ ਹਮਲਾ ਕਰਦੀਆਂ ਹਨ, ਇਸ ਲਈ ਕੈਸ਼ਲੈੱਸ ਸਕੀਮ ਬਹਾਲ ਕਰਨਾ, 31-3-18 ਤੋਂ ਲੈ ਕੇ 30-6-21 ਤੱਕ ਗਰੈਚੁਇਟੀ ਤੇ ਹੋਰ ਬਕਾਏ ਫੌਰੀ ਜਾਰੀ ਕਰਨੇ ਅਤੇ ਹੋਰ ਮੰਗਾਂ ਦੀ ਪ੍ਰਾਪਤੀ ਲਈ 17 ਮਈ ਨੂੰ ਪਟਿਆਲਾ ਹੈੱਡ ਆਫਿਸ ਅੱਗੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ 'ਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ ਅਤੇ ਇਹ ਜ਼ਬਰਦਸਤ ਪ੍ਰਦਰਸ਼ਨ ਮੈਨੇਜਮੈਂਟ ਨੂੰ ਹਰ ਹਾਲਤ ਟੇਬਲ 'ਤੇ ਬੈਠ ਕੇ ਮੰਗਾਂ ਮੰਨਣ ਨੂੰ ਮਜਬੂਰ ਕਰੇਗਾ।

### ਪ ਸ ਸ ਫ ਵੱਲੋਂ ਰੋਸ ਪ੍ਰਦਰਸ਼ਨ ਦੀ ਹਮਾਇਤ

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680/22-ਬੀ ਚੰਡੀਗੜ੍ਹ ਵੱਲੋਂ ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੁਆਰਾ 17 ਮਈ ਨੂੰ ਹੈੱਡ ਆਫਿਸ ਪਟਿਆਲਾ ਅੱਗੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦੀ ਹਮਾਇਤ ਕਰਦਿਆਂ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਮੰਗਾਂ ਸਬੰਧੀ ਦਿਖਾਈ ਜਾ ਰਹੀ ਗੈਰ-ਸੰਜੀਦਗੀ ਤੇ ਸੁਪਰ ਸੀਨੀਅਰ ਸਿਟੀਜਨਸ਼ਿਪ ਨੂੰ ਸੜਕਾਂ 'ਤੇ ਰੋਲਣ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਗਈ। ਫੈਡਰੇਸ਼ਨ ਦੇ ਸੂਬਾਈ ਐਕਟਿੰਗ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਮੈਲਡੇ ਤੇ ਜਨਰਲ ਸਕੱਤਰ ਸੁਰਿੰਦਰ ਪੁਆਰੀ ਨੇ ਕਿਹਾ ਕਿ ਜਥੇਬੰਦੀ ਵੱਲੋਂ 17 ਮਈ ਨੂੰ ਪਟਿਆਲਾ ਹੈੱਡ ਆਫਿਸ ਅੱਗੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦਾ ਡੱਟ ਕੇ ਸਮਰਥਨ ਕੀਤਾ ਜਾਵੇਗਾ।

## ਕਾਤਰਾਂ

### ਖੇਤ 'ਚ ਕੰਮ ਕਰਦੇ ਸਮੇਂ ਕਿਸਾਨ ਦੀ ਮੌਤ



ਦਿੜ੍ਹਬਾ ਮੰਡੀ, (ਜਸਵੀਰ ਲਾਡੀ)-ਪਿੰਡ ਖਨਾਲ ਕਲਾਂ ਵਿਖੇ ਖੇਤ ਵਿੱਚ ਟਰੈਕਟਰ ਨਾਲ ਜ਼ਮੀਨ ਦੀ ਵਾਹੀ ਕਰਦੇ ਕਿਸਾਨ ਦੀ ਮੌਤ ਹੋ ਗਈ। ਕਿਸਾਨ ਨਿਰਭੈ ਸਿੰਘ ਨੇ ਦੱਸਿਆ ਕਿ ਭਗਵਾਨ ਸਿੰਘ (36) ਪੁੱਤਰ ਪ੍ਰਿਥੀ ਸਿੰਘ ਖੇਤ ਵਾਹੁਣ ਗਿਆ। ਖੇਤ ਵਿੱਚ ਜਦ ਟਰੈਕਟਰ ਪਿੱਛੇ ਪਾਏ ਹਲਾਂ ਨੂੰ ਲਿਫਟ ਨਾਲ ਠੀਕ ਕਰ ਰਿਹਾ ਸੀ। ਟਰੈਕਟਰ ਪਿੱਛੇ ਲੱਗੀ ਤੇਲ ਵਾਲੀ ਟੈਂਕੀ ਤੇ ਹਲਾਂ ਦੇ ਡੰਡੇ ਵਿੱਚ ਗਰਦਨ ਫਸ ਗਈ, ਜਿਸ ਕਾਰਨ ਭਗਵਾਨ ਸਿੰਘ ਦੀ ਮੌਤ ਹੋ ਗਈ। ਮ੍ਰਿਤਕ ਕਿਸਾਨ ਪਿੱਛੇ ਪਤਨੀ ਤੇ 6 ਸਾਲ ਦਾ ਲੜਕਾ ਛੱਡ ਗਿਆ। ਪੁਲਸ ਥਾਣਾ ਦਿੜ੍ਹਬਾ ਦੀ ਪੁਲਸ ਪਾਰਟੀ ਨੇ 174 ਦੀ ਕਾਰਵਾਈ ਅਮਲ ਵਿੱਚ ਲਿਉਂਦਿਆਂ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ। ਕਿਸਾਨ ਆਗੂ ਨਿਰਭੈ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਭਗਵਾਨ ਸਿੰਘ ਗਰੀਬ ਕਿਸਾਨ ਸੀ, ਪਰਿਵਾਰ ਨੂੰ ਮਾਲੀ ਮਦਦ ਦਿੱਤੀ ਜਾਵੇ।

### ਜੇ ਈ ਲਵਜੀਤ ਸਿੰਘ ਨੇ ਅਹੁਦਾ ਸੰਭਾਲਿਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਬੀ ਡੀ ਪੀ ਓ ਦਫਤਰ ਮਮਦੋਟ ਵਿਖੇ ਨਰੇਗਾ ਜੇ ਈ ਲਵਜੀਤ ਸਿੰਘ ਨੇ ਅਹੁਦਾ ਸੰਭਾਲ ਲਿਆ ਹੈ।ਇਸ ਮੌਕੇ ਨਿਰਵੈਰ ਸਿੰਘ ਸਿੰਧੀ ਜ਼ਿਲ੍ਹਾ ਮੀਡੀਆ ਇੰਚਾਰਜ ਫਿਰੋਜ਼ਪੁਰ, ਬਲਵਿੰਦਰ ਸਿੰਘ ਰਾਉਕੇ ਜ਼ਿਲ੍ਹਾ ਪ੍ਰਧਾਨ ਐੱਸ ਸੀ ਵਿੰਗ, ਸਰਬਜੀਤ ਸਿੰਘ ਬੀ ਡੀ ਪੀ ਓ ਮਮਦੋਟ, ਰਜਨੀ ਧਵਨ ਏ ਪੀ ਓ ਨਰੇਗਾ ਵਿਭਾਗ, ਸਰਪੰਚ ਯੂਨੀਅਨ ਫਿਰੋਜ਼ਪੁਰ ਦੇ ਪ੍ਰਧਾਨ ਕਾਮਰੇਡ ਹੰਸਾ ਸਿੰਘ, ਗੁਰਨਾਮ ਸਿੰਘ ਸਰਕਲ ਪ੍ਰਧਾਨ ਅਮਰੀਕ ਸਿੰਘ ਜੀਵਾਂ ਅਰਾਈਂ, ਹਰਵਿੰਦਰ ਸਿੰਘ ਸੋਨੂੰ ਏਪੀਓ ਹਾਜ਼ਰ ਸਨ।ਇਸ ਮੌਕੇ ਡਾ. ਨਿਰਵੈਰ ਸਿੰਘ ਸਿੰਧੀ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਲਕਾ ਵਿਧਾਇਕ ਰਜਨੀਸ਼ ਦਹੀਆ ਦੀਆਂ ਹਦਾਇਤਾਂ ਬਲਾਕ ਮਮਦੋਟ ਅਧੀਨ ਪਿੰਡਾਂ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ।

### ਭਾਰਤ ਵਿਕਾਸ ਪ੍ਰੀਸ਼ਦ ਨੇ 'ਮਦਰ ਡੇ' ਮਨਾਇਆ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)- ਭਾਰਤ ਵਿਕਾਸ ਪ੍ਰੀਸ਼ਦ ਸਰਹਿੰਦ ਨੇ ਜ਼ਿੰਦਗੀ ਵਿੱਚ ਮਾਂ ਦੀ ਮਹੱਤਤਾ ਨੂੰ ਦਰਸਾਉਂਦਾ 'ਮਦਰ ਡੇ' ਮਨਾਇਆ। ਪ੍ਰੀਸ਼ਦ ਪ੍ਰਧਾਨ ਸੁਮੀਤ ਮੋਦੀ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਪ੍ਰੀਸ਼ਦ ਦੀਆਂ ਸਾਰੀਆਂ ਮਹਿਲਾ ਮੈਂਬਰਾਂ ਨੇ ਹਿੱਸਾ ਲਿਆ। ਨਿਰਮਲ ਸ਼ਰਮਾ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ ਅਤੇ ਭਾਰਤ ਮਾਤਾ ਦੇ ਚਿੱਤਰ ਅੱਗੇ ਦੀਪ ਜਲਾਉਂਦਿਆਂ ਕਿਹਾ ਕਿ ਮਾਂ ਤਿਆਗ ਦੀ ਮੂਰਤੀ ਹੈ। ਬੱਚਾ ਸਾਰੇ ਸੰਸਕਾਰ ਆਪਣੀ ਮਾਂ ਤੋਂ ਹੀ ਸਿੱਖਦਾ ਹੈ। ਪ੍ਰੋਗਰਾਮ ਵਿੱਚ ਮਾਂ ਦੀਆਂ ਜ਼ਿੰਮੇਵਾਰੀਆਂ ਨੂੰ ਦਰਸਾਉਂਦੇ ਵਿਚਾਰ ਵੀ ਪ੍ਰਗਟ ਕੀਤੇ ਗਏ। ਦੇਸ਼ ਭਗਤੀ ਦੇ ਗੀਤ ਵੀ ਗਾਏ ਗਏ। ਇਸ ਮੌਕੇ ਮੀਨਾਕਸ਼ੀ ਮੋਦੀ, ਮੋਨਿਕਾ ਸ਼ਰਮਾ, ਰਾਖੀ ਵਰਮਾ, ਪਾਇਲ ਮਾਂਗੀ, ਰਿਤੂ ਸੈਣੀ, ਪਰਮ ਵਰਮਾ, ਸ਼ੀਨਮ ਅਰੋੜਾ, ਪ੍ਰੇਮ ਲਤਾ ਵਰਮਾ, ਨਿਰਮਲ ਦੇਵੀ, ਪ੍ਰੀਤੀ ਭਾਰਦਵਾਜ, ਸੋਨਾਲੀ ਗਰਗ, ਰੇਨੂ ਬਾਲਾ, ਕਲਪਨਾ ਭਾਰਦਵਾਜ, ਮਿਸ਼ਰੀ ਦੇਵੀ, ਸਨੇਹ ਲਤਾ, ਮੀਨਾਕਸ਼ੀ ਬਿਬਰਾ ਸੋਨੀਆ ਅਤੇ ਸੋਨਿਕਾ ਜੈਨ ਹਾਜ਼ਰ ਸਨ।

### ਰੈਣ ਸਬਾਈ ਕੀਰਤਨ ਅੱਜ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ)-ਗੁਰਦੁਆਰਾ ਤੰਬੂ ਸਾਹਿਬ ਵਿਖੇ 13 ਮਈ ਦੀ ਰਾਤ ਤੋਂ 14 ਮਈ ਦੀ ਸੁਬ੍ਹਾ ਤੱਕ ਰੈਣ-ਸਬਾਈ ਕੀਰਤਨ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਭਾਈ ਮਹਿੰਦਰ ਸਿੰਘ ਨੇ ਦੱਸਿਆ ਕਿ ਇਹ ਸਮਾਗਮ ਚਾਲੀ ਮੁਕਤਿਆਂ ਦੀ ਯਾਦ ਨੂੰ ਸਮਰਪਤ ਹੋਵੇਗਾ। ਸਮਾਗਮ ਸਮੂਹ ਸ੍ਰੀ ਸੁਖਮਨੀ ਸਾਹਿਬ ਸੁਸਾਇਟੀਆਂ, ਜਥਾ ਬਾਬਾ ਬਿਧੀ ਚੰਦ , ਇੰਟਰਨੈਸ਼ਨਲ ਅਖੰਡ ਕੀਰਤਨੀ ਜਥਾ ਅਤੇ ਮੈਨੇਜਰ ਸ੍ਰੀ ਦਰਬਾਰ ਸਾਹਿਬ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੀਰਤਨ ਸਮਾਗਮ ਦੌਰਾਨ ਉਚ ਕੋਟੀ ਦੇ ਰਾਗੀ ਸ਼ਬਦ ਗਾਇਨ ਕਰਨਗੇ। ਇਸ ਮੌਕੇ ਅੰਮ੍ਰਿਤ ਸੰਚਾਰ ਵੀ ਕੀਤਾ ਜਾਵੇਗਾ। ਉਨ੍ਹਾਂ ਸਮੂਹ ਸੰਗਤਾਂ ਨੂੰ ਇਸ ਸਮਾਗਮ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

### ਸਪਰਿੰਗ ਫੀਲਡ ਸਕੂਲ 'ਚ ਮਨਾਇਆ ਮਾਂ ਦਿਵਸ

ਬਾਘਾ ਪੁਰਾਣਾ, (ਮਨੀ ਸਿੰਗਲਾ)-ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿਚ ਅੱਜ ਮਾਂ ਦਿਵਸ ਮਨਾਇਆ ਗਿਆ, ਜਿਸ ਵਿਚ ਸਕੂਲ ਦੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਜਿਸ ਵਿਚ ਸਪਰਿੰਗ ਪਰਲ ਨਰਸਰੀ ਬਲਾਕ ਦੇ ਬੱਚਿਆਂ ਨੇ ਮਾਂ ਨੂੰ ਸਮਰਪਤ ਦਿਲ ਨੂੰ ਛੂਹਣ ਵਾਲਾ ਡਾਂਸ ਪੇਸ਼ ਕੀਤਾ ਅਤੇ ਮਮਤਾ ਮੈਡਮ ਦੀ ਰਹਿਨੁਮਾਈ ਹੇਠ ਬਹੁਤ ਸੁੰਦਰ ਚਾਰਟ ਮੇਕਿੰਗ ਦੀ ਪ੍ਰਤੀਯੋਗਤਾ ਕਰਵਾਈ। ਬੱਚਿਆਂ ਵੱਲੋਂ ਮਾਂ ਦਿਵਸ ਨੂੰ ਸਮਰਪਤ ਵੱਖ-ਵੱਖ ਭਾਸ਼ਣ ਅਤੇ ਗੀਤ ਪੇਸ਼ ਕੀਤੇ ਗਏ। ਮੈਡਮ ਆਰਜੂ ਦੀ ਅਗਵਾਈ ਹੇਠ ਗਿਆਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਨਾਟਕ ਪੇਸ਼ ਕੀਤਾ। ਇਸ ਮੌਕੇ ਸਕੂਲ ਦੇ ਸਾਰੇ ਬੱਚਿਆਂ ਨੇ ਮਾਂ ਦਿਵਸ ਦੇ ਮੌਕੇ 'ਤੇ ਆਪਣੀਆਂ ਮਾਵਾਂ ਲਈ ਸ਼ੁੱਭਕਾਮਨਾਵਾਂ ਵਾਲੇ ਦਿਲਕਸ਼ ਕਾਰਡ ਤਿਆਰ ਕੀਤੇ ਅਤੇ ਚੇਅਰਮੈਨ ਨਰ ਸਿੰਘ ਬਰਾੜ ਨੇ ਦੱਸਿਆ ਕਿ ਮਾਤਾ ਦਾ ਦਰਜ ਪ੍ਰਮਾਤਮਾ ਦੇ ਬਰਾਬਰ ਹੈ। ਮਾਤਾ ਦੀ ਪੂਜਾ ਪ੍ਰਮਾਤਮਾ ਦੀ ਪੂਜਾ ਹੈ। ਬੱਚਿਆਂ ਨੂੰ ਆਪਣੀ ਮਾਤਾ ਦਾ ਮਾਣ ਸਨਮਾਨ ਕਰਨਾ ਚਾਹੀਦਾ ਹੈ, ਕਿਉਂਕਿ ਮਾਤਾ ਦਾ ਬੱਚੇ ਦੀ ਸਫਲ ਜ਼ਿੰਦਗੀ ਬਣਾਉਣ ਵਿਚ ਸਭ ਰਿਸ਼ਤਿਆਂ ਤੋਂ ਵੱਧ ਹਿੱਸਾ ਹੁੰਦਾ ਹੈ ਅਤੇ ਪ੍ਰਿੰਸੀਪਲ ਬਾਇਜੂ ਵਿਜੇ ਨੇ ਬੱਚਿਆਂ ਨੂੰ ਮਾਂ ਦਿਵਸ ਦੀ ਮਹੱਤਤਾ ਬਾਰੇ ਸੁੰਦਰ ਵਿਚਾਰ ਦੱਸੇ ਅਤੇ ਸਾਰੇ ਬੱਚਿਆਂ ਅਤੇ ਸਟਾਫ਼ ਮੈਂਬਰਾਂ ਨੂੰ ਮਾਂ ਦਿਵਸ ਦੀ ਵਧਾਈ ਦਿੱਤੀ।

### 20 ਲੱਖ ਰੁਪਏ ਦਾ ਮਾਲ ਖੁਰਦ ਬੁਰਦ ਕਰਨ ਦੇ ਦੋਸ਼ 'ਚ ਦੋ ਵਿਰੁੱਧ ਮਾਮਲਾ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)- ਮੰਡੀ ਗੋਬਿੰਦਗੜ੍ਹ ਤੋਂ ਟਰੱਕ 'ਚ ਲੱਦ ਕੇ ਮੱਧ ਪ੍ਰਦੇਸ਼ ਭੇਜੇ ਗਏ ਮਾਲ ਨੂੰ ਖੁਰਦ ਬੁਰਦ ਕਰਨ ਦੇ ਦੋਸ਼ 'ਚ ਮੰਡੀ ਗੋਬਿੰਦਗੜ੍ਹ ਪੁਲਿਸ ਵੱਲੋਂ ਦੋ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਕਜ ਨਾਮਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਮਿੱਲਾਂ ਤੋਂ ਮਾਲ ਖਰੀਦ ਕੇ ਵੱਖ-ਵੱਖ ਰਾਜਾਂ 'ਚ ਭੇਜਣ ਦਾ ਕੰਮ ਕਰਦਾ ਹੈ ਤੇ ਬੀਤੀ 22 ਅਪ੍ਰੈਲ ਨੂੰ ਉਸ ਵੱਲੋਂ ਮੰਡੀ ਗੋਬਿੰਦਗੜ੍ਹ ਦੀਆਂ ਵੱਖ-ਵੱਖ ਮਿੱਲਾਂ ਤੋਂ 20,02,978 ਰੁਪਏ ਦਾ ਮਾਲ ਖਰੀਦ ਕੇ ਇੱਕ ਟਰਾਂਸਪੋਰਟ ਦੇ ਪ੍ਰਬੰਧਕ ਬਿੰਦਰ ਸ਼ਰਮਾ ਰਾਹੀਂ ਟਰੱਕ 'ਚ ਮੱਧ ਪ੍ਰਦੇਸ਼ਾਂ ਦੀਆਂ ਫਰਮਾਂ ਨੂੰ ਭੇਜਿਆ ਗਿਆ ਸੀ ਜੋ ਕਿ ਉੱਥੇ ਨਹੀਂ ਪਹੁੰਚਾਇਆ ਗਿਆ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਬਿੰਦਰ ਸ਼ਰਮਾ ਨੇ ਟਰੱਕ ਦੇ ਚਾਲਕ ਨਾਲ ਮਿਲੀਭੁਗਤ ਕਰਕੇ ਉਸ ਦਾ ਮਾਲ ਰਾਸਤੇ ਵਿੱਚ ਹੀ ਕਿਧਰੇ ਖੁਰਦ ਬੁਰਦ ਕਰ ਦਿੱਤਾ। ਬਿੰਦਰ ਸ਼ਰਮਾ ਅਤੇ ਟਰੱਕ ਦੇ ਅਣਪਛਾਤੇ ਚਾਲਕ ਵਿਰੁੱਧ ਮੁਕੱਦਮਾ ਦਰਜ ਕਰਕੇ ਸਹਾਇਕ ਥਾਣੇਦਾਰ ਅਮਰੀਕ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਕਰਜ਼ੇ ਤੋਂ ਪ੍ਰੇਸ਼ਾਨ ਨੌਜਵਾਨ ਨੇ ਕੀਤੀ ਖੁਦਕੁਸ਼ੀ



ਬਠਿੰਡਾ (ਪਰਵਿੰਦਰ ਜੀਤ ਸਿੰਘ)- ਸਰਕਾਰਾਂ ਭਾਵੇਂ ਲੱਖ ਦਾਅਵੇ ਕਰਦੀਆਂ ਨਾ ਥੱਕਦੀਆਂ ਹੋਣ, ਪ੍ਰੰਤੂ ਅੱਜ ਵੀ ਕਰਜ਼ਾ ਆਮ ਲੋਕਾਂ ਨੂੰ ਮੱਕੜਜਾਲ ਵਾਂਗ ਆਪਣੇ ਕਲਾਵੇ 'ਚ ਲੈ ਰਿਹੈ ਅਤੇ ਇਸ ਦੀ ਤਾਜ਼ਾ ਮਿਸਾਲ ਸਬ ਡਵੀਜ਼ਨ ਤਲਵੰਡੀ ਸਾਬੋ ਦੇ ਪਿੰਡ ਜੋਗੇਵਾਲਾ 'ਚ ਸਾਹਮਣੇ ਆਈ ਹੈ, ਜਿੱਥੇ ਕਰਜ਼ੇ ਤੋਂ ਪ੍ਰੇਸ਼ਾਨ ਇੱਕ ਨੌਜਵਾਨ ਮਿਸਤਰੀ ਨੇ ਬੀਤੀ ਰਾਤ ਫਾਹਾ ਲੈ ਕੇ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ। ਮਿਲੀ ਜਾਣਕਾਰੀ ਅਨੁਸਾਰ ਸੁਖਪਾਲ ਸਿੰਘ ਉਮਰ ਕਰੀਬ ਤੀਹ ਸਾਲ ਲੱਕੜ ਦੇ ਮਿਸਤਰੀ ਵਜੋਂ ਕੰਮ ਕਰਦਾ ਸੀ। ਪਿੰਡ ਵਾਸੀਆਂ ਮੁਤਾਬਿਕ ਉਸ ਦੇ ਸਿਰ 'ਤੇ ਪੰਜ ਲੱਖ ਰੁਪਏ ਦੇ ਕਰੀਬ ਕਰਜ਼ਾ ਸੀ। ਉਕਤ ਕਰਜ਼ਾ ਨਾ ਮੋੜ ਸਕਣ ਕਾਰਨ ਤੇ ਕੰਮ ਧੰਦੇ ਵਿੱਚ ਵੀ ਕੋਈ ਮੁਨਾਫਾ ਨਾ ਹੁੰਦਾ ਦੇਖ ਸੁਖਪਾਲ ਸਿੰਘ ਪਿਛਲੇ ਸਮੇਂ ਤੋਂ ਪ੍ਰੇਸ਼ਾਨ ਰਹਿਣ ਲੱਗ ਪਿਆ ਸੀ। ਸੁਖਪਾਲ ਸਿੰਘ ਦੇ ਰਿਸ਼ਤੇਦਾਰ ਜੀਵਨ ਸਿੰਘ ਮੁਤਾਬਿਕ ਇਸੇ ਪ੍ਰੇਸ਼ਾਨੀ 'ਚ ਬੀਤੀ ਰਾਤ ਉਸ ਨੇ ਆਪਣੇ ਘਰ ਦੇ ਇੱਕ ਕੋਨੇ ਵਿੱਚ ਫਾਹਾ ਲਗਾ ਕੇ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ। ਮ੍ਰਿਤਕ ਨੌਜਵਾਨ ਆਪਣੇ ਪਿੱਛੇ ਪਤਨੀ ਤੇ ਦੋ ਬੱਚੇ ਛੱਡ ਗਿਆ ਹੈ। ਪਿੰਡ ਦੀ ਮਹਿਲਾ ਸਰਪੰਚ ਬੀਬੀ ਸੁਖਵਿੰਦਰ ਕੌਰ, ਨੌਜਵਾਨ ਆਗੂ ਜਗਦੇਵ ਸਿੰਘ ਤੇ ਸੀਨੀ. ਅਕਾਲੀ ਆਗੂ ਗੁਰਤੇਜ ਸਿੰਘ ਜੋਗੇਵਾਲਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਮ੍ਰਿਤਕ ਦੇ ਸਮੁੱਚੇ ਕਰਜ਼ੇ 'ਤੇ ਲਕੀਰ ਮਾਰੀ ਜਾਵੇ ਤੇ ਉਸ ਦੇ ਪਰਿਵਾਰ ਦੀ ਯੋਗ ਆਰਥਿਕ ਮਦਦ ਕੀਤੀ ਜਾਵੇ।

# ਨਗਰ ਕੌਂਸਲ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਸੈਮੀਨਾਰ

### ਸਕੂਲੀ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ



ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਨਗਰ ਕੌਂਸਲ ਮਾਛੀਵਾੜਾ ਵੱਲੋਂ ਸਵੱਛ ਭਾਰਤ ਮੁਹਿਮ ਤਹਿਤ ਕਮਿਊਨਿਟੀ ਸੈਂਟਰ ਵਿਖੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਦੇ ਮੁਕਾਬਲੇ ਵੀ ਕਰਵਾਏ ਗਏ। ਸੈਮੀਨਾਰ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਤੇ ਵਿਦਿਆਰਥੀਆਂ ਨੂੰ ਕਾਰਜ ਸਾਧਕ ਅਫ਼ਸਰ ਹਰਨਰਿੰਦਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਪਲਾਸਟਿਕ ਦੀ ਵਰਤੋਂ ਨਾ ਕਰਨ ਦੀ ਅਪੀਲ ਕੀਤੀ, ਉੱਥੇ ਗਿੱਲੇ ਕੂੜੇ ਤੋਂ ਤਿਆਰ ਕੀਤੀ ਖਾਦ ਬਾਰੇ ਵੀ ਜਾਣਕਾਰੀ ਦਿੱਤੀ। ਕੌਂਸਲ ਅਧਿਕਾਰੀਆਂ ਨੇ ਕਿਹਾ ਕਿ ਸਵੱਛ ਭਾਰਤ ਮੁਹਿਮ ਤਹਿਤ ਅਜਿਹੇ ਸਮਾਗਮ ਕਰਵਾ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ ਕਿ ਉਹ ਸਿੰਗਲ ਯੂਜ਼ ਪਲਾਸਟਿਕ ਦੇ ਸਾਮਾਨ ਦੀ ਵਰਤੋਂ ਨਾ ਕਰਨ ਤਾਂ ਜੋ ਸ਼ਹਿਰ ਜ਼ੀਰੋ ਵੇਸਟ ਹੋ ਸਕੇ। ਉਨ੍ਹਾ ਕਿਹਾ ਕਿ ਸ਼ਹਿਰ ਨੂੰ ਸਾਫ਼-ਸੁਥਰਾ ਤੇ ਵਾਤਾਵਰਨ ਨੂੰ ਹਰਿਆ-ਭਰਿਆ ਰੱਖਣ ਲਈ ਲੋਕਾਂ ਦਾ ਸਹਿਯੋਗ ਜ਼ਰੂਰੀ ਹੈ। ਇਸ ਤੋਂ ਇਲਾਵਾ 13 ਸਕੂਲਾਂ ਦੇ ਵਿਦਿਆਰਥੀਆਂ ਨੇ ਸੈਮੀਨਾਰ 'ਚ ਭਾਗ ਲੈ ਕੇ 2200 ਦੇ ਲੱਗਭਗ ਪਲਾਸਟਿਕ ਦੀਆਂ ਬੋਤਲਾਂ ਤੋਂ ਬਰਿਕਸ, ਅਖ਼ਬਾਰਾਂ ਤੋਂ ਤਿਆਰ ਕੀਤੇ ਲਿਫ਼ਾਫੇ ਤੇ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਲਈ ਮਾਡਲ ਬਣਾਏ। ਮੁਕਾਬਲਿਆਂ 'ਚ 957 ਬੋਤਲਾਂ ਨਾਲ ਸੈਕਰਡ ਹਾਰਟ ਸਕੂਲ ਨੇ ਪਹਿਲਾ, 890 ਬੋਤਲਾਂ ਨਾਲ ਗਾਰਡਨਵੈਲੀ ਇੰਟਰਨੈਸ਼ਨਲ ਸਕੂਲ ਨੇ ਦੂਜਾ ਤੇ 234 ਬੋਤਲਾਂ ਨਾਲ ਮਾਤਾ ਹਰਦੇਈ ਸਕੂਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਪੇਪਰ ਬੈਗ ਮੁਕਾਬਲੇ ਵੀ ਕਰਵਾਏ ਗਏ, ਜਿਸ ਵਿੱਚ ਨੈਸ਼ਨਲ ਮਾਡਲ ਸਕੂਲ ਪਹਿਲੇ, ਗਾਰਡਨਵੈਲੀ ਸਕੂਲ ਦੂਜੇ ਤੇ ਮਾਤਾ ਹਰਦੇਈ ਸਕੂਲ ਤੀਜੇ ਸਥਾਨ 'ਤੇ ਰਹੇ। ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡਣ ਦੀ ਰਸਮ ਕਾਰਜ ਸਾਧਕ ਅਫ਼ਸਰ ਹਰਨਰਿੰਦਰ ਸਿੰਘ ਤੇ ਪੀ ਏ ਸੁਖਵਿੰਦਰ ਸਿੰਘ ਗਿੱਲ ਨੇ ਅਦਾ ਕੀਤੀ। ਇਸ ਮੌਕੇ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ, ਚੇਅਰਮੈਨ ਧਰਮਵੀਰ ਧੰਮੀ, ਪਰਮਜੀਤ ਸਿੰਘ ਨੀਲੋਂ, ਰੇਨੂੰ ਬੈਂਸ, ਨਵਨੀਤ ਕੌਰ, ਕੁਲਵੰਤ ਕੌਰ ਨੀਲੋਂ, ਪ੍ਰਵੀਨ ਮੱਕੜ, ਅਵਤਾਰ ਸਿੰਘ ਤਾਰੀ, ਹੈਪੀ ਬੈਨੀਪਾਲ, ਰਣਜੀਤ ਕੌਰ ਰਾਣੀ, ਹਰੀਪਾਲ ਸਿੰਘ, ਮੇਜਰ ਸਿੰਘ, ਗਗਨਪ੍ਰੀਤ ਕੌਰ, ਭਵਨਪ੍ਰੀਤ ਸਿੰਘ, ਪ੍ਰਾਚੀ ਸੁਮਨ ਮੌਜੂਦ ਸਨ।

## ਬਾਬਾ ਫਰੀਦ ਕਾਲਜ ਆਫ ਨਰਸਿੰਗ ਵਿਖੇ ਪੋਸਟਰ ਮੇਕਿੰਗ ਮੁਕਾਬਲੇ



ਕੋਟਕਪੂਰਾ, (ਰਛਪਾਲ ਭੁੱਲਰ) - ਸਥਾਨਕ ਬਾਬਾ ਫਰੀਦ ਕਾਲਜ ਆਫ ਨਰਸਿੰਗ ਵਿਖੇ 'ਸਾਡੀਆਂ ਨਰਸਾਂ ਸਾਡਾ ਭਵਿੱਖ' ਥੀਮ ਤਹਿਤ ਕਰਵਾਏ ਗਏ ਪੋਸਟਰ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਜੌਹਰ ਦਿਖਾਇਆ। ਕਾਲਜ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਜੀਤ ਸਿੰਘ ਢਿੱਲੋਂ ਨੇ ਉਕਤ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੰਦਿਆਂ ਆਖਿਆ ਕਿ ਮਰੀਜ਼ਾਂ ਦੀ ਜਾਨ ਬਚਾਉਣ ਵਾਲੇ ਇਹ ਹੱਥ ਹਸਤਕਲਾਵਾਂ ਵਰਗੀ ਕਲਾਕਾਰੀ ਵਿੱਚ ਵੀ ਪੂਰੀ ਤਰਾਂ ਨਿਪੁੰਨ ਹਨ। ਡਿਪਟੀ ਡਾਇਰੈਕਟਰ ਡਾ. ਪ੍ਰੀਤਮ ਸਿੰਘ ਛੌਕਰ ਨੇ ਪ੍ਰਤੀਯੋਗੀਆਂ ਦੇ ਹੁਨਰ ਅਤੇ ਉਤਸ਼ਾਹ ਦੀ ਪ੍ਰਸ਼ੰਸਾ ਕਰਦਿਆਂ ਦੱਸਿਆ ਕਿ ਉਕਤ ਮੁਕਾਬਲਿਆਂ ਦੇ ਜੇਤੂਆਂ ਨੂੰ 12 ਮਈ ਦਿਨ ਸ਼ੁੱਕਰਵਾਰ ਨੂੰ ਅੰਤਰਰਾਸ਼ਟਰੀ ਨਰਸਿਜ਼ ਡੇ ਦੇ ਸੈਲੀਬਰੇਸ਼ਨ ਮੌਕੇ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ। ਕਾਲਜ ਪ੍ਰਬੰਧਕ ਅਫਸਰ ਹਰਪ੍ਰੀਤ ਸਿੰਘ ਢਿੱਲੋਂ ਨੇ ਪ੍ਰਤੀਯੋਗੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਆਖਿਆ ਕਿ ਬਾਬਾ ਫਰੀਦ ਨਰਸਿੰਗ ਕਾਲਜ ਦਾ ਸਮੁੱਚਾ ਸਟਾਫ ਸਮੇਂ ਸਮੇਂ ਵਿਦਿਆਰਥੀਆਂ ਨੂੰ ਵਿੱਦਿਅਕ ਪੜ੍ਹਾਈ ਦੇ ਨਾਲ ਨਾਲ ਧਾਰਮਕ, ਸਮਾਜਕ, ਵਾਤਾਵਰਣ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਉਤਸ਼ਾਹਤ ਕਰਨ ਸੰਬੰਧੀ ਪ੍ਰੋਗਰਾਮ ਕਰਾਉਂਦਾ ਰਹਿੰਦਾ ਹੈ। ਉਨ੍ਹਾ ਦੱਸਿਆ ਕਿ ਪੜ੍ਹਾਈ ਅਤੇ ਹੋਰ ਗਤੀਵਿਧੀਆਂ ਦੇ ਨਾਲ ਨਾਲ ਖੇਡਾਂ ਵਿੱਚ ਦਿਲਚਸਪੀ ਰੱਖਣ ਵਾਲੇ ਵਿਦਿਆਰਥੀ ਸਰੀਰਕ ਪੱਖੋਂ ਵੀ ਤੰਦਰੁਸਤ ਅਤੇ ਰਿਸ਼ਟ ਪੁਸ਼ਟ ਰਹਿੰਦੇ ਹਨ।

## ਸਰਬੱਤ ਦਾ ਭਲਾ ਟਰੱਸਟ ਵੱਲੋਂ 30 ਲੋੜਵੰਦ ਪਰਵਾਰਾਂ ਨੂੰ ਸਹਾਇਤਾ ਦੇ ਚੈੱਕ



ਤਲਵੰਡੀ ਭਾਈ, (ਬਹਾਦਰ ਸਿੰਘ ਭੁੱਲਰ)- ਵਿਸ਼ਵ ਪ੍ਰਸਿੱਧ ਸਮਾਜਸੇਵੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਤਲਵੰਡੀ ਭਾਈ ਵਿੱਚ ਕਰਵਾਏ ਗਏ ਇੱਕ ਸਾਦਾ ਸਮਾਗਮ ਦੌਰਾਨ ਤਲਵੰਡੀ ਭਾਈ ਅਤੇ ਮੁੱਦਕੀ ਇਲਾਕਿਆਂ ਨਾਲ ਸੰਬੰਧਤ 30 ਜ਼ਰੂਰਤਮੰਦ, ਵਿਧਵਾਵਾਂ ਅਤੇ ਅੰਗਹੀਣ ਪਰਵਾਰਾਂ ਨੂੰ ਆਰਥਕ ਸਹਾਇਤਾ ਰਾਸ਼ੀ ਦੇ ਚੈਕ ਵੰਡੇ ਗਏ। ਇਹ ਚੈਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਅਤੇ ਹੋਰ ਮੈਂਬਰਾਂ ਵੱਲੋਂ ਵੰਡੇ ਗਏ। ਸੰਸਥਾ ਦੀ ਇਸਤਰੀ ਵਿੰਗ ਜ਼ਿਲ੍ਹਾ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਅਤੇ ਬਹਾਦਰ ਸਿੰਘ ਭੁੱਲਰ ਬਲਾਕ ਪ੍ਰਧਾਨ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ ਓਬਰਾਏ ਵੱਲੋਂ ਲੋਕ ਭਲਾਈ ਨੇ ਕਈ ਹੋਰ ਕਾਰਜ ਸ਼ੁਰੂ ਕੀਤੇ ਹੋਏ ਹਨ। ਜਿਨ੍ਹਾਂ ਵਿੱਚ ਲੋੜਵੰਦਾਂ, ਅੰਗਹੀਣਾਂ ਅਤੇ ਵਿਧਵਾਵਾਂ ਨੂੰ ਮਹੀਨਾਵਾਰ ਪੈਨਸ਼ਨਾਂ, ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ, ਮੈਡੀਕਲ ਸਹਾਇਤਾ, ਕਈ ਤਰ੍ਹਾਂ ਦੇ ਹੱਥੀਂ ਹੁਨਰ ਵਾਲੇ ਸਿਖਲਾਈ ਕੋਰਸ, ਸਕੂਲਾਂ ਅਤੇ ਜਨਤਕ ਸਥਾਨਾਂ 'ਤੇ ਸਾਫ ਪਾਣੀ ਵਾਲੇ ਆਰ ਓ ਲਗਾਏ ਜਾਂਦੇ ਹਨ। ਇਸ ਮੌਕੇ ਨਰਿੰਦਰ ਕੁਮਾਰ ਬੇਰੀ ਕੈਸ਼ੀਅਰ, ਸੰਜੀਵ ਬਜਾਜ ਜਨਰਲ ਸਕੱਤਰ, ਸੁਖਜੀਤ ਸਿੰਘ ਹਰਾਜ, ਲਖਵਿੰਦਰ ਸਿੰਘ ਕਰਮੂਵਾਲਾ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

## ਮੁੱਖ ਖੇਤੀਬਾੜੀ ਅ.ਫ਼ਸਰ ਵੱਲੋਂ ਖਾਦ, ਬੀਜ ਤੇ ਦਵਾਈਆਂ ਦੇ ਡੀਲਰਾਂ ਨਾਲ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਫ਼ਿਰੋਜ਼ਪੁਰ ਵੱਲੋਂ ਮੁੱਖ ਖੇਤੀਬਾੜੀ ਅਫ਼ਸਰ ਡਾ. ਤੇਜਪਾਲ ਸਿੰਘ ਦੀ ਅਗਵਾਈ ਹੇਠ ਬਲਾਕ ਫ਼ਿਰੋਜ਼ਪੁਰ ਤੇ ਬਲਾਕ ਘੱਲ ਖੁਰਦ ਦੇ ਸਮੂਹ ਖਾਦ, ਬੀਜ ਤੇ ਪੈਸਟੀਸਾਈਡ ਦੇ ਡੀਲਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਮੁੱਖ ਖੇਤੀਬਾੜੀ ਅਫ਼ਸਰ ਫ਼ਿਰੋਜ਼ਪੁਰ ਵੱਲੋਂ ਉੱਚ ਮਿਆਰੀ ਉਤਪਾਦ ਦੀਆਂ ਚੀਜ਼ਾਂ ਵੇਚਣ ਦੀ ਹਦਾਇਤ ਕੀਤੀ ਗਈ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਬਿਨਾਂ ਪੱਕੇ ਬਿੱਲ ਕੋਈ ਵੀ ਉਤਪਾਦ ਕਿਸਾਨਾਂ ਨੂੰ ਨਾ ਵੇਚਿਆ ਜਾਵੇ ਤੇ ਸਾਰੇ ਖਾਦ, ਬੀਜ ਤੇ ਪੈਸਟੀਸਾਈਡ ਡੀਲਰਾਂ ਨੂੰ ਆਪਣੇ ਲਾਇਸੰਸ ਵਿੱਚ ਕੰਪਨੀ ਦੁਆਰਾ ਜਾਰੀ ਅਧਿਕਾਰ ਪੱਤਰ ਦਰਜ ਕਰਵਾਉਣ, ਸਟਾਕ ਰਜਿਸਟਰ ਰੋਜ਼ਾਨਾ ਮੁਕੰਮਲ ਰੱਖਣ, ਸਟਾਰ ਰਜਿਸਟਰ ਤੇ ਬਿੱਲ ਬੁੱਕਾਂ ਨੂੰ ਵਿਭਾਗ ਦੁਆਰਾ ਸਮੇਂ ਸਿਰ ਤਸਦੀਕਸ਼ੁਦਾ ਕਰਾਉਣ ਉਪਰੰਤ ਹੀ ਵਰਤਣ ਲਈ ਕਿਹਾ ਗਿਆ।ਡਾ. ਤੇਜਪਾਲ ਸਿੰਘ ਨੇ ਬਾਸਮਤੀ ਦੀ ਕਾਸ਼ਤ ਨੂੰ ਮੁੱਖ ਰੱਖਦੇ ਹੋਏ ਪਾਬੰਦੀਸ਼ੁਦਾ ਪੈਸਟੀਸਾਈਡ ਦੀ ਖ਼ਰੀਦ ਤੇ ਵਿੱਕਰੀ ਦੀ ਮੁਕੰਮਲ ਰੋਕ ਲਈ ਕਿਹਾ।ਇਸ ਮੌਕੇ ਖੇਤੀਬਾੜੀ ਵਿਭਾਗ ਫ਼ਿਰੋਜ਼ਪੁਰ ਤੇ ਖੇਤੀਬਾੜੀ ਵਿਭਾਗ ਘੱਲ ਖੁਰਦ ਬਲਾਕ ਦੇ ਅਫ਼ਸਰ ਡਾ. ਨਵਤੇਜ ਸਿੰਘ, ਡਾ. ਗੁਰਸਾਹਿਬ ਸਿੰਘ, ਖੇਤੀਬਾੜੀ ਅਫ਼ਸਰ ਡਾ. ਚਰਨਜੀਤ ਸਿੰਘ, ਡਾ. ਨੀਰਜ ਸ਼ਰਮਾ, ਡਾ. ਰਜਨੀਸ਼ ਕੁਮਾਰ, ਡਾ. ਮਨਿੰਦਰ ਸਿੰਘ, ਡਾ. ਸੁਖਵਿੰਦਰ ਕੌਰ, ਡਾ. ਮਨਦੀਪ ਕੌਰ ਤੋਂ ਇਲਾਵਾ ਖੇਤੀਬਾੜੀ ਉੱਪ ਨਰੀਖਣ ਦਵਿੰਦਰ ਸਿੰਘ, ਅਮਰਜੀਤ ਸਿੰਘ, ਗੁਰਬਖ਼ਸ਼ ਸਿੰਘ, ਗੁਰਲਾਲ ਸਿੰਘ, ਡੀਲਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਵਿਨੋਦ ਸੋਈ, ਅਸ਼ੋਕ ਸਚਦੇਵਾ, ਰਵਿੰਦਰ ਕੁਮਾਰ ਗਰਗ, ਤਰਸੇਮ ਵੱਤਾ ਮੌਜੂਦ ਸਨ।

## ਗਲਤ ਐਸਟੀਮੇਟ ਕਾਰਨ ਆਰਥਕ ਨੁਕਸਾਨ ਤੇ ਸ਼ੋਸ਼ਣ ਨਹੀਂ ਹੋਣ ਦਿੱਤਾ ਜਾਵੇਗਾ : ਸੰਯੁਕਤ ਕਿਸਾਨ ਮੋਰਚਾ



ਬੁਢਲਾਡਾ (ਅਸ਼ੋਕ ਲਾਕੜਾ)-ਸੰਯੁਕਤ ਕਿਸਾਨ ਮੋਰਚੇ ਵੱਲੋਂ ਹੋਈ ਤੇਜਾ ਸਿੰਘ ਸੁਤੰਤਰ ਭਵਨ ਮਾਨਸਾ ਵਿਖੇ ਮੀਟਿੰਗ ਵਿੱਚ ਬੁਢਲਾਡਾ ਦੇ ਪਿੰਡ ਚੱਕ ਭਾਈਕੇ ਵਿਖੇ ਮਹਿਕਮੇ ਵੱਲੋਂ ਬਣਾਏ ਗਲਤ ਐਸਟੀਮੇਟ ਕਾਰਨ ਮਹਿਕਮੇ ਦਾ ਆਰਥਕ ਨੁਕਸਾਨ ਨੂੰ ਰੋਕਣ ਅਤੇ ਖੇਤਾਂ 'ਚ ਗਲਤ ਖੰਭੇ ਲਾਉਣ ਦੇ ਵਿਰੋਧ ਵਿੱਚ ਚਲ ਰਹੇ ਧਰਨੇ ਦੀ ਹਮਾਇਤ ਕੀਤੀ ਗਈ ਸੀ। ਮੋਰਚੇ ਦੇ ਫੈਸਲੇ ਅਨਸਾਰ ਐਕਸੀਅਨ ਬੁਢਲਾਡਾ ਨੂੰ ਕ੍ਰਿਸ਼ਨ ਚੌਹਾਨ, ਅਮਰੀਕ ਫਫੜੇ ਭਾਈਕੇ, ਮਲਕੀਤ ਮੰਦਰਾਂ ਦੀ ਅਗਵਾਈ ਹੇਠ ਡੈਪੂਟੇਸ਼ਨ ਮਿਲਿਆ ਅਤੇ ਲਗਾਤਾਰ ਚਲ ਰਹੇ ਧਰਨੇ ਸੰਬੰਧੀ ਚਰਚਾ ਕੀਤੀ ਗਈ। ਮੋਰਚੇ ਦੇ ਆਗੂਆਂ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਚੱਕ ਭਾਈਕੇ ਬੁਢਲਾਡਾ ਵਿਖੇ 24 ਘੰਟੇ ਬਿਜਲੀ ਸਪਲਾਈ ਸੰਬੰਧੀ ਜੋ ਪਹਿਲੀ ਵਾਰ ਐਸਟੀਮੇਟ ਬਣਿਆ ਸੀ ਉਸ ਨੂੰ ਰੱਦ ਕਰਵਾਉਣ ਸੰਬੰਧੀ ਮਹਿਕਮੇ ਦੇ ਮੁਲਾਜ਼ਮ ਦੇ ਆਗੂ ਨੇ ਨਿੱਜੀ ਹਿੱਤ ਦੀ ਪੂਰਤੀ ਲਈ ਉਸ ਐਸਟੀਮੇਟ ਨੂੰ ਰੱਦ ਕਰਵਾ ਮਹਿਕਮੇ ਨੂੰ ਗੁੰਮਰਾਹ ਕਰਕੇ ਜੋ ਐਸਟੀਮੇਟ ਬਣੇ ਹਨ,ਉਸ ਨਾਲ ਮਹਿਕਮੇ ਦਾ ਆਰਥਕ ਨੁਕਸਾਨ ਹੋਵੇਗਾ ਤੇ ਕਿਸਾਨਾਂ ਨੂੰ ਵੀ ਨੁਕਸਾਨ ਹੋਵੇਗਾ। ਆਗੂਆਂ ਨੇ ਕਿਹਾ ਕਿ ਗਲਤ ਐਸਟੀਮੇਟਾਂ ਨੂੰ ਤੁਰੰਤ ਰੱਦ ਕੀਤਾ ਜਾਵੇ। ਇਸ ਸਮੇਂ ਕੁਲਵੰਤ ਕਿਸ਼ਨਗੜ੍ਹ, ਪ੍ਰਸ਼ੋਤਮ ਸਿੰਘ ਗਿੱਲ, ਸੀਤਾ ਰਾਮ ਗੋਬਿੰਦਪੁਰਾ ਆਦਿ ਮੋਰਚੇ ਦੇ ਆਗੂ ਸ਼ਾਮਲ ਹੋਏ। ਇਸ ਸੰਬੰਧੀ ਧਰਨਾ 14 ਵੇਂ ਦਿਨ ਵੀ ਜਾਰੀ ਰਿਹਾ।

## ਸਿਹਤ ਵਿਭਾਗ ਵੱਲੋਂ ਜਾਗਰੂਕਤਾ ਸਭਾ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਸਿਹਤ ਵਿਭਾਗ ਫਿਰੋਜ਼ਪੁਰ ਵੱਲੋਂ ਸਿਵਲ ਸਰਜਨ ਡਾ. ਰਾਜਿੰਦਰਪਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਵੱਖ-ਵੱਖ ਸਿਹਤ ਗਤੀਵਿਧੀਆਂ ਤਹਿਤ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਮੀਨਾਕਸ਼ੀ ਅਬਰੋਲ ਦੀ ਦੇਖ-ਰੇਖ 'ਚ ਅਰਬਨ ਪੀਐੱਚਸੀ ਫਿਰੋਜ਼ਪੁਰ ਛਾਉਣੀ ਵਿਖੇ ਜਾਗਰੂਕਤਾ ਸਭਾ ਕੀਤੀ ਗਈ, ਜਿਸ ਵਿੱਚ ਸੰਸਥਾ ਦੇ ਮੈਡੀਕਲ ਅਫਸਰ ਡਾ. ਪ੍ਰੇਮਦੀਪ ਕੌਰ ਨੇ ਵੱਖ-ਵੱਖ ਸਿਹਤ ਸਕੀਮਾਂ ਅਧੀਨ ਸਰਕਾਰ ਵੱਲੋਂ ਉਪਲਬੱਧ ਕਰਵਾਈਆਂ ਜਾਂਦੀਆਂ ਸਿਹਤ ਸਹੂਲਤਾਂ ਬਾਰੇ ਹਾਜ਼ਰੀਨ ਨੂੰ ਜਾਣਕਾਰੀ ਦਿੱਤੀ ਗਈ।ਡਾ. ਪ੍ਰੇਮਦੀਪ ਕੌਰ ਨੇ ਦੱਸਿਆ ਕਿ ਜਨਨੀ ਸ਼ਿਸ਼ੂ ਸੁਰੱਖਿਆ ਪ੍ਰੋਗਰਾਮ ਅਧੀਨ ਗਰਭਵਤੀ ਔਰਤਾਂ ਨੂੰ ਸਰਕਾਰੀ ਹਸਪਤਾਲਾਂ ਵਿਖੇ ਮੁਫਤ ਜਣੇਪਾ ਸਹੂਲਤਾਂ ਉਪਲਬੱਧ ਕਰਵਾਈਆਂ ਜਾਂਦੀਆਂ ਹਨ।ਉਨ੍ਹਾਂ ਵਿਭਾਗ ਵੱਲੋਂ ਚਲਾਏ ਜਾ ਰਹੇ ਟੀਕਾਕਰਨ ਪ੍ਰੋਗਰਾਮ ਅਧੀਨ ਗਰਭਵਤੀਆਂ ਤੇ ਬੱਚਿਆਂ ਦੇ ਟੀਕਾਕਰਨ ਸ਼ਡਿਊਲ ਅਤੇ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਵੀ ਦੱਸਿਆ। ਇਸ ਮੌਕੇ ਮਾਸ ਮੀਡੀਆ ਅਫਸਰ ਰੰਜੀਵ ਨੇ ਪੀਸੀਪੀਐੱਨਡੀਟੀ ਐਕਟ ਸਬੰਧੀ ਦੱਸਿਆ।ਇਸ ਦੌਰਾਨ ਗਤੀਵਿਧੀ ਸੰਚਾਲਨ ਵਿੱਚ ਸਟਾਫ ਨਰਸ ਲਖਵਿੰਦਰ ਕੌਰ ਤੇ ਏ ਐੱਨ ਐੱਮ ਰਿਬਿਕਾ ਨੇ ਵਿਸ਼ੇਸ਼ ਸਹਿਯੋਗ ਦਿੱਤਾ।

## ਮਾਲਵਾ ਕਾਲਜ 'ਚ ਵਿਦਿਆਰਥਣਾਂ ਨੇ ਮੋਮਬੱਤੀਆਂ ਜਗਾ ਕੇ ਮਨਾਇਆ ਨਰਸਿੰਗ ਦਿਵਸ



ਸਰਦੂਲਗੜ੍ਹ (ਅਵਤਾਰ ਜਟਾਣਾ) - ਦੁਨੀਆ 'ਤੇ ਮਾਂ ਨੂੰ ਰੱਬ ਦਾ ਦਰਜਾ ਦਿੱਤਾ ਗਿਆ ਹੈ ਪਰ ਜ਼ਿੰਦਗੀ ਵਿੱਚ ਕਈ ਵਾਰ ਅਜਿਹੇ ਹਾਲਾਤ ਪੈਦਾ ਹੁੰਦੇ ਹਨ ਜਿੱਥੇ ਮਾਂ ਤੋਂ ਵੱਧ ਮਮਤਾ ਵਾਲਾ ਰੋਲ ਨਰਸ ਅਦਾ ਕਰਦੀ ਹੈ। ਇੱਕ ਨਰਸ ਆਪਣੇ ਫਰਜ਼ਾਂ ਨੂੰ ਪੂਰਾ ਕਰਦੇ ਹੋਏ ਸੈਂਕੜੇ ਵਾਰ ਆਪਣਾ ਜੀਵਨ ਖਤਰੇ ਵਿੱਚ ਪਾ ਕੇ ਹਜ਼ਾਰਾਂ ਜ਼ਿੰਦਗੀਆਂ ਬਚਾਉਣ ਦੀ ਸੇਵਾ ਕਰਨ ਵਾਲੇ ਅਸਲੀ ਨਾਇਕਾਂ ਤੋਂ ਘੱਟ ਨਹੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਮਾਲਵਾ ਗਰੁੱਪ ਆਫ਼ ਕਾਲਜ ਸਰਦੂਲੇਵਾਲਾ ਦੇ ਚੇਅਰਮੈਨ ਜਤਿੰਦਰ ਸਿੰਘ ਸੋਢੀ ਨੇ ਸੰਸਥਾ ਵਿਖੇ ਨਰਸਿੰਗ ਦਿਵਸ ਸੰਬੰਧੀ ਕਰਵਾਏ ਗਏ ਸੈਮੀਨਾਰ ਦੌਰਾਨ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾ ਦੱਸਿਆ ਕਿ ਇਹ ਦਿਵਸ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਨੂੰ ਸਮਰਪਤ ਹੁੰਦਾ ਹੈ। ਉਹ ਅੱਜ ਵੀ ਦੁਨੀਆ ਭਰ ਦੀਆਂ ਨਰਸਾਂ ਦੇ ਮਾਰਗਦਰਸ਼ਕ ਹਨ। ਉਨ੍ਹਾ ਦਾ ਜਨਮ 12 ਮਈ 1820 ਨੂੰ ਇਟਲੀ ਵਿੱਚ ਹੋਇਆ ਸੀ। ਉਨ੍ਹਾ ਆਪਣੇ ਸਮੇਂ ਰੋਗੀਆਂ ਦੀ ਘਰ-ਘਰ ਜਾ ਕੇ ਦੇਖਭਾਲ ਕੀਤੀ ਅਤੇ 1860 ਵਿੱਚ ਨਰਸਿੰਗ ਟ੍ਰੇਨਿੰਗ ਦੇ ਸਕੂਲ ਖੋਲ੍ਹੇ। ਉਹ ਯੁੱਧ ਵਿੱਚ ਜ਼ਖਮੀ ਹੋਏ ਸਿਪਾਹੀਆਂ ਨੂੰ ਸੰਭਾਲਦੇ ਸਨ । ਰਾਤ ਸਮੇਂ ਲਾਈਟ ਨਾ ਹੋਣ ਕਰਕੇ ਉਹ ਆਪਣੇ ਨਾਲ ਰੋਸ਼ਨੀ ਦੇ ਲੈਂਪ ਲੈ ਕੇ ਜਾਂਦੇ ਸਨ । ਇਸ ਲਈ ਉਨ੍ਹਾਂ ਨੂੰ 'ਦ ਲੇਡੀ ਵਿੱਦ ਲੈਂਪ' ਵੀ ਕਿਹਾ ਜਾਂਦਾ ਸੀ । ਨਰਸ ਦਾ ਕੋਰਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਮਾਜ ਵਿੱਚ ਬਿਮਾਰ ਅਤੇ ਹਾਦਸਿਆਂ ਦੇ ਸ਼ਿਕਾਰ ਲੋਕਾਂ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਮਿਲਦੀ ਹੈ। ਨਰਸਾਂ ਰੋਗੀਆਂ ਦੀ ਦੇਖਭਾਲ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ। ਜੇਕਰ ਅਸੀਂ ਆਪਣੇ ਇਤਿਹਾਸ ਵਿੱਚ ਝਾਤੀ ਮਾਰੀਏ ਤਾਂ ਭਾਈ ਘਨੱਈਆ ਜੀ ਨੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਯੁੱਧ ਸਮੇਂ ਆਪਣੇ ਸਿੰਘਾਂ ਦੀ ਹੀ ਨਹੀਂ ਬਲਕਿ ਮੁਗਲਾਂ ਦੇ ਜ਼ਖਮੀ ਸੈਨਿਕਾਂ ਦੀ ਦੇਖਭਾਲ ਕਰਕੇ ਦੁਨੀਆ ਨੂੰ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੱਤਾ। ਇਸ ਸਮਾਗਮ ਵਿੱਚ ਸੰਸਥਾਂ ਦੀਆ ਵਿਦਿਆਰਥਣਾਂ ਨੇ ਮੋਮਬੱਤੀਆਂ ਜਗਾ ਕੇ ਆਪਣੇ ਕਿੱਤੇ ਨੂੰ ਇਮਾਨਦਾਰੀ ਨਾਲ ਨਿਭਾਉਣ ਦਾ ਪ੍ਰਣ ਲਿਆ। ਇਸ ਸੈਮੀਨਾਰ ਮੌਕੇ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਨਰਸਾਂ ਦੀ ਸਮਾਜ ਵਿੱਚ ਮਹੱਤਤਾ ਬਾਰੇਆਪਣੇ ਵਿਚਾਰ ਪੇਸ਼ ਕੀਤੇ ।

## ਮਰਹੂਮ ਸੰਦੀਪ ਸਿੰਗਲਾ ਦੀ ਯਾਦ 'ਚ ਗਊਧਨ ਸੇਵਾ ਕੈਂਪ



ਧੂਰੀ (ਸੁਖਦੇਵ ਧੂਰੀ)-ਕੈਮਿਸਟ ਐਸੋਸੀਏਸ਼ਨ ਧੂਰੀ ਵੱਲੋਂ ਇੰਡੀਅਨ ਵੈੱਟ ਫਾਰਮਾ ਦੇ ਸਹਿਯੋਗ ਨਾਲ ਮਰਹੂਮ ਆਪ ਆਗੂ ਸੰਦੀਪ ਸਿੰਗਲਾ ਦੀ ਨਿੱਘੀ ਯਾਦ ਨੂੰ ਸਮਰਪਤ ਗਊਧਨ ਚੈੱਕ-ਅੱਪ ਕੈਂਪ ਸਥਾਨਕ ਮੰਗਲਾ ਆਸ਼ਰਮ (ਗਊਸ਼ਾਲਾ) ਵਿਖੇ ਲਗਾਇਆ ਗਿਆ। ਇਸ ਕੈਂਪ ਵਿੱਚ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ ਬਤੌਰ ਮੁੱਖ ਮਹਿਮਾਨ ਤੇ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਸੁਖਵਿੰਦਰ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਅਸ਼ੋਕ ਕੁਮਾਰ ਲੱਖਾ ਨੇ ਗਊ ਸੇਵਾ ਨੂੰ ਉੱਤਮ ਸੇਵਾ ਕਰਾਰ ਦਿੰਦੇ ਹੋਏ ਪੂਰੇ ਪੰਜਾਬ ਅੰਦਰ ਘੁੰਮ ਰਹੀਆਂ ਬੇਸਹਾਰਾ ਗਊਆਂ ਦੀ ਸੰਭਾਲ ਲਈ ਭਗਵੰਤ ਮਾਨ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਨੇੜ ਭਵਿੱਖ ਵਿੱਚ ਬੇਸਹਾਰਾ ਪਸ਼ੂਆਂ ਦੀ ਸਮੱਸਿਆ ਤੋਂ ਨਿਜਾਤ ਮਿਲਣ ਦੀ ਪੂਰੀ ਸੰਭਾਵਨਾ ਹੈ, ਕਿਉਂਕਿ ਸਰਕਾਰ ਨੇ ਇਸ ਦਿਸ਼ਾ ਵਿੱਚ ਠੋਸ ਉਪਰਾਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਇਸ ਮੌਕੇ ਡਿਪਟੀ ਡਾਇਰੈਕਟਰ ਡਾ. ਸੁਖਵਿੰਦਰ ਸਿੰਘ ਨੇ ਪਸ਼ੂ ਪਾਲਣ ਵਿਭਾਗ ਵੱਲੋਂ ਬਹੁਤ ਹੀ ਤਨਦੇਹੀ ਨਾਲ ਗਊਸ਼ਾਲਾਵਾਂ ਵਿੱਚ ਸੇਵਾ ਕਰਨ ਦਾ ਅਹਿਦ ਦੁਹਰਾਇਆ। ਇਸ ਮੌਕੇ ਡਾ. ਟੀ ਪੀ ਸਿੰਘ ਨੇ ਇਸ ਕੈਂਪ ਬਦਲੇ ਕੈਮਿਸਟ ਐਸੋਸੀਏਸ਼ਨ ਧੂਰੀ ਤੇ ਇੰਡੀਅਨ ਵੈੱਟ ਫਾਰਮਾ ਦਾ ਧੰਨਵਾਦ ਕੀਤਾ। ਸਾਬਕਾ ਡੀ ਪੀ ਆਰ ਓ ਮਨਜੀਤ ਸਿੰਘ ਬਖ਼ਸ਼ੀ ਨੇ ਗਊਸ਼ਾਲਾ ਕਮੇਟੀ ਤੇ ਕੈਮਿਸਟ ਐਸੋਸੀਏਸ਼ਨ ਦੇ ਇਸ ਕਾਰਜ ਦੀ ਪ੍ਰਸ਼ੰਸਾ ਕਰਦਿਆਂ ਗਊ ਸੇਵਾ ਦੀ ਅਹਿਮੀਅਤ 'ਤੇ ਚਾਨਣਾ ਪਾਇਆ। ਪ੍ਰੋਗਰਾਮ ਦੇ ਅਖੀਰ 'ਚ ਇੰਡੀਅਨ ਵੈੱਟ ਫਾਰਮਾ ਵੱਲੋਂ ਵਿਜੇ ਸੋਫਤ ਬਿੱਟੂ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸਮਾਜ ਸੇਵੀ ਨਰੇਸ਼ ਕੁਮਾਰ ਮੰਗੀ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਸੰਤ ਕੁਮਾਰ, ਸੰਜੇ ਸਿੰਗਲਾ, ਰਾਕੇਸ਼ ਕੁਮਾਰ ਗਰਗ, ਸੁਰੇਸ਼ ਕੁਮਾਰ ਬੱਬੂ, ਸੁਰੇਸ਼ ਬਾਂਸਲ ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਬਾਬਾ ਸਾਹਿਬ ਸਿੰਘ ਤੇ ਬਾਬਾ ਫਤਿਹ ਸਿੰਘ ਦੀ ਯਾਦ 'ਚ ਧਾਰਮਕ ਸਮਾਗਮ



ਕੋਟ ਈਸੇ ਖਾਂ (ਅਰੋੜਾ)-ਧੰਨ ਧੰਨ ਬਾਬਾ ਸਾਹਿਬ ਸਿੰਘ ਜੀ ਸ਼ਹੀਦ ਤੇ ਸੰਤ ਬਾਬਾ ਫਤਿਹ ਸਿੰਘ ਜੀ ਦੀ ਯਾਦ 'ਚ ਪਿੰਡ ਖੋਸਾ ਪਾਂਡੋ ਵਿਖੇ ਤੰਤੀ ਸਾਜ਼ਾਂ ਨਾਲ ਰਾਗ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਸਿੰਘ ਸਾਹਿਬ ਗਿਆਨੀ ਅਵਤਾਰ ਸਿੰਘ ਜੀ ਸ਼ੀਤਲ ਸਾਬਕਾ ਮੀਤ ਗ੍ਰੰਥੀ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ, ਸਿੰਘ ਸਾਹਿਬ ਗਿਆਨੀ ਪਰਮਵੀਰ ਸਿੰਘ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ, ਗਿਆਨੀ ਕਮਲਜੀਤ ਸਿੰਘ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਪਟਨਾ ਸਾਹਿਬ, ਸਿੰਘ ਸਾਹਿਬ ਜਥੇਦਾਰ ਬਾਬਾ ਜੋਗਾ ਸਿੰਘ ਜੀ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ ਵਾਲੇ, ਸੰਤ ਬਾਬਾ ਮਹਿੰਦਰ ਸਿੰਘ ਜੀ ਜਨੇਰ ਟਕਸਾਲ, ਬਾਬਾ ਹਰਦੇਨ ਸਿੰਘ ਜੀ ਸਮਰਾਲਾ ਚੌਂਕ ਲੁਧਿਆਣੇ ਵਾਲੇ, ਸੰਤ ਬਾਬਾ ਮਨਜੀਤ ਸਿੰਘ ਜੀ ਪਟਿਆਲੇ ਵਾਲੇ, ਸੁਆਮੀ ਗੁਰੂ ਦੱਤ ਜੀ ਬੱਧਨੀ ਵਾਲਿਆਂ ਨੇ ਸ਼ਿਰਕਤ ਕੀਤੀ। ਪ੍ਰਿੰਸੀਪਲ ਸੁਖਵੰਤ ਸਿੰਘ ਜੀ ਜੰਡਿਆਲਾ ਗੁਰੂ ਨੇ ਰਾਗ ਧਨਾਸਰੀ ਤੇ ਰਾਗ ਸੂਹੀ, ਪ੍ਰੋ. ਅਮਨਦੀਪ ਸਿੰਘ ਜੀ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਰਾਗ ਦੇਵਗੰਧਾਰੀ ਤੇ ਰਾਗ ਸਿਰੀ ਰਾਗ, ਡਾਕਟਰ ਅਰਸ਼ਪ੍ਰੀਤ ਸਿੰਘ ਜੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਰਾਗ ਟੋਡੀ ਤੇ ਰਾਗ ਆਸਾ, ਰਾਗੀ ਬਹੁਲਿਵਲੀਨ ਸਿੰਘ ਜੀ ਅਕਾਲੀ ਜਥਾ ਨੇ ਰਾਗ ਜੈਤਸਰੀ ਤੇ ਰਾਗ ਗਉੜੀ, ਉਸਤਾਦ ਅਨਿਕਬਾਰ ਸਿੰਘ ਜੀ ਲੁਧਿਆਣੇ ਵਾਲੇ ਤਬਲਾਵਾਦਕ, ਰਾਗੀ ਗੁਰਪਾਲ ਸਿੰਘ ਜੀ ਰਬਾਬੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਸਾਹਿਬ ਵਾਲਿਆਂ ਨੇ ਰਾਗ ਵਡਹੰਸ ਤੇ ਰਾਗ ਬੈਰਾੜੀ, ਰਾਗੀ ਜਸਪ੍ਰੀਤ ਸਿੰਘ ਜੀ ਅਨੰਦਪੁਰੀ ਨੇ ਰਾਗ ਗੁਜਰੀ ਤੇ ਰਾਗ ਤਿਲੰਗ, ਰਾਗੀ ਪ੍ਰਦੀਪ ਸਿੰਘ ਜੀ ਬੀਬੀ ਪ੍ਰਭਜੋਤ ਕੌਰ ਨਵੀਂ ਦਿੱਲੀ (ਗਾਵਹੁ ਸਚੀ ਬਾਣੀ ਐਵਾਰਡ ਦੇ ਵਿਜੇਤਾ) ਨੇ ਰਾਗ ਬਿਹਾਗੜਾ ਤੇ ਰਾਗ ਮਾਝ, ਉਸਤਾਦ ਬਾਬਾ ਜੋਰਾ ਸਿੰਘ ਜੀ ਧਰਮਕੋਟ ਵਾਲਿਆਂ ਨੇ ਰਾਗ ਤਿਲੰਗ, ਉਸਤਾਦ ਬੇਅੰਤ ਸਿੰਘ ਜੀ ਖੋਸਿਆਂ ਵਾਲਿਆਂ ਨੇ ਰਾਗ ਗੋਂਡ ਤੇ ਰਾਗ ਸੋਰਠਿ, ਰਾਗੀ ਨਾਹਰ ਸਿੰਘ ਜੀ ਖੋਸਾ ਕੋਟਲਾ ਨੇ ਰਾਗ ਦਰਬਾਰੀ ਕਾਨੜਾ, ਰਾਗੀ ਜਰਨੈਲ ਸਿੰਘ ਜੀ ਖੋਸਾ ਰਣਧੀਰ, ਭਾਈ ਪਰਮਿੰਦਰ ਸਿੰਘ ਜੀ ਵਿਦਿਆਰਥੀ ਸੰਤ ਬਾਬਾ ਫਤਿਹ ਸਿੰਘ ਜੀ ਗੁਰਮਤਿ ਵਿਦਿਆਲਾ ਨੇ ਬਿਲਾਵਲ ਰਾਗ ਦਾ ਗਾਇਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਗਿਆਨੀ ਅਜੀਤ ਸਿੰਘ ਜੀ ਨੇ ਨਿਭਾਈ। ਅਖੀਰ ਵਿੱਚ ਆਈਆਂ ਸੰਗਤਾਂ ਦਾ ਧੰਨਵਾਦ ਸੰਤ ਗਿਆਨੀ ਗੁਰਮੀਤ ਸਿੰਘ ਜੀ ਖੋਸਿਆਂ ਵਾਲਿਆਂ ਤੇ ਸੰਤ ਬਾਬਾ ਹਰਚੰਦ ਸਿੰਘ ਜੀ ਖੋਸਿਆਂ ਵਾਲਿਆਂ ਨੇ ਕੀਤਾ।

# ਸਰਕਾਰੀ ਕਰਮਚਾਰੀਆਂ ਨਾਲ ਟੋਲ ਪਲਾਜ਼ਾ ਦੇ ਮੁਲਾਜ਼ਮ ਕਰਦੇ ਹਨ ਦੁਰ-ਵਿਹਾਰ

ਜਲਾਲਾਬਾਦ, (ਜੀਤ ਕੁਮਾਰ)-ਜ਼ਿਲ੍ਹਾ ਹੈੱਡ ਕੁਆਟਰ ਫਾਜ਼ਿਲਕਾ ਵਿਖੇ ਡਿਪਟੀ ਕਮਿਸ਼ਨਰ ਦਫਤਰ ਸਮੇਤ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਪੱਧਰੀ ਦਫਤਰਾਂ ਵਿੱਚ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਆਪਣੇ ਵਿਭਾਗੀ ਕੰਮ-ਕਾਜ ਕਰਵਾਉਣ ਲਈ ਸਰਕਾਰੀ ਡਿਊਟੀ ਕਰਨ ਲਈ ਜਾਣ ਸਮੇਂ ਫਿਰੋਜ਼ਪੁਰ-ਫਾਜ਼ਿਲਕਾ ਮੁੱਖ ਮਾਰਗ 'ਤੇ ਸਥਾਪਤ ਟੋਲ ਪਲਾਜਾ ਬੈਰੀਅਰਾਂ ਤੋਂ ਗੁਜ਼ਰਨਾ ਪੈਂਦਾ ਹੈ। ਇਨ੍ਹਾਂ ਕਰਮਚਾਰੀਆਂ ਨੂੰ ਡਿਊਟੀ ਦੌਰਾਨ ਟੋਲ ਪਲਾਜਾ ਬੈਰੀਅਰ ਲੰਘਣ ਸਮੇਂ ਪਰਚੀ ਕੱਟਣ ਤੋਂ ਰਾਹਤ ਦੇਣ ਦੀ ਬੇਨਤੀ ਕਰਨ 'ਤੇ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਕਈ ਵਾਰ ਟੋਲ ਪਲਾਜਾ ਦੇ ਕਰਮਚਾਰੀ ਦੁਰ-ਵਿਹਾਰ ਕਰਦੇ ਹਨ। ਇਸੇ ਤਰ੍ਹਾਂ ਦਾ ਹੀ ਇੱਕ ਤਾਜ਼ਾ ਮਾਮਲਾ ਉਸ ਵੇਲੇ ਸਹਾਮਣੇ ਆਇਆ, ਜਦੋਂ ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਸਹਾਇਕ ਇੰਜੀਨੀਅਰ ਸ੍ਰੀ ਸੁਖਵਿੰਦਰ ਸਿੰਘ ਵੱਲੋਂ ਇੱਥੇ ਲੰਘਣ ਸਮੇਂ ਆਪਣੇ ਵਿਭਾਗ ਦਾ ਕਾਰਡ ਦਿਖਾ ਕੇ ਥੇਹ ਕਲੰਦਰ ਦੇ ਟੋਲ ਪਲਾਜਾ ਪਰਚੀ ਫੀਸ ਵਿੱਚ ਛੋਟ ਦੇਣ ਦੀ ਬੇਨਤੀ ਕੀਤੀ ਗਈ ਤਾਂ ਟੋਲ ਪਲਾਜਾ ਬੈਰੀਅਰ ਦੇ ਮੁਲਾਜ਼ਮਾਂ ਨੇ ਉਸ ਨਾਲ ਦੁਰ-ਵਿਹਾਰ ਕੀਤਾ, ਜਿਸ ਸਬੰਧੀ ਕੌਂਸਲ ਆਫ ਡਿਪਲੋਮਾ ਇੰਜੀਨੀਅਰ ਐਸੋਸੀਏਸ਼ਨ ਜ਼ਿਲ੍ਹਾ ਫਾਜ਼ਿਲਕਾ ਦੇ ਪ੍ਰਧਾਨ ਤੇ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਸਹਾਇਕ ਇੰਜੀਨੀਅਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਡਿਊਟੀ ਜਲ ਸਪਲਾਈ ਵਿਭਾਗ ਦੀ ਸਬ ਡਵੀਜ਼ਨ ਜਲਾਲਾਬਾਦ ਵਿੱਚ ਹੈ ਤੇ ਅੱਜ ਉਹ ਜ਼ਿਲ੍ਹਾ ਫਾਜ਼ਿਲਕਾ ਵਿਖੇ ਸਥਿਤ ਵਿਭਾਗ ਦੇ ਐਕਸੀਅਨ ਦਫਤਰ ਵਿਖੇ ਮੀਟਿੰਗ 'ਚ ਸ਼ਾਮਲ ਹੋ ਕੇ ਵਿਭਾਗੀ ਕੰਮਾਂ ਲਈ ਆਪਣੀ ਕਾਰ ਰਾਹੀਂ ਜਾ ਰਹੇ ਸੀ ਅਤੇ ਜਦੋਂ ਉਨ੍ਹਾਂ ਨੇ ਥੇਹ ਕਲੰਦਰ ਟੋਲ ਪਲਾਜਾ ਬੈਰੀਅਰ ਲੰਘਣ ਸਮੇਂ ਆਪਣਾ ਵਿਭਾਗ ਵੱਲੋਂ ਜਾਰੀ ਕਾਰਡ ਦਿਖਾਇਆ ਤੇ ਟੋਲ ਪਲਾਜਾ ਫੀਸ ਤੋਂ ਰਾਹਤ ਦੇਣ ਦੀ ਬੇਨਤੀ ਕੀਤੀ ਗਈ, ਪਰ ਟੋਲ ਪਲਾਜਾ ਬੈਰੀਅਰ 'ਤੇ ਤੈਨਾਤ ਕਰਮਚਾਰੀਆਂ ਵੱਲੋਂ ਉਸ ਦੇ ਨਾਲ ਬਦਸਲੂਕੀ ਕਰਦੇ ਹੋਏ ਉਸ ਨਾਲ ਦੁਰ-ਵਿਹਾਰ ਕੀਤਾ ਗਿਆ। ਇਥੇ ਬੈਰੀਅਰ ਤੋਂ ਲੰਘਣ ਵਿੱਚ ਦੇਰੀ ਕੀਤੇ ਜਾਣ ਕਾਰਨ ਉਹ ਆਪਣੇ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਦਫਤਰ ਵਿੱਚ ਮੀਟਿੰਗ ਲਈ ਦੇਰੀ ਨਾਲ ਪਹੁੰਚੇ। ਉਨ੍ਹਾ ਕਿਹਾ ਕਿ ਅੱਜ ਟੋਲ ਪਲਾਜਾ ਬੈਰੀਅਰ ਦੇ ਕਰਮਚਾਰੀਆਂ ਦੁਆਰਾ ਉਸ ਨਾਲ ਕੀਤੀ ਗਈ ਬਦਸਲੂਕੀ ਬਾਰੇ ਉਨ੍ਹਾਂ ਨੇ ਆਪਣੇ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਫਾਜ਼ਿਲਕਾ ਤੇ ਏ.ਡੀ.ਸੀ. ਦੇ ਧਿਆਨ ਵਿੱਚ ਜਾਣਕਾਰੀ ਲਿਆਂਦੀ ਗਈ ਅਤੇ ਮੰਗ ਕੀਤੀ ਗਈ ਕਿ ਉਨ੍ਹਾਂ ਨੂੰ ਵਿਭਾਗੀ ਕੰਮਾਂ ਲਈ ਫਾਜ਼ਿਲਕਾ ਜ਼ਿਲ੍ਹੇ ਵਿੱਚ ਆਉਣ ਤੇ ਜਾਣ ਸਮੇਂ ਟੋਲ ਪਲਾਜਾ ਬੈਰੀਅਰ ਤੋਂ ਫੀਸ ਅਦਾ ਕਰਨ ਤੋਂ ਛੋਟ ਦਿੱਤੀ ਜਾਵੇ ਤੇ ਉਨ੍ਹਾਂ ਨਾਲ ਬੁਰਾ ਵਿਵਹਾਰ ਕਰਨ ਵਾਲੇ ਟੋਲ ਪਲਾਜਾ ਬੈਰੀਅਰ ਦੇ ਮੁਲਾਜ਼ਮਾਂ ਖਿਲਾਫ ਬਨਦੀ ਕਾਰਵਾਈ ਕੀਤੀ ਜਾਵੇ। ਜੇਕਰ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਿਆ ਤਾਂ ਉਹ ਕੌਂਸਲ ਆਫ ਡਿਪਲੋਮਾ ਐਸੋਸੀਏਸ਼ਨ ਵੱਲੋਂ ਹੋਰਨਾਂ ਜਥੇਬੰਦੀਆਂ ਦੇ ਸਹਿਯੋਗ ਨਾਲ ਟੋਲ ਪਲਾਜਾ ਬੈਰੀਅਰ ਦੇ ਮੁਲਾਜ਼ਮਾਂ ਖਿਲਾਫ ਧਰਨਾ ਦੇਣ ਲਈ ਮਜਬੂਰ ਹੋਣਗੇ। ਉਧਰ, ਇਸ ਸਬੰਧੀ ਟੋਲ ਪਲਾਜਾ ਬੈਰੀਅਰ ਦੇ ਕਰਮਚਾਰੀਆਂ ਵੱਲੋਂ ਸਰਕਾਰੀ ਅਫਸਰ ਸਹਾਇਕ ਇੰਜੀਨੀਅਰ ਨਾਲ ਦੁਰ-ਵਿਹਾਰ ਕਰਨ ਬਾਰੇ ਪੱਖ ਜਾਨਣ ਲਈ ਕੋਸ਼ਿਸ਼ ਕੀਤੀ ਗਈ, ਪਰ ਸੰਪਰਕ ਨਹੀਂ ਹੋ ਸਕਿਆ।

# ਸਰਕਾਰੀ ਹੁਕਮਾਂ ਦੀ ਸ਼ਰੇਆਮ ਉਲੰਘਣਾ ਖਿਲਾਫ ਪੀੜਤ ਧਿਰ ਵੱਲੋਂ ਬਣਦੀ ਕਾਰਵਾਈ ਦੀ ਮੰਗ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**–ਪਿੰਡ ਕੋਟ ਟੋਡਰ ਮੱਲ ਵਿਖੇ ਅਦਾਲਤੀ ਸਟੇਅ ਹੋਣ ਦੇ ਬਾਵਜੂਦ ਵੀ ਇਕ ਧਿਰ ਦੇ ਵੱਲੋਂ ਜ਼ਬਰਦਸਤੀ ਜ਼ਮੀਨ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੇ ਜਾਣ ਅਤੇ ਦੇਰ ਰਾਤ ਕਮਾਦ ਦੀ ਫਸਲ ਬੀਜਣ ਨੂੰ ਲੈ ਕੇ ਸਤਨਾਮ ਸਿੰਘ ਧਿਰ ਦੇ ਪੀੜਤ ਪਰਿਵਾਰ ਦੇ ਵੱਲੋਂ ਕਾਦੀਆਂ ਥਾਣੇ ਦੇ ਬਾਹਰ ਧਰਨਾ ਲਗਾ ਕੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਜਾਣਕਾਰੀ ਦਿੰਦੇ ਹੋਏ ਸਤਨਾਮ ਸਿੰਘ ਪੁੱਤਰ ਬਹਾਦਰ ਸਿੰਘ ਨੇ ਦੱਸਿਆ ਕਿ ਪਿਛਲੇ ਕਰੀਬ 60 ਸਾਲ ਤੋਂ ਉਹ ਆਪਣੀ ਜੱਦੀ ਪੁਸ਼ਤੀ 5 ਕਿਲੇ ਜ਼ਮੀਨ ਨੂੰ ਵਾਹ ਰਹੇ ਹਨ ਅਤੇ ਪਿੰਡ ਦੇ ਕੁਝ ਲੋਕ ਜ਼ਬਰਦਸਤੀ ਇਸ ਜ਼ਮੀਨ ਉੱਤੇ ਕਬਜ਼ਾ ਕਰਨਾ ਚਾਹੁੰਦੇ ਹਨ। ਪਿਛਲੇ ਦੋ ਸਾਲਾਂ ਤੋਂ ਇਨਾਂ ਵਿਅਕਤੀਆਂ ਨਾਲ ਲੜਾਈ ਝਗੜੇ ਦਾ ਕੇਸ ਮਾਣਯੋਗ ਅਦਾਲਤ ਵਿਚ ਚਲ ਰਿਹਾ। ਸਤਨਾਮ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਦੇ ਕੋਲ ਅਦਾਲਤੀ ਸਟੇਅ ਹੈ ਕਿ ਸਬੰਧਤ ਧਿਰ ਇਸ ਜ਼ਮੀਨ ਵਿਚ ਕੋਈ ਵੀ ਆਪਣੀ ਦਖਲਅੰਦਾਜ਼ੀ ਨਾ ਕਰੇ ਪਰ ਇਸ ਦੇ ਬਾਵਜੂਦ ਵੀ ਅਦਾਲਤ ਦੇ ਹੁਕਮਾਂ ਨੂੰ ਨਾ ਮੰਨ ਕੇ ਦੂਸਰੀ ਧਿਰ ਨੇ ਜ਼ਬਰਦਸਤੀ ਉਸ ਜ਼ਮੀਨ ਉੱਪਰ ਬੀਤੀ ਦੇਰ ਰਾਤ ਨੂੰ ਕਮਾਦ ਦੀ ਫਸਲ ਬੀਜਣੀ ਸ਼ੁਰੂ ਕਰ ਦਿੱਤੀ ਗਿਆ ਜਿਸ ਦੇ ਵਿਰੋਧ ਵਜੋਂ ਅੱਜ ਉਨਾ ਦੇ ਵੱਲੋਂ ਬੀਤੀ ਦੇਰ ਰਾਤ ਸਮੇਂ ਥਾਣਾ ਕਾਦੀਆਂ ਦੇ ਬਾਹਰ ਪਰਿਵਾਰ ਦੇ ਬੱਚਿਆਂ ਸਮੇਤ ਧਰਨਾ ਲਗਾਇਆ ਗਿਆ ਪੁਲਿਸ ਤੇ ਪ੍ਰਸਾਸਨ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਸਬੰਧੀ ਥਾਣਾ ਕਾਦੀਆਂ ਦੇ ਵਿਚ ਮੁਕੱਦਮਾ ਵੀ ਦਰਜ ਹੈ। ਮਾਨਯੋਗ ਐੱਸਐੱਸਪੀ ਬਟਾਲਾ ਨੂੰ ਲਿਖਤੀ ਸ਼ਿਕਾਇਤ ਵੀ ਦਿੱਤੀ ਹੈ ਪਰ ਅਜੇ ਤੱਕ ਉਨਾਂ ਨੂੰ ਕੋਈ ਇਨਸਾਫ ਨਹੀਂ ਮਿਲਿਆ। ਸਤਨਾਮ ਸਿੰਘ ਨੇ ਕਿਹਾ ਕਿ ਅੱਜ ਉਹ ਮੀਡੀਆ ਦੇ ਰਾਹੀਂ ਪੰਜਾਬ ਦੇ ਡੀਜੀਪੀ ਅਤੇ ਆਈਜੀ ਬਾਰਡਰ ਰੇਂਜ ਕੋਲੋਂ ਮੰਗ ਕਰਦੇ ਹਨ ਕਿ ਸਬੰਧਤ ਵਿਅਕਤੀਆਂ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਧਰ ਦੂਜੇ ਪਾਸੇ ਜਦੋਂ ਇਸ ਮਾਮਲੇ ਸਬੰਧੀ ਪੁਲਸ ਥਾਣਾ ਕਾਦੀਆਂ ਦੇ ਐਸਐਚਓ ਸੁਖਰਾਜ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਦੋਵਾਂ ਧਿਰਾਂ ਨੂੰ ਬੁਲਾਇਆ ਗਿਆ ਅਤੇ ਰਿਕਾਰਡ ਚੈੱਕ ਕਰਕੇ ਇਸ ਦੀ ਜਾਂਚ ਕੀਤੀ ਜਾਵੇਗੀ। ਜਿਹੜੀ ਧਿਰ ਕਾਨੂੰਨ ਅਨੁਸਾਰ ਗਲਤ ਪਾਈ ਗਈ ਉਸ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਪੈਨਸ਼ਨਰਾਂ ਨੂੰ ਛੇਵੇਂ ਪੇ-ਕਮਿਸ਼ਨ ਦਾ ਬਣਦਾ ਬਕਾਇਆ ਯਕਮੁਸ਼ਤ ਦਿੱਤਾ ਜਾਵੇ: ਸੱਤਿਆ ਪਾਲ ਗੁਪਤਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)–ਜ਼ਿਲਾ ਅਮ੍ਰਿਤਸਰ ਦੇ ਪੈਨਸ਼ਨਰਾਂ ਦੀ ਮਹੀਨੇਵਾਰ ਮੀਟਿੰਗ ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਵਿੱਚ ਜ਼ਿਲਾ ਪ੍ਰਧਾਨ ਦਰਸ਼ਨ ਸਿੰਘ ਛੀਨਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਵੱਖ-ਵੱਖ ਬੁਲਾਰਿਆਂ ਵੱਲੋਂ ਪੰਜਾਬ ਸਰਕਾਰ ਪੱਖੀ ਰੋਸ ਜ਼ਾਹਿਰ ਕੀਤਾ ਗਿਆ। ਵੱਖ-ਵੱਖ ਬੁਲਾਰਿਆਂ ਹਰਦੇਵ ਸਿੰਘ ਭਕਨਾ ਸੀਨੀ ਮੀਤ ਪ੍ਰਧਾਨ, ਕੁਲਦੀਪ ਸਿੰਘ ਬੱਲ ਸਕੱਤਰ, ਡਾ. ਪਰਮਜੀਤ ਸਿੰਘ ਨਿੱਜਰ, ਜ਼ਿਲਾ ਪ੍ਰੈੱਸ ਸਕੱਤਰ ਕੁਲਵੰਤ ਸਿੰਘ ਘੁੱਕੇ ਵਾਲੀ, ਭਵਾਨੀ ਫੇਰ, ਕਲਵਤ ਸਿੰਘ ਤੋਲ਼ਾ ਨਗਲ, ਬਲਦੇਵ ਰਾਜ ਡਿਪਟੀ ਜਨਰਲ ਸਕੱਤਰ, ਬਲਰਾਜ ਸਿੰਘ ਭੰਗੂ ਵਿੱਤ ਸਕੱਤਰ, ਰਜਿੰਦਰਪਾਲ ਕੌਰ ਮੁੱਖ ਸਲਾਹਕਾਰ, ਚਮਨ ਲਾਲ ਸ਼ਰਮਾ ਸਰਪ੍ਰਸਤ, ਪ੍ਰੇਮ ਸਿੰਘ ਆਦਿ ਨੇ ਪੰਜਾਬ ਸਰਕਾਰ ਵਿਰੁੱਧ ਪੁਰ-ਜ਼ੋਰ ਗੁੱਸਾ ਜ਼ਾਹਰ ਕਰਦਿਆਂ ਪੈਨਸ਼ਨਰਾਂ ਦੇ ਬਣਦੇ ਹੱਕ ਡੀਏ ਦੀਆਂ ਰਹਿੰਦੀਆਂ ਕਿਸ਼ਤਾਂ ਤੇ ਛੇਵੇਂ ਪੇ-ਕਮਿਸ਼ਨ ਦਾ ਰਹਿੰਦਾ ਬਕਾਇਆ ਯਕਮੁਸ਼ਤ ਦੇਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕੈਸ਼ਲੈੱਸ ਸਿਹਤ ਸਕੀਮ ਲਾਗੂ ਕੀਤੀ ਜਾਵੇ ਤੇ ਮੈਡੀਕਲ ਭੱਤਾ 2500 ਰੁਪਏ ਮਹੀਨਾ ਦਿੱਤਾ ਜਾਵੇ। ਜ਼ਿਲਾ ਪ੍ਰੀਸ਼ਦ ਤੇ ਬਲਾਕ ਸੰਮਤੀਆਂ ਦੀਆਂ ਪੈਨਸ਼ਨਾਂ ਰੈਗੂਲਰ ਤੇ ਬੁਢਾਪਾ ਭੱਤਾ 100 ਸਾਲਾਤੇ ਐਲਟੀਸੀ ਭੱਤਾ ਛੇਵਾਂ ਪੇ ਕਮਿਸ਼ਨ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਵਾਂਗ ਲਾਗੂ ਕੀਤਾ ਜਾਵੇ ਤੇ ਪੰਜਾਬ ਸਰਕਾਰ ਲਾਰੇ ਲੱਪੇ ਲਾਉਣੇ ਬੰਦ ਕਰੇ। ਇਹ ਗੱਲ ਸਰਕਾਰ ਨੂੰ ਸਮਝ ਲੈਣੀ ਚਾਹੀਦੀ ਹੈ ਲਾਰੇ ਲੱਪੇ ਨਹੀਂ ਚੱਲਣੇ। ਅਖੀਰ ਤੇ ਪੈਨਸ਼ਨਰਾਂ ਦਾ ਪ੍ਰਧਾਨ ਦਰਸ਼ਨ ਸਿੰਘ ਛੀਨਾ ਨੇ ਧੰਨਵਾਦ ਕੀਤਾ। ਮੀਟਿੰਗ ਵਿੱਚ ਬਲਦੇਵ ਸਿੰਘ ਭੋਮਾ ਐਡੀਟਰ, ਰਾਮ ਮੂਰਤੀ ਸਹਾਇਕ ਐਡੀਟਰ, ਸੁਰਿੰਦਰ ਕੁਮਾਰ, ਹਰਜੀਤ ਸਿੰਘ ਉੱਪਲ਼, ਬਲਵੰਤ ਸਿੰਘ ਐੱਸ. ਐੱਸ., ਤਿਲਕ ਰਾਜ, ਬਲੋਰ ਸਿੰਘ ਵਿਰਕ, ਨਰਿੰਦਰਪਾਲ ਕੌਰ, ਮੋਹਨ ਲਾਲ, ਰਾਮ ਧਨੀ, ਜਗਦੀਸ਼ ਸਿੰਘ, ਲਖਵਿੰਦਰ ਪਾਲ ਸਿੰਘ, ਕੇਵਲ ਸਿੰਘ, ਸੁਖਜੀਤ ਸਿੰਘ ਛੀਨਾ, ਜਗੀਰ ਸਿੰਘ ਝੰਡੇਰ, ਗੁਲਜ਼ਾਰ ਸਿੰਘ, ਨਰਿੰਦਰ ਕੁਮਾਰ, ਵਿਜੇ ਕੁਮਾਰ, ਅਜੀਤ ਸਿੰਘ ਥੋਬਾ, ਸੰਤੋਖ ਸਿੰਘ, ਖਜਾਨ ਸਿੰਘ ਅਤੇ ਹਰਿਦਰ ਸਿੰਘ ਅਤੇ ਹੰਸ ਕੌਰ ਹਾਜ਼ਰ ਸਨ।

# ਸਰਕਾਰ ਹਰੇਕ ਵਿਅਕਤੀ ਨੂੰ ਰੁਜ਼ਗਾਰ, ਵਿੱਦਿਆ, ਸਿਹਤ ਤੇ ਘਰ ਮੁਫਤ ਦੇਵੇ: ਮਾੜੀਮੇਘਾ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**–ਸੀਪੀਆਈ ਦੇ ਕੁੱਲ ਹਿੰਦ ਪੱਧਰ ਦੇ ਸੱਦੇ 'ਤੇ ਬੰਦਾ ਸਿੰਘ ਬਹਾਦਰ ਦੀ ਸਰਹੰਦ ਦੀ ਫਤਹਿ ਦਿਵਸ ਦੀ 113ਵੀਂ ਵਰ੍ਹੇਗੰਢ 'ਤੇ ਗੁਰੂਆਂ ਦੀ ਪਵਿੱਤਰ ਧਰਤੀ ਖਡੂਰ ਸਾਹਿਬ ਤੋਂ ਜਥਾ ਮਾਰਚ ਆਰੰਭ ਕੇ ਨਾਗੋਕੇ ਮੋੜ, ਗੋਇੰਦਵਾਲ ਸਾਹਿਬ, ਧੂੰਦਾ, ਫਤਿਹਾਬਾਦ ਤੇ ਗਦਰੀ ਬਾਬਾ ਸ਼ੇਰ ਸਿੰਘ ਵੈਂਈਪੂਈਂ ਦੇ ਪਿੰਡ ਸੀਪੀਆਈ ਬਲਾਕ ਖਡੂਰਸਾਹਿਬ ਦੇ ਸਕੱਤਰ ਗੁਰਦਿਆਲ ਸਿੰਘ ਦੀ ਅਗਵਾਈ ਹੇਠ ਪਹੁੰਚਿਆ। ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਇਸ ਪਦ ਯਾਤਰਾ ਦੌਰਾਨ ਪ੍ਰੋਗਰਾਮਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੀਪੀਆਈ ਨੇ ਫੈਸਲਾ ਕੀਤਾ ਕਿ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਉਣ, ਹਰੇਕ ਬੱਚੇ ਨੂੰ ਮੁਫਤ ਵਿੱਦਿਆ, ਮੁਫਤ ਸਿਹਤ ਇਲਾਜ, ਹਰੇਕ ਮਨੁੱਖ ਨੂੰ ਮੁਫਤ ਘਰ ਦੇਣ ਤੇ ਨਰੇਗਾ ਕਾਮਿਆਂ ਦੀ ਪ੍ਰਾਪਤੀ ਅਤੇ ਇਸ ਵਿੱਚ ਹੁੰਦੀ ਵੱਡੀ ਘਪਲੇਬਾਜ਼ੀ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਕੇ ਮੋਦੀ ਦੀ ਫਾਸ਼ੀਵਾਦੀ, ਫਿਰਕੂ ਤੇ ਭਰਾ ਨੂੰ ਭਰਾ ਨਾਲ ਲੜਾਉਣ ਵਾਲੀ ਨੀਤੀ ਨੂੰ ਪਛਾੜਿਆ ਜਾਵੇਗਾ। ਸੀਪੀਆਈ ਦੀ ਨੀਤੀ ਆਧਾਰਿਤ ਹੀ ਮੋਦੀ ਨੂੰ 2024 ਦੀਆਂ ਪਾਰਲੀਮੈਂਟ ਚੋਣਾਂ ਵਿੱਚ ਹਰਾਇਆ ਜਾ ਸਕਦਾ ਹੈ। ਜੇ ਮੋਦੀ ਨੂੰ ਰੋਕਣ ਦੀ ਨੀਤੀ ਕਾਮਯਾਬ ਨਾ ਹੋਈ ਤੇ ਫਿਰ ਦੇਸ਼ 'ਚੋਂ ਜਮਹੂਰੀਅਤ ਦਾ ਬਿਲਕੁਲ ਖ਼ਾਤਮਾ ਹੋ ਜਾਵੇਗਾ। ਮਾੜੀਮੇਘਾ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਮੋਦੀ ਦਾ ਮੂੰਹ ਮੋੜਿਆ ਸੀ ਤੇ ਹੁਣ ਯੋਜਨਾਬੱਧ ਢੰਗ ਨਾਲ ਮੋਦੀ ਪੰਜਾਬ ਵਾਸੀਆਂ ਨੂੰ ਜਵਾਬ ਦੇ ਰਿਹਾ ਹੈ। ਚੰਡੀਗੜ੍ਹ ਚੋਂ ਪੰਜਾਬ ਦੇ ਬਹੁਤੇ ਅਧਿਕਾਰ ਖੋਹੇ ਜਾ ਚੁੱਕੇ ਹਨ। ਭਾਖੜਾ ਡੈਮ ਤਾਂ ਕੇਂਦਰ ਨੇ ਆਪਣੇ ਕਬਜ਼ੇ ਵਿੱਚ ਕਰ ਲਿਆ ਹੈ। ਬੀਐੱਸਐੱਫ ਨੂੰ ਬਾਰਡਰ ਤੋਂ ਹਿੰਦੁਸਤਾਨ ਵੱਲ ਨੂੰ 50 ਕਿਲੋਮੀਟਰ ਦੇ ਅਧਿਕਾਰ ਦੇ ਕੇ ਪੰਜਾਬ ਨੂੰ ਗੁੱਠੇ ਲਾ ਦਿੱਤਾ ਗਿਆ। ਪ੍ਰੋਗਰਾਮਾਂ ਨੂੰ ਬਲਦੇਵ ਸਿੰਘ ਧੂੰਦਾ, ਬਲਜੀਤ ਸਿੰਘ ਫਤਿਆਬਾਦ, ਜਗੀਰ ਸਿੰਘ ਭਰੋਵਾਲ, ਜਸਵੰਤ ਸਿੰਘ ਖਡੂਰਸਾਹਿਬ, ਦਲਬੀਰ ਸਿੰਘ ਫਤਿਆਬਾਦ ਅਤੇ ਗੁਰਦਿਆਲ ਸਿੰਘ ਖਡੂਰ ਸਾਹਿਬ ਹਾਜ਼ਰ ਸਨ।

# ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਵਿਖੇ ਬੱਚਿਆਂ ਨੇ ਮਾਂ ਦਿਵਸ ਮਨਾਇਆ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)–ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਹਾਬਾਦ ਵਿਖੇ ਮਾਂ ਦੀ ਸਮਾਜ ਨੂੰ ਦੇਣ ਦੇ ਸਬੰਧ ਵਿਚ ਮਾਂ ਦਿਵਸ ਮਨਾਇਆ ਗਿਆ। ਸਕੂਲ ਦੇ ਵਿਦਿਆਰਥੀਆਂ ਨੂੰ ਦੋ ਗਰੁੱਪਾਂ ਵਿਚ ਪਹਿਲੀ ਤੋਂ ਪੰਜਵੀਂ ਅਤੇ ਛੇਵੀਂ ਤੋਂ ਦਸਵੀਂ ਤਕ ਦੇ ਵਿਦਿਆਰਥੀਆਂ ਨੇ ਮਾਂ ਦਿਵਸ ਦੇ ਸੰਬੰਧ ਵਿੱਚ ਪੇਂਟਿੰਗ ਬਣਾਈਆਂ ਤੇ ਵਿਦਿਆਰਥੀਆਂ ਨੇ ਮਾਂ ਦਿਵਸ ਨੂੰ ਸਮਰਪਿਤ ਕਵਿਤਾਵਾਂ ਪੜ੍ਹੀਆਂ ਗਈਆਂ ਜਿਨ੍ਹਾਂ ਵਿੱਚ ਕਿਰਨਦੀਪ ਕੌਰ ਕਲਾਸ ਦੂਜੀ, ਰਾਜਵੀਰ ਸਿੰਘ, ਅਰਮਾਨਦੀਪ ਸਿੰਘ ਕਲਾਸ ਛੇਵੀਂ, ਸਾਨੀਆ, ਅਰਮਾਨ ਸਿੰਘ ਕਲਾਸ ਅੱਠਵੀਂ, ਸ਼ਰਨਜੀਤ ਕੌਰ ਕਲਾਸ ਨੌਵੀਂ, ਸਿਮਰਨਦੀਪ ਕੌਰ ਕਲਾਸ ਦਸਵੀਂ ਸ਼ਾਮਲ ਸਨ। ਸਕੂਲ ਦੇ ਅਧਿਆਪਕਾਂ ਵਲੋਂ ਵੀ ਵਿਦਿਆਰਥੀਆਂ ਨੂੰ ਇਸ ਸੰਬਧ ਵਿਚ ਜਾਣਕਾਰੀ ਦਿੱਤੀ ਗਈ। ਸੰਸਥਾ ਦੇ ਐੱਮਡੀ ਸੁਰਜੀਤ ਸਿੰਘ ਭਰੋਵਾਲ ਨੇ ਆਪਣੇ ਸੰਬੋਧਨ ਵਿਚ ਮਾਂ ਦੇ ਰੁਤਬੇ ਤੇ ਮਾਤਾ-ਪਿਤਾ ਨੇ ਸਾਡੀ ਜ਼ਿੰਦਗੀ ਵਿਚ ਜੋ ਫਰਜ਼ ਅਦਾ ਕੀਤੇ ਉਨ੍ਹਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

## ਜ਼ਰੂਰੀ ਮੁਰੰਮਤ ਕਾਰਨ ਅੱਜ ਬਿਜਲੀ ਬੰਦ ਰਹੇਗੀ

ਤਰਨ ਤਾਰਨ-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਸਬ ਡਵੀਜ਼ਨ ਨੌਸ਼ਹਿਰਾ ਪਨੂੰਆਂ ਦੇ ਉਪ ਮੰਡਲ ਅਫਸਰ ਇੰਜੀ : ਜਗਦੀਪ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ 66 ਕੇ ਵੀ ਬਿਜਲੀ ਘਰ ਕੋਟ ਮੁਹੰਮਦ ਖਾਂ ਅਤੇ 66 ਕੇ ਵੀ ਬਿਜਲੀ ਘਰ ਨੌਸ਼ਹਿਰਾ ਪਨੂੰਆਂ ਤੋਂ ਚਲਦੇ ਸਾਰੇ 11 ਕੇ ਵੀ ਫੀਡਰ 24 ਘੰਟੇ ਅਤੇ ਖੇਤੀਬਾੜੀ ਅੱਜ13 ਮਈ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਜ਼ਰੂਰੀ ਮੁਰੰਮਤ ਕਾਰਣ ਬਿਜਲੀ ਸਪਲਾਈ ਬੰਦ ਰਹੇਗੀ। ਸਬੰਧਤ ਖਪਤਕਾਰ ਨੋਟ ਕਰਨ।

# ਸਮਾਜ ਦੇ ਹਰ ਇੱਕ ਬੰਦੇ ਲਈ ਰੁਜ਼ਗਾਰ ਦਾ ਪ੍ਰਬੰਧ ਹੋਣਾ ਚਾਹੀਦੈ: ਕਾਮਰੇਡ ਸੋਹਲ



ਸਰਾਏ ਅਮਾਨਤ ਖਾਂ (ਮੱਖਣ ਮਨੋਜ)–ਭਾਰਤੀ ਕਮਿਊਨਿਸਟ ਪਾਰਟੀ ਵਲੋਂ ਮੋਦੀ ਭਜਾਓ-ਦੇਸ਼ ਬਚਾਓ ਨਾਹਰੇ ਤਹਿਤ ਅੱਜ ਪਿੰਡ ਮੂਸੇ ਵਿੱਚ ਇੱਕ ਵਿਸ਼ਾਲ ਜਨਤਕ ਮੀਟਿੰਗ ਕਾਮਰੇਡ ਕੁਲਵੰਤ ਕੌਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿਚ ਇੱਕਠੇ ਹੋਏ ਔਰਤਾਂ ਤੇ ਮਰਦਾਂ ਨੂੰ ਸੰਬੋਧਨ ਕਰਦਿਆਂ ਪਾਰਟੀ ਸਕੱਤਰ ਕਾਮਰੇਡ ਦਵਿੰਦਰ ਸੋਹਲ ਨੇ ਕਿਹਾ ਕਿ ਲੋਕਾਂ ਨੂੰ ਗੁਰਬਤ ਚੋਂ ਕੱਢਣ ਲਈ ਇੱਕੋ ਰਾਹ ਹੈ ਕਿ ਹਰ ਕੰਮ ਮੰਗਦੇ ਵਿਅਕਤੀ ਲਈ ਰੁਜ਼ਗਾਰ ਦਾ ਪ੍ਰਬੰਧ ਸਰਕਾਰ ਕਰੇ ਅਤੇ ਘੱਟੋ-ਘੱਟ ਮਿਹਨਤਾਨਾ 26000 ਰੁਪਏ ਮਹੀਨਾ ਮਿੱਥਿਆ ਜਾਵੇ। ਹਰ ਬਜ਼ੁਰਗ ਲਈ 10000 ਰੁਪਏ ਮਹੀਨਾ ਪੈਨਸ਼ਨ ਦਾ ਪ੍ਰਬੰਧ ਕੀਤਾ ਜਾਵੇ। ਵੱਡੇ ਧਨਾਢ ਜਗੀਰਦਾਰਾਂ ਤੋਂ ਵਾਹੀਯੋਗ ਜ਼ਮੀਨ ਦੀ ਮੁੜ ਵੰਡ ਕਰਕੇ ਲੋੜਵੰਦ ਲੋਕਾਂ ਨੂੰ ਦਿੱਤੀ ਜਾਵੇ। ਇਹ ਮਿਹਨਤਕਸ਼ ਜਨਤਾ ਦਾ ਹੱਕ ਬਣਦਾ ਹੈ। ਇਹ ਹੱਕ ਲੋਕਾਂ ਨੂੰ ਦੇਣ ਲਈ ਸਖਤ ਕਾਨੂੰਨ ਬਣਾਏ ਜਾਣ। ਆਧੁਨਿਕ ਮਸ਼ੀਨੀ ਯੁੱਗ ਵਿੱਚ ਕੰਮ ਦਿਨ ਸਮਾਂ ਛੇ ਘੰਟੇ ਕੀਤਾ ਜਾਵੇ। ਦਿਹਾੜੀ ਨੂੰ ਚਾਰ ਸ਼ਿਫਟਾਂ ਵਿੱਚ ਵੰਡਿਆ ਜਾਵੇ। ਹਰ ਇੱਕ ਲਈ ਵਿੱਦਿਆ ਮੁਫਤ ਤੇ ਲਾਜ਼ਮੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਕਮਿਊਨਿਸਟ ਪਾਰਟੀ ਇਹ ਮੁਹਿੰਮ ਜਾਰੀ ਰੱਖੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਵਲਟੋਹਾ, ਬਲਵਿੰਦਰ ਸਿੰਘ ਮੂਸੇ, ਅਮਰੀਕ ਸਿੰਘ, ਕੁਲਦੀਪ ਸਿੰਘ, ਬਲਵਿੰਦਰ ਸਿੰਘ, ਲੱਖਾ ਸਿੰਘ, ਕਾਮਰੇਡ ਛਿਛਰੇਵਾਲ, ਕੁਲਵੰਤ ਸਿੰਘ ਨੇ ਵੀ ਸੰਬੋਧਨ ਕੀਤਾ।

# ਸਿਹਤ ਕੇਂਦਰ ਕਲਾਨੌਰ ਵਿਖੇ ਟੀਬੀ ਦੇ ਮਰੀਜ਼ਾਂ ਨੂੰ ਫੂਡ ਬਾਸਕਿਟਾਂ ਵੰਡੀਆਂ



ਕਲਾਨੌਰ (ਮਨਦੀਪ ਕੁਮਾਰ)–ਜ਼ਿਲਾ ਗੁਰਦਾਸਪੁਰ ਦੇ ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸੀਨੀਅਰ ਮੈਡੀਕਲ ਅਫਸਰ, ਕਲਾਨੌਰ ਡਾ. ਲਖਵਿੰਦਰ ਸਿੰਘ ਅਠਵਾਲ ਦੀ ਯੋਗ ਅਗਵਾਈ ਹੇਠ ਕਮਿਊਨਿਟੀ ਸਿਹਤ ਕੇਂਦਰ, ਕਲਾਨੌਰ ਵਿਖੇ ਟੀ. ਬੀ ਮੁਕਤ ਭਾਰਤ ਮੁਹਿੰਮ ਤਹਿਤ ਟੀ.ਬੀ. ਦੇ ਮਰੀਜ਼ਾਂ ਨੂੰ ਫੂਡ ਬਾਸਕਿਟਾਂ ਵੰਡੀਆਂ ਗਈਆਂ। ਐੱਸਐੱਮਓ ਡਾ. ਅਠਵਾਲ ਦੀ ਪ੍ਰੇਰਣਾ ਸਦਕਾ ਕਲਾਨੌਰ ਦੀ ਓਂਕਾਰ ਟਰੱਸਟ ਵੱਲੋਂ ਹਰ ਮਹੀਨੇ ਟੀ. ਬੀ. ਮਰੀਜ਼ਾਂ ਨੂੰ ਮੁਫਤ ਫੂਡ ਬਾਸਕਿਟ ਦਿੱਤੀਆਂ ਜਾਣਗੀਆਂ। ਇਸ ਫੂਡ ਬਾਸਕਿਟ ਵਿੱਚ ਮਰੀਜ਼ਾਂ ਨੂੰ ਦਾਲ, ਤੇਲ ਅਤੇ ਸੁੱਕਾ ਦੁੱਧ ਬਿਲਕੁਲ ਮੁਫਤ ਦਿੱਤਾ ਜਾਵੇਗਾ। ਇਸ ਮੌਕੇ ਡਾ ਅਠਵਾਲ ਨੇ ਦੱਸਿਆ ਕਿ ਬਲਾਕ ਕਲਾਨੌਰ ਦੇ ਟੀ.ਬੀ ਮਰੀਜ਼ਾਂ ਦੀ ਚੰਗੀ ਅਤੇ ਨਰੋਈ ਸਿਹਤ ਲਈ ਸਿਹਤ ਵਿਭਾਗ ਵੱਲੋਂ ਮਰੀਜ਼ਾਂ ਨੂੰ ਪਹਿਲਾਂ ਤੋਂ ਹੀ ਮੁਫਤ ਦਵਾਈ ਦੇ ਨਾਲ ਨਾਲ ਮਾਲੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਟੀ. ਬੀ. ਮਰੀਜ਼ ਆਪਣੀ ਦਵਾਈ ਨੂੰ ਬਿਨਾਂ ਕਿਸੇ ਰੁਕਾਵਟ ਦੇ ਜ਼ਰੂਰ ਲੈਣ ਤਾਂ ਜੋ ਉਹ ਸਮੇਂ ਨਾਲ ਬਿਲਕੁਲ ਤੰਦਰੁਸਤ ਹੋ ਸਕਣ। ਇਸ ਮੌਕੇ ਐੱਸ. ਐੱਮ. ਓ. ਡਾ. ਅਠਵਾਲ ਨੇ ਕਿਹਾ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਟੀ. ਬੀ. ਦੇ ਖਾਤਮੇ ਲਈ ਸਮੇਂ-ਸਮੇਂ ਸਿਰ ਐਕਟਿਵ ਕੇਸ ਫਾਈਂਡਿੰਗ ਸਰਵੇ ਚਲਾਇਆ ਜਾਂਦਾ ਹੈ ਤਾਂ ਜੋ ਉਨਾ ਮਰੀਜ਼ਾਂ ਦੀ ਭਾਲ ਕੀਤੀ ਜਾ ਸਕੇ ਜੋ ਟੀ ਬੀ ਵਰਗੀ ਨਾਮੁਰਾਦ ਬਿਮਾਰੀ ਤੋਂ ਪੀੜਤ ਹਨ। ਇਸ ਮੌਕੇ ਐੱਚ ਆਈ ਦਿਲਬਾਗ ਸਿੰਘ, ਗੁਰਪ੍ਰੀਤ ਪਾਲ. ਗੁਰਮੇਜ ਸਿੰਘ, ਲੈਬ ਸੁਪਰਵਾਈਜ਼ਰ ਗੁਰਭੇਜ ਸਿੰਘ, ਟਰੀਟਮੈਂਟ ਸੁਪਰਵਾਈਜ਼ਰ ਪਵਨ ਕੁਮਾਰ, ਲੈਬਾਰਟਰੀ ਟੈਕਨੀਸ਼ੀਅਨ ਜਗਰੂਪ ਕੌਰ ਅਤੇ ਸਾਹਿਲ ਕੁਮਾਰ ਆਦਿ ਮੌਜੂਦ ਸਨ।

# ਅਭੀਜੋਤ ਸਿੰਘ ਹੈੱਡ ਬੁਆਏ ਤੇ ਅਮਰੀਤ ਕੌਰ ਹੈੱਡ ਗਰਲ ਚੁਣੇ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)–ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਪ੍ਰਿੰਸੀਪਲ ਸ੍ਰੀ ਮਤੀ ਕਿਰਨ ਕੇਸਰ ਦੀ ਅਗਵਾਈ ਹੇਠ ਸਕੂਲ ਕੈਂਪਸ ਵਿਖੇ ਲੋਕਤੰਤਰ ਪ੍ਰਣਾਲੀ ਦੁਆਰਾ ਹੈੱਡ ਬੁਆਏ, ਹੈੱਡ ਗਰਲ ਤੇ ਹਾਊਸ ਕਪਤਾਨਾਂ ਦੀ ਚੋਣ ਪ੍ਰਕਿਰਿਆ ਮੁਕੰਮਲ ਹੋਈ। ਇਸ ਚੋਣ ਪ੍ਰਕਿਰਿਆ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਬੜੀ ਗਰਮਜੋਸ਼ੀ ਨਾਲ ਹਿੱਸਾ ਲਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਨੇ ਦੱਸਿਆ ਕਿ ਜਮਾਤ ਨੌਵੀਂ ਦੇ ਵਿਦਿਆਰਥੀ ਅਭੀਜੋਤ ਸਿੰਘ ਨੂੰ ਸਕੂਲ ਹੈੱਡ ਬੁਆਏ ਅਤੇ ਅਮਰੀਤ ਕੌਰ ਨੂੰ ਹੈੱਡ ਗਰਲ ਚੁਣੇ ਗਏ। ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ

ਪ੍ਰਿੰਸੀਪਲ ਕਿਰਨ ਕੇਸਰ ਨੇ ਚੁਣੇ ਦੋਹਾਂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਇਨਾਂ ਵਿਦਿਆਰਥੀਆਂ ਤੋਂ ਸਕੂਲ ਦੇ ਸਰਬਪੱਖੀ ਵਿਕਾਸ ਦੀ ਉਮੀਦ ਕੀਤੀ। ਉਪਰੰਤ ਇਸੇ ਹੀ ਚੋਣ ਪ੍ਰਕਿਰਿਆ ਦੀ ਕੜੀ ਨੂੰ ਅੱਗੇ ਜੋੜਦਿਆਂ ਸਕੂਲ ਕੈਂਪਸ ਵਿਖੇ ਹਾਊਸ ਕਪਤਾਨਾਂ ਦੀ ਚੋਣ ਵੀ ਕੀਤੀ ਗਈ। ਇਸ ਵਿੱਚ ਕ੍ਰਮਵਾਰ ਅਜੀਤ ਹਾਊਸ ਦੇ ਕਪਤਾਨ ਜੀਆ ਜਮਾਤ ਅੱਠਵੀ ਤੇ ਉਪ ਕਪਤਾਨ ਭੂਮੀ ਜਮਾਤ ਨੌਵੀ , ਜੁਝਾਰ ਹਾਊਸ ਦੇ ਕਪਤਾਨ ਗੁਰਲੀਨ ਕੌਰ , ਜਮਾਤ ਨੌਵੀ ਤੇ ਉਪ ਕਪਤਾਨ ਗੁਰਜਤਨ ਸਿੰਘ, ਜਮਾਤ ਅੱਠਵੀਂ ਜ਼ੋਰਾਵਰ ਹਾਊਸ ਦੇ ਕਪਤਾਨ ਸੋਨਾਲੀ ਜਮਾਤ ਅੱਠਵੀਂ ਤੇ ਉਪ ਕਪਤਾਨ ਜੋਇਲ ਜਮਾਤ ਨੌਵੀਂ, ਫਤਹਿ ਹਾਊਸ ਦੇ ਕਪਤਾਨ ਜੈਸਮੀਨ ਕੌਰ ਨੌਵੀਂ ਤੇ ਉਪ ਕਪਤਾਨ ਅਨਮੋਲ ਨੂੰ ਚੁਣਿਆ ਗਿਆ। ਅੰਤ ਵਿੱਚ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਨੇ ਸਾਰੇ ਹਾਊਸ ਕਪਤਾਨਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਸਾਰੀ ਚੋਣ ਪ੍ਰਕਿਰਿਆ ਨੂੰ ਸੁਚੱਜੇ ਤਰੀਕੇ ਨਾਲ ਨੇਪਰੇ ਚਾੜ੍ਹਣ ਲਈ ਸਕੂਲ ਪ੍ਰਿੰਸੀਪਲ ਕਿਰਨ ਕੇਸਰ, ਹਾਊਸ ਇੰਚਾਰਜ ਮੈਡਮ ਦੀਪਿਕਾ, ਮੈਡਮ ਗੁਰਪ੍ਰੀਤ ਕੌਰ, ਮੈਡਮ ਕਿਰਨ ਬਾਲਾ ਅਤੇ ਮੈਡਮ ਬਲਦੀਪ ਕੌਰ ਤੇ ਵਿਦਿਆਰਥੀ ਵਧਾਈ ਦੇ ਪਾਤਰ ਹਨ।

# ਸੀਕੇਡੀਆਈਐੱਮਟੀ ਦੇ ਵਿਦਿਆਰਥੀਆਂ ਵੱਲੋਂ ਹੋਟਲ ਤਾਜ ਸਵਰਨਾ ਦਾ ਉਦਯੋਗਿਕ ਦੌਰਾ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਸੀ. ਕੇ. ਡੀ. ਆਈ. ਐਮ. ਟੀ. ਤਰਨਤਾਰਨ ਦੇ ਵਿਦਿਆਰਥੀਆਂ ਵੱਲੋਂ ਅੰਮ੍ਰਿਤਸਰ ਦੇ 5 ਸਟਾਰ ਹੋਟਲ ਤਾਜ ਸਵਰਨਾ ਦਾ ਉਦਯੋਗਿਕ ਦੌਰਾ ਕੀਤਾ ਗਿਆ। ਇਸ ਦੌਰੇ ਦਾ ਪ੍ਰਬੰਧ ਪ੍ਰੋ. ਆਸੀਸ ਸੈਮੂਅਲ, ਮੁਖੀ ਪਲੇਸਮੈਂਟ ਸੈੱਲ ਵੱਲੋਂ ਕੀਤਾ ਗਿਆ। ਹੋਟਲ ਤਾਜ ਸਵਰਨਾ ਦੇ ਐਚ. ਆਰ ਮੈਨੇਜਰ ਅਨੁਰਾਗ ਸੋਨੀ ਨੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਵਿਦਿਆਰਥੀਆਂ ਨੂੰ ਹੋਟਲ ਦੇ ਵੱਖ-ਵੱਖ ਵਿਭਾਗਾਂ ਜਿਵੇਂ ਹਾਊਸ ਕੀਪਿੰਗ, ਕੀਚਨ, ਫਰੰਟ ਔਫਿਸ ਆਦਿ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਚੰਗੇ ਤਰੀਕੇ ਨਾਲ ਹੋਟਲ ਦੇ ਹਰ ਇੱਕ ਵਿਭਾਗ ਦਾ ਦੌਰਾ ਕਰਵਾਇਆ।

ਪ੍ਰਿੰਸੀਪਲ ਜਸਬੀਰ ਸਿੰਘ (ਸੀ. ਕੇ. ਡੀ. ਆਈ. ਐਮ. ਟੀ. ਤਰਨਤਾਰਨ) ਨੇ ਹੋਟਲ ਮੈਨੇਜਮੈਂਟ ਵਿਭਾਗ ਵੱਲੋਂ ਕੀਤੇ ਗਏ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਅਤੇ ਉਨ੍ਹਾਂ ਨੂੰ ਆਪਣੇ ਕਿੱਤੇ ਵਿੱਚ ਨਿਪੁੰਨ ਬਣਾਉਣ ਲਈ ਭਵਿੱਖ ਵਿੱਚ ਅਜਿਹੇ ਉਦਯੋਗਿਕ ਦੌਰੇ ਕਰਵਾਉਣ ਲਈ ਕਿਹਾ।

ਕਾਲਜ ਦੇ ਮੈਂਬਰ ਇੰਚਾਰਜ ਅਤੇ ਪ੍ਰਧਾਨ ਚੀਫ ਖਾਲਸਾ ਦੀਵਾਨ ਲੋਕਲ ਕਮੇਟੀ,ਤਰਨਤਾਰਨ ਸਰਦਾਰ ਹਰਜੀਤ ਸਿੰਘ ਅਤੇ ਮੈਂਬਰ ਇੰਚਾਰਜ ਸਰਦਾਰ ਜਸਪਾਲ ਸਿੰਘ(ਰਿਟਾਇਰ ਪੀ. ਸੀ. ਐੱਸ) ਨੇ ਇਸ ਉਦਯੋਗਿਕ ਦੌਰੇ ਦੀ ਪ੍ਰਸੰਸਾ ਕੀਤੀ ਅਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਨਵਜੋਤ ਕੌਰ ਅਤੇ ਪ੍ਰੋ. ਬਲਜੀਤ ਕੌਰ ਵੀ ਹਾਜ਼ਰ ਸਨ।

# ਮਾਨ ਸਰਕਾਰ ਮਜ਼ਦੂਰਾਂ ਨਾਲ ਕੀਤੇ ਕੌਲ ਕਰਾਰਾਂ ਨੂੰ ਤੋੜ ਨਿਭਾਵੇ :ਬਖਤਪੁਰਾ



ਬਟਾਲਾ (ਤਰਲੋਕ ਬੱਗਾ)–ਫੈਜ਼ਪੁਰਾ ਰੋਡ ਲਿਬਰੇਸ਼ਨ ਦਫਤਰ ਵਿਖੇ ਮਜ਼ਦੂਰ ਮੁਕਤੀ ਮੋਰਚਾ ਦਾ ਜ਼ਿਲਾ ਅਜਲਾਸ ਵਿਜੇ ਕੁਮਾਰ ਸੋਹਲ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਅਜਲਾਸ ਵਿੱਚ ਸ਼ਾਮਲ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਆਗੂ ਗੁਲਜ਼ਾਰ ਸਿੰਘ ਭੁੰਬਲੀ, ਦਲਬੀਰ ਭੋਲਾ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਅਜਲਾਸ ਵਿੱਚ ਪਾਸ ਕੀਤਾ ਗਿਆ ਕਿ ਮਾਨ ਸਰਕਾਰ ਵਲੋਂ ਮਜ਼ਦੂਰਾਂ ਨਾਲ ਕੀਤੀਆਂ ਗਰੰਟੀਆਂ ਨੂੰ ਪੂਰੀਆਂ ਕਰਾਉਣ ਲਈ ਸੰਘਰਸ਼ ਵਿੱਢਿਆ ਜਾਵੇਗਾ ਜਿਸ ਦੇ ਪਹਿਲੇ ਪੜਾਅ ਵਿੱਚ ਬਲਾਕ ਦਫਤਰਾਂ ਵਿਚ ਵਿਸ਼ਾਲ ਧਰਨੇ ਦਿਤੇ ਜਾਣਗੇ ਜਿਨ੍ਹਾਂ ਧਰਨਿਆਂ ਵਿੱਚ ਮਾਨ ਸਰਕਾਰ ਦੁਆਰਾ ਔਰਤਾਂ ਨੂੰ 1000 ਰੁਪਏ ਦੇਣ, ਬੁਢਾਪਾ ਵਿਧਵਾ ਪੈਨਸਨ 2500 ਰੁਪਏ ਕਰਨ, ਬੇਰੁਜਗਾਰਾ ਨੂੰ 5000ਰੁਪਏ ਭੱਤਾ ਦੇਣ, ਬੇਘਰਿਆਂ ਨੂੰ ਪਲਾਟ ਅਤੇ ਫਲੈਟ ਬਣਾ ਕੇ ਘਰ ਦੇਣ, ਕਚੇ ਮਕਾਨਾਂ ਨੂੰ ਪੱਕੇ ਕਰਨ ਲਈ ਇੱਕ ਲੱਖ ਰੁਪਏ ਗ੍ਰਾਂਟ ਦੇਣ, ਮੁਫਤ ਸਿੱਖਿਆ ਅਤੇ ਮੁਫਤ ਸੇਹਤ ਸੇਵਾਵਾਂ ਦੇਣ ਦੀਆਂ ਗਰੰਟੀਆ ਪੂਰੀਆਂ ਕਰਨ ਦੇ ਮੁੱਦੇ ਉਠਾਏ ਜਾਣਗੇ। ਅਜਲਾਸ ਵਿੱਚ ਇੱਕ ਮੱਤੇ ਰਾਹੀਂ ਦਿੱਲੀ ਜੰਤਰ-ਮੰਤਰ ਵਿਖੇ ਪਹਿਲਵਾਨ ਲੜਕੀਆਂ ਦੇ ਸੰਘਰਸ਼ ਦੀ ਹਮਾਇਤ ਕਰਦਿਆਂ ਕਿਹਾ ਗਿਆ ਕਿ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਤੋਂ ਸਾਰੇ ਅਹੁਦਿਆਂ ਤੋਂ ਅਸਤੀਫੇ ਲਏ ਜਾਣ ਅਤੇ ਉਸ ਨੂੰ ਗ੍ਰਿਫਤਾਰ ਕੀਤਾ ਜਾਵੇ। ਅਜਲਾਸ ਵਿੱਚ 17 ਮੈਂਬਰੀ ਜ਼ਿਲ੍ਹਾ ਕਮੇਟੀ ਦੀ ਚੋਣ ਕੀਤੀ ਗਈ ਜਿਸ ਦੇ ਪ੍ਰਧਾਨ ਦਲਬੀਰ ਭੋਲਾ, ਸਕੱਤਰ ਗੋਬਿੰਦ ਸਿੰਘ ਪੁਰੇਵਾਲ, ਉਪ ਪ੍ਰਧਾਨ ਅਜੀਤ ਮਸੀਹ ਸੂਚ, ਰਮਨਦੀਪ ਸਿੰਘ ਪਿੰਡੀ ਚਿਤੌੜਗੜ੍ਹ, ਗੁਰਮੀਤ ਕੌਰ ਗੁਰਦਾਸ ਨੰਗਲ, ਰਣਜੀਤ ਕੌਰ ਜਾਇੰਟ ਸਕਤਰ, ਪ੍ਰਚਾਰ ਸਕੱਤਰ ਸਿਰਕੀਆ, ਵਿੱਤ ਸਕੱਤਰ ਪ੍ਰੇਮ ਕੁਮਾਰ ਖੋਜੇਪੁਰ ਨੂੰ ਚੁਣਿਆ ਗਿਆ।

# ਖਬਰ ਦਾ ਅਸਰ, ਲੋੜਵੰਦ ਦਾ ਦਰਦਮੰਦਾਂ ਕਰਵਾਇਆ ਮੁਫਤ ਇਲਾਜ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)–ਬੀਤੇ ਦਿਨੀਂ ਨਵਾਂ ਜ਼ਮਾਨਾ ਅਖਬਾਰ ਵਿੱਚ ਜੰਡਿਆਲਾ ਗੁਰੂ ਤੋਂ ਇਕ ਖਬਰ ਪ੍ਰਕਾਸ਼ਿਤ ਹੋਈ ਸੀ ਕਿ ਇਕ ਗਰੀਬ ਰਿਕਸ਼ਾ ਚਾਲਕ ਜੋ ਬੀਮਾਰੀ ਤੋਂ ਪੀੜਤ ਹੈ, ਦਾ ਪੈਰ ਕਟਵਾਉਣ ਲਈ ਉਸਦੀ ਪਤਨੀ ਨੇ ਮਦਦ ਦੀ ਗੁਹਾਰ ਲਗਾਈ ਸੀ।

ਇਹ ਖਬਰ ਜੰਡਿਆਲਾ ਗੁਰੂ ਦੇ ਮਸ਼ਹੂਰ ਇਕ ਸੋਸ਼ਲ ਮੀਡੀਆ ਗਰੁੱਪ ਵਿਚ ਗਈ ਤਾਂ ਗਰੁੱਪ ਮੈਂਬਰਾਂ ਨੇ ਪੈਸੇ ਇਕੱਠੇ ਕਰਕੇ ਉਸਦੇ ਮੁਫਤ ਇਲਾਜ ਲਈ ਪੈਸਿਆਂ ਦੀ ਵਰਖਾ ਕਰ ਦਿੱਤੀ। ਜਦ ਇਹ ਰਕਮ ਗਰੁੱਪ ਦੇ ਐਡਮਿਨ ਵਰਿੰਦਰ ਸਿੰਘ ਮਲਹੋਤਰਾ ਨੇ ਸਬੰਧਤ ਮਰੀਜ਼ ਦੇ ਡਾਕਟਰਾਂ ਨੂੰ ਦਿੱਤੀ ਤਾਂ ਡਾਕਟਰ ਸਾਹਿਬ ਨੇ ਵੀ ਰਹਿਮ ਦੀ ਵਰਖਾ ਕਰਦੇ ਹੋਏ ਕਿਹਾ ਕਿ ਮੈਂ ਪੈਰ ਕੱਟਣ ਲਈ ਇਲਾਜ ਸ਼ੁਰੂ ਕਰ ਦਿੰਦਾ ਹਾਂ, ਜਿੰਨੇ ਪੈਸੇ ਦਾਨੀ ਸੱਜਣ ਇਕੱਠੇ ਕਰ ਲੈਣਗੇ ਉਹੀ ਮੇਰੀ ਫੀਸ ਹੋਵੇਗੀ। ਬੀਮਾਰੀ ਤੋਂ ਪੀੜਤ ਜਗੀਰ ਸਿੰਘ ਦੀ ਪਤਨੀ ਨੇ ਇਕ ਵਾਰ ਫਿਰ ਸੋਸ਼ਲ ਮੀਡੀਆ ਗਰੁੱਪ ਮੈਂਬਰਾਂ ਨੂੰ ਗੁਹਾਰ ਲਗਾਈ ਕਿ ਜਿੰਨੀ ਵੀ ਹੋ ਸਕੇ ਡਾਕਟਰ ਸਾਹਿਬ ਨੂੰ ਫੀਸ ਇਕੱਠੀ ਕਰ ਦਿਉ।

# ਸੀ ਐੱਚ ਸੀ ਝਬਾਲ ਵਿਖੇ ਮਲੇਰੀਆ ਬਰੀਡ ਦੀ ਚੈਕਿੰਗ



ਝਬਾਲ: ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)–ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਤੇ ਜੋਨਲ ਮਲੇਰੀਆ ਦਫਤਰ ਤੋਂ ਡਾ. ਸੁਮੀਤ ਜੱਸੜ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸਿਮਰਨ ਕੌਰ ਤੇ ਡਾ. ਅਮਨਦੀਪ ਸਿੰਘ ਤਰਨਤਾਰਨ ਤੇ ਡਾ. ਸੂਰਜਪਾਲ ਸਿੰਘ ਸੀਨੀਅਰ ਮੈਡੀਕਲ ਅਫਸਰ ਸੀਐੱਚਸੀ ਝਬਾਲ ਦੀ ਰਹਿਨੁਮਾਈ ਹੇਠ ਤੇ ਸਹਾਇਕ ਮਲੇਰੀਆ ਅਫਸਰ ਕੰਵਲ ਬਲਰਾਜ ਸਿੰਘ ਵੱਲੋਂ ਦੱਸੇ ਅਨੁਸਾਰ ਸੀਐੱਚਸੀ ਝਬਾਲ ਅਤੇ ਝਬਾਲ ਕਲਾਂ ਵਿਖੇ ਮਲੇਰੀਆ ਬਰੀਡ ਦੀ ਚੈਕਿੰਗ ਕੀਤੀ ਗਈ।

ਬੁਖਾਰ ਤੋਂ ਬਚਾਓ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਦੱਸਿਆ ਕਿ ਕਿਵੇਂ ਵੱਖ-ਵੱਖ ਅਹਿਤਿਆਤ ਰੱਖ ਕੇ ਇਸ ਬਿਮਾਰੀ ਤੋਂ ਬਚਿਆ ਜਾ ਸਕਦੈ।

ਇਸ ਮੌਕੇ ਐੱਸ. ਆਈ. ਗੁਰਬਖਸ਼ ਸਿੰਘ, ਰਾਮ ਰਛਪਾਲ, ਸਰਬਜੀਤ ਸਿੰਘ, ਅਰਵਿੰਦਰ ਪਾਲ ਸਿੰਘ, ਅਮਨਦੀਪ ਸਿੰਘ (ਝਬਾਲ), ਵਿਕਰਮ ਸਿੰਘ ਅੱਡਾ ਝਬਾਲ, ਮਲਟੀਪਰਪਜ਼ ਹੈਲਥ ਵਰਕਰ ਅਤੇ ਹੋਰ ਲੋਕ ਆਦਿ ਹਾਜ਼ਰ ਸਨ।

# ਮੈਡੀਕਲ ਸਟੋਰ ਤੋਂ 18 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ

ਬਟਾਲਾ (ਤਰਲੋਕ ਬੱਗਾ)–ਆਬਕਾਰੀ ਵਿਭਾਗ ਨੇ ਬੱਸ ਸਟੈਂਡ ਦੇ ਨਜ਼ਦੀਕ ਸਥਿਤ ਇਕ ਮੈਡੀਕਲ ਸਟੋਰ ਤੋਂ ਛਾਪੇਮਾਰੀ ਦੌਰਾਨ 18 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜਿੰਦਰਾ ਵਾਈਨ ਦੇ ਜੀ. ਐਮ. ਗੁਰਪ੍ਰੀਤ ਸਿੰਘ ਗੋਪੀ ਉੱਪਲ ਨੇ ਦੱਸਿਆ ਕਿ ਜ਼ਿਲ੍ਹਾ ਆਬਕਾਰੀ ਸਹਾਇਕ ਕਮਿਸਨਰ ਰਾਹੁਲ ਭਾਟੀਆ ਅਤੇ ਐਸਐਸਪੀ ਬਟਾਲਾ ਅਸ਼ਵਨੀ ਗੋਟਿਆਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਆਬਕਾਰੀ ਵਿਭਾਗ ਵੱਲੋਂ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸੇ ਲੜੀ ਤਹਿਤ ਐਕਸਾਈਜ਼ ਅਫਸਰ ਗੌਤਮ ਗੋਬਿੰਦ ਦੀ ਅਗਵਾਈ ਹੇਠ ਅਤੇ ਇੰਸਪੈਕਟਰ ਦੀਪਕ ਕੁਮਾਰ ਦੀ ਦੇਖ-ਰੇਖ ਹੇਠ ਆਬਕਾਰੀ ਵਿਭਾਗ ਦੀ ਟੀਮ ਵਲੋਂ ਗੁਪਤ ਸੂਚਨਾ ਦੇ ਆਧਾਰ 'ਤੇ ਬੱਸ ਸਟੈਂਡ ਦੇ ਨਜ਼ਦੀਕ ਸਥਿਤ ਇਕ ਮੈਡੀਕਲ ਸਟੋਰ ਤੋਂ ਛਾਪੇਮਾਰੀ ਦੌਰਾਨ 18 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਉਨ੍ਹਾਂ ਕਿਹਾ ਕਿ ਆਬਕਾਰੀ ਵਿਭਾਗ ਨੇ ਸ਼ਰਾਬ ਨੂੰ ਕਬਜ਼ੇ 'ਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਉਨ੍ਹਾਂ ਨਾਲ ਸਬ ਇੰਸ. ਬਲਜੀਤ ਸਿੰਘ, ਏ. ਐੱਸ. ਆਈ. ਸਤਨਾਮ ਸਿੰਘ, ਏ. ਐੱਸ. ਆਈ. ਖੁਸ਼ਵੰਤ ਸਿੰਘ, ਐੱਚ. ਸੀ. ਮਨਪ੍ਰੀਤ ਸਿੰਘ, ਐੱਚ. ਸੀ. ਨਰਿੰਦਰ ਲਾਲ ਆਦਿ ਹਾਜ਼ਰ ਸਨ।

# ਲਿਫਟਿੰਗ 'ਚ ਹੋ ਰਹੀ ਦੇਰੀ ਕਾਰਨ ਦੋ ਟਰਾਂਸਪੋਰਟ ਠੇਕੇਦਾਰਾਂ ਦੇ ਟੈਂਡਰ ਰੱਦ



ਮਜੀਠਾ (ਸੋਇਮ ਆਨੰਦ)–ਦਾਣਾ ਮੰਡੀ ਮਜੀਠਾ ਵਿੱਚ ਕਣਕ ਦੀ ਲਿਫਟਿੰਗ ਵਿਚ ਹੋ ਰਹੀ ਲਗਾਤਾਰ ਦੇਰੀ ਦੇ ਚਲਦਿਆਂ ਪ੍ਰਸ਼ਾਸਨ ਪਾਸ ਪਹੁੰਚੀਆਂ ਸ਼ਿਕਾਇਤਾਂ ਦੇ ਆਧਾਰ ਤੇ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਅੰਮ੍ਰਿਤਸਰ ਦੀ ਸਿਫਾਰਿਸ਼ 'ਤੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਦਾਣਾ ਮੰਡੀ ਮਜੀਠਾ ਵਿਖੇ ਟਰਾਂਸਪੋਰਟ ਦੇ ਠੇਕੇਦਾਰਾਂ ਦੇ ਟੈਂਡਰ ਰੱਦ ਕਰ ਦਿੱਤੇ ਗਏ ਹਨ। ਮਿਲੀ ਜਾਣਕਾਰੀ ਅਨੁਸਾਰ ਦਾਣਾ ਮੰਡੀ ਮਜੀਠਾ ਵਿਚ ਇੱਕ ਹੀ ਵਿਅਕਤੀ ਵੱਲੋਂ ਆਪਣੇ ਅਤੇ ਆਪਣੇ ਇੱਕ ਨਜ਼ਦੀਕੀ ਦੇ ਨਾਮ 'ਤੇ ਟੈਂਡਰ ਲਏ ਗਏ ਸਨ। ਕਣਕ ਦੀ ਲਿਫਟਿੰਗ ਵਿੱਚ ਹੋ ਰਹੀ ਦੇਰੀ ਦਾ ਕਈ ਦਿਨਾਂ ਤੋਂ ਰੌਲਾ ਚੱਲ ਰਿਹਾ ਸੀ ਅਤੇ ਪਸ਼ਾਸਨ ਵੱਲੋਂ ਟਰਾਂਸਪੋਰਟ ਦੇ ਠੇਕੇਦਾਰਾਂ 'ਤੇ ਲਗਾਤਾਰ ਲਿਫਟਿੰਗ ਵਿੱਚ ਤੇਜ਼ੀ ਲਿਆਉਣ ਲਈ ਦਬਾਅ ਬਣਾਇਆ ਜਾ ਰਿਹਾ ਸੀ। ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਅੰਮ੍ਰਿਤਸਰ ਦੀ ਸਿਫਾਰਿਸ਼ 'ਤੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਦਾਣਾ ਮੰਡੀ ਮਜੀਠਾ ਵਿਖੇ ਟਰਾਂਸਪੋਰਟ ਦੇ ਦੋ ਠੇਕੇਦਾਰਾਂ ਨਾਨਕ ਸਿੰਘ ਅਤੇ ਪਰਮਜੀਤ ਸਿੰਘ ਦੇ ਟੈਂਡਰ ਤੁਰੰਤ ਹੁਕਮਾਂ ਨਾਲ ਰੱਦ ਕਰ ਦਿੱਤੇ ਅਤੇ ਮੰਡੀ ਦੇ ਆੜ੍ਹਤੀਆਂ ਨੂੰ ਟੈਂਡਰ ਅਲਾਟ ਕਰ ਦਿੱਤੇ ਗਏ। ਇਸ ਦੇ ਨਾਲ ਹੀ ਹੁਕਮ ਦਿੱਤੇ ਗਏ ਕਿ ਜਲਦੀ ਤੋਂ ਜਲਦੀ ਕਣਕ ਮੰਡੀ ਵਿਚੋਂ ਚੁੱਕਣਾ ਯਕੀਨੀ ਬਣਾਇਆ ਜਾਵੇ। ਮਾਰਕੀਟ ਕਮੇਟੀ ਦੇ ਅਧਿਕਾਰੀਆਂ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਹੁਣ ਤੱਕ ਦਾਣਾ ਮੰਡੀ ਮਜੀਠਾ ਵਿੱਚ ਕਰੀਬ 30924 ਟਨ ਕਣਕ ਦੀ ਆਮਦ ਹੋਈ ਹੈ ਜਿਸ ਵਿਚੋਂ 29181 ਟਨ ਕਣਕ ਦੀ ਸਰਕਾਰੀ ਖਰੀਦ ਹੋਈ ਹੈ। ਕਰੀਬ 10412 ਟਨ ਕਣਕ ਦੀ ਚੁਕਾਈ ਹੋਈ ਹੈ ਅਤੇ 18769 ਟਨ ਕਣਕ ਅਜੇ ਮੰਡੀ ਵਿੱਚੋ ਚੁੱਕਣ ਵਾਲੀ ਪਈ ਹੈ। ਇਸ ਸਬੰਧੀ ਐੱਸਡੀਐੱਮ ਮਜੀਠਾ ਡਾ: ਹਰਨੂਰ ਕੌਰ ਢਿੱਲੋਂ ਨੇ ਪੁਸਟੀ ਕਰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋ ਟਰਾਂਸੋਰਟ ਦੇ ਠੇਕੇਦਾਰ 24 ਘੰਟੇ ਦੇ ਨੋਟਿਸ ਦਿੱਤਾ ਗਿਆ ਸੀ ਕਿ ਉਹ ਕਣਕ ਦੀ ਲਿਫਟਿੰਗ ਵਿੱਚ ਸੁਧਾਰ ਲਿਆਵੇ ਪਰ ਉਸ ਵੱਲੋਂ ਸੁਧਾਰ ਨਾ ਲਿਆਂਦੇ ਜਾਣ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਟੈਂਡਰ ਰੱਦ ਕਰਨ ਦੇ ਹੁਕਮ ਜਾਰੀ ਕੀਤੇ ਗਏ।

# ਰਾਹਗੀਰਾਂ ਨੂੰ ਜਾਗਰੂਕ ਕਰਨ ਲਈ ਟਰੈਫਿਕ ਪੁਲਸ ਨੇ ਲਗਾਇਆ ਅਵੇਅਰਨੈੱਸ ਕੈਂਪ



ਤਰਨਤਾਰਨ (ਸਾਗਰਦੀਪ ਸਿੰਘ ਅਰੋੜਾ)–ਰਾਹਗੀਰਾਂ ਨੂੰ ਜਾਗਰੂਕ ਕਰਨ ਦੇ ਲਈ ਤਰਨਤਾਰਨ ਟਰੈਫਿਕ ਪੁਲਸ ਵੱਲੋਂ ਬਾਈਪਾਸ ਤੇ ਟਰੈਫਿਕ ਅਵੇਅਰਨੈੱਸ ਕੈਂਪ ਲਗਾਇਆ ਗਿਆ ਜਿਸ ਵਿਚ ਟਰੈਫਿਕ ਪੁਲਸ ਦਾ ਸਹਿਯੋਗ ਐੱਨਐੱਸਯੂਆਈ ਵੱਲੋਂ ਕੀਤਾ ਗਿਆ। ਇਸ ਮੌਕੇ ਐੱਨਐੱਸਯੂਆਈ ਦੇ ਪੰਜਾਬ ਦੇ ਸੀਨੀਅਰ ਵਾਇਸ ਪ੍ਰਧਾਨ ਰਿਤਿਕ ਅਰੋੜਾ, ਟਰੈਫਿਕ ਪੁਲਸ ਦੇ ਉੱਚ ਅਧਿਕਾਰੀ ਅਤੇ ਤਰਨ ਤਾਰਨ ਟ੍ਰੈਫਿਕ ਪੁਲਸ ਇੰਚਾਰਜ ਬਲਜੀਤ ਕੌਰ ਵੱਲੋਂ ਮੋਟਰਸਾਈਕਲ ਸਵਾਰ ਰਾਹਗੀਰਾਂ ਨੂੰ ਹੈਲਮਟ ਵੰਡੇ ਗਏ ਅਤੇ ਲੋਕਾਂ ਨੂੰ ਅਵੇਅਰ ਕੀਤਾ ਗਿਆ।

ਰਿਤਿਕ ਅਰੋੜਾ ਨੇ ਕਿਹਾ ਕਿ ਲੋਕਾਂ ਨੂੰ ਜਾਗਰੂਕ ਕਰਨ ਦੇ ਲਈ ਜਿਵੇਂ ਜਿਵੇਂ ਟਰੈਫਿਕ ਪੁਲਸ ਦਾ ਸਹਿਯੋਗ ਕਰਨਾ ਪਵੇਗਾ ਜ਼ਰੂਰ ਕੀਤਾ ਜਾਵੇਗਾ। ਇਸ ਮੌਕੇ ਥਾਣਾ ਸਿਟੀ ਦੇ ਪ੍ਰਭਾਰੀ ਸਾਗਰ ਬਣਵਾਲ ਬਰਨਾਲਾ ਅਤੇ ਟਰੈਫਿਕ ਪੁਲਸ ਤਰਨਤਾਰਨ ਦੀ ਇੰਚਾਰਜ ਬਲਜੀਤ ਕੌਰ ਨੇ ਕਿਹਾ ਕਿ ਐੱਨਐੱਸਯੂਆਈ ਪੰਜਾਬ ਦੇ ਸੀਨੀਅਰ ਵਾਇਸ ਪ੍ਰਧਾਨ ਰਿਤਿਕ ਅਰੋੜਾ ਦੇ ਨਾਲ ਮਿਲ ਕੇ ਟਰੈਫਿਕ ਅਵੇਅਰਨੈੱਸ ਕੈਂਪ ਲਗਾਇਆ ਗਿਆ ਹੈ ਅਤੇ ਨਾਲ ਹੀ ਮੋਟਰਸਾਈਕਲ ਸਵਾਰ ਰਾਹਗੀਰਾਂ ਨੂੰ ਹੈਲਮਟ ਦਿੱਤੇ ਗਏ ਹਨ। ਟ੍ਰੈਫਿਕ ਪੁਲਸ ਵੱਲੋਂ ਲਗਾਤਾਰ ਇਸ ਤਰੀਕੇ ਦੇ ਉਪਰਾਲੇ ਕੀਤੇ ਜਾਣਗੇ।

# ਭੱਠਾ ਮਜ਼ਦੂਰਾਂ ਦੀਆਂ ਮੀਟਿੰਗਾਂ ਦਾ ਸਿਲਸਿਲਾ ਜਾਰੀ: ਕਾਮਰੇਡ ਸ਼ਿਵ ਕੁਮਾਰ



ਪਠਾਨਕੋਟ (ਦਵਿੰਦਰ ਸਿੰਘ) ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਦੇ ਆਗੂਆਂ ਵੱਲੋਂ 19 ਮਈ ਹੜਤਾਲ ਦੀ ਸਫਲਤਾ ਲਈ ਵੱਖ-ਵੱਖ ਭੱਠਿਆਂ ਉਪਰ ਮਜ਼ਦੂਰਾਂ ਨਾਲ ਮੀਟਿੰਗਾਂ ਕਰਕੇ ਹੜਤਾਲ ਦਾ ਸੱਦਾ ਦਿੱਤਾ ਜਾ ਰਿਹਾ ਹੈ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅੰਦਰ ਭੱਠਾ ਮਜ਼ਦੂਰਾਂ ਦੀਆਂ ਵੱਖ-ਵੱਖ ਕੈਟਾਗਿਰੀਆਂ ਦੇ ਮਜ਼ਦੂਰੀ ਦੇ ਨਵੇਂ ਰੇਟਾਂ ਦਾ ਸਮਝੌਤਾ ਹੋ ਚੁੱਕਾ ਹੈ ਪਰ ਪਠਾਨਕੋਟ ਜਿਲ੍ਹੇ ਦੇ ਭੱਠਾ ਮਾਲਕ ਗੱਲਬਾਤ ਕਰਨ ਤੋਂ ਆਨਾਕਾਨੀ ਕਰ ਰਹੇ ਹਨ ਜਿਸ ਕਰਕੇ ਮਜ਼ਦੂਰਾਂ ਨੂੰ ਮਜ਼ਬੂਰਨ ਹੜਤਾਲ ਤੇ ਜਾਣਾ ਪੈ ਰਿਹਾ ਹੈ। ਮਜ਼ਦੂਰਾਂ ਦੀਆਂ ਮੀਟਿੰਗਾਂ ਕਰਨ ਉਪਰੰਤ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਾਮਰੇਡ ਸ਼ਿਵ ਕੁਮਾਰ, ਦਰਸ਼ਨ ਸਿੰਘ ਅਖਰੋਟਾ ਅਤੇ ਮਨਹਰਨ ਨੇ ਕਿਹਾ ਕਿ ਇੱਕ ਤਾਂ ਮਜ਼ਦੂਰਾਂ ਦੀ ਆਰਥਿਕ ਹਾਲਤ ਪਹਿਲਾਂ ਹੀ ਬਹੁਤ ਮਾੜੀ ਹੈ ਉਪਰੋਂ ਮਹਿੰਗਾਈ ਨੇ ਗਰੀਬ ਲੋਕਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ, ਭੱਠਿਆਂ ਉਪਰ ਮਜ਼ਦੂਰਾਂ ਦੇ ਰਹਿਣ ਲਈ ਕੋਈ ਠੋਸ ਪਰਬੰਧ ਨਹੀਂ ਹਨ ਅਤੇ ਡਿਪਟੀ ਡਾਇਰੈਕਟਰ ਫੈਕਟਰੀ ਵੀ ਭੱਠਿਆਂ ਜਾਣਾ ਮੁਨਾਸਿਬ ਨਹੀਂ ਸਮਝਦੇ। ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਠਾਨਕੋਟ ਤੋਂ ਮੰਗ ਕੀਤੀ ਕਿ ਭੱਠਾ ਮਜ਼ਦੂਰਾਂ ਦੇ ਮੰਗ ਪੱਤਰਾਂ ਦੇ ਨਿਪਟਾਰੇ ਲਈ ਯੋਗ ਕਾਰਵਾਈ ਕੀਤੀ ਜਾਵੇ।

# ਪੱਤਰਕਾਰ-ਪੁਲਸ ਮਿਲਣੀ ਮੌਕੇ ਐੱਸ ਪੀ ਜੁਗਰਾਜ ਸਿੰਘ ਦਾ ਜਨਮ ਦਿਨ ਮਨਾਇਆ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):ਮੀਡੀਆ ਅਤੇ ਪੁਲਸ ਦਾ ਨਹੁੰ ਮਾਸ ਦਾ ਰਿਸ਼ਤਾ ਹੈ ਅਤੇ ਇਸ ਲੋਕਤੰਤਰ ਦੇ ਚੌਥੇ ਥੰਮ੍ਹ ਰਾਹੀਂ ਹੀ ਲੋੜਵੰਦਾਂ ਨੂੰ ਇਨਸਾਫ ਮਿਲਦਾ ਹੈ ਅਤੇ ਪੁਲਸ ਅਤੇ ਸਰਕਾਰ ਦੀਆਂ ਉਪਲੱਬਧੀਆ ਵੀ ਜਨਤਾ ਨੂੰ ਪਤਾ ਲੱਗਦੀਆਂ ਹਨ ਪਰ ਮੀਡੀਆ ਦੀ ਆੜ ਹੇਠ ਕੁਝ ਨਕਲੀ ਪੱਤਰਕਾਰ ਇਸਦਾ ਨਜਾਇਜ਼ ਫਾਇਦਾ ਉਠਾ ਰਹੇ ਹਨ ਜਿਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਐੱਸਪੀ ਇਨਵੈਸਟੀਗੇਸ਼ਨ ਜੁਗਰਾਜ ਸਿੰਘ ਨੇ ਜੰਡਿਆਲਾ ਪ੍ਰੈੱਸ ਕਲੱਬ ਵਲੋਂ ਪੁਲਸ ਨਾਲ ਰੱਖੀ ਇਕ ਮੀਟਿੰਗ ਦੌਰਾਨ ਕਹੇ। ਇਸ ਦੌਰਾਨ ਜੰਡਿਆਲਾ ਪ੍ਰੈਸ ਕਲੱਬ ਵਲੋਂ ਬੀਤੇ ਦਿਨੀਂ ਲੰਘੇ ਐੱਸਪੀ ਜੁਗਰਾਜ ਸਿੰਘ ਦਾ ਜਨਮ ਦਿਨ ਕੇਕ ਕੱਟ ਕੇ ਧੂਮਧਾਮ ਨਾਲ ਮਨਾਇਆ। ਜੰਡਿਆਲਾ ਪ੍ਰੈੱਸ ਕਲੱਬ ਦੇ ਚੇਅਰਮੈਨ ਸੁਨੀਲ ਦੇਵਗਨ, ਪ੍ਰਧਾਨ ਵਰਿੰਦਰ ਸਿੰਘ ਮਲਹੋਤਰਾ, ਸੀਨੀਅਰ ਮੀਤ ਪ੍ਰਧਾਨ ਹਰਿੰਦਰ ਪਾਲ ਸਿੰਘ ਤੋਂ ਇਲਾਵਾ ਮਜੀਠਾ ਤੋਂ ਵੀ ਪਹੁੰਚੇ ਪੱਤਰਕਾਰ ਭਾਈਚਾਰੇ ਨੇ ਇਸ ਖੁਸ਼ੀ ਮੌਕੇ ਐੱਸਪੀ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਇਸ ਖੁਸ਼ੀ ਵਿੱਚ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਡੀਐਸਪੀ ਬਾਬਾ ਬਕਾਲਾ ਹਰਕ੍ਰਿਸ਼ਨ ਸਿੰਘ, ਡੀਐਸਪੀ ਮਜੀਠਾ ਮਨਮੋਹਨ ਸਿੰਘ, ਡੀਐਸਪੀ ਥਾਣਾ ਜੰਡਿਆਲਾ ਸੀਤਲ ਸਿੰਘ, ਏਸੀਪੀ ਟ੍ਰੈਫਿਕ ਅੰਮ੍ਰਿਤਸਰ ਸ਼ਹਿਰੀ ਰਾਜੇਸ਼ ਕੱਕੜ ਨੂੰ ਸਨਮਾਨਿਤ ਕੀਤਾ ਗਿਆ। ਐੱਸਪੀ ਜੁਗਰਾਜ ਸਿੰਘ ਵਲੋਂ ਜੰਡਿਆਲਾ ਪ੍ਰੈੱਸ ਕਲੱਬ ਦੇ ਪ੍ਰਧਾਨ ਵਰਿੰਦਰ ਸਿੰਘ ਮਲਹੋਤਰਾ ਨੂੰ ਉਹਨਾਂ ਦੀਆਂ ਵਧੀਆ ਸੇਵਾਵਾਂ ਬਦਲੇ ਸਨਮਾਨਿਤ ਕੀਤਾ। ਚੇਅਰਮੈਨ ਸੁਨੀਲ ਦੇਵਗਨ ਨੇ ਕਿਹਾ ਕਿ ਪੱਤਰਕਾਰ ਭਾਈਚਾਰਾ ਹਮੇਸ਼ਾ ਪੁਲਸ ਦਾ ਸਤਿਕਾਰ ਕਰਦਾ ਆਇਆ ਹੈ ਅਤੇ ਉਨਾਂ ਦੀ ਹਰ ਉਪਲੱਬਧੀ ਨੂੰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਵਿਚ ਲਿਆ ਕੇ ਜਨਤਾ ਤਕ ਪਹੁੰਚਾਉਂਦਾ ਹੈ ਅਤੇ ਇਸੇ ਤਰ੍ਹਾਂ ਜਨਤਾ ਦੀਆਂ ਮੁਸ਼ਕਿਲਾਂ ਅਤੇ ਸ਼ਿਕਾਇਤਾਂ ਮੀਡੀਆ ਰਾਹੀਂ ਪੁਲਸ ਅਫਸਰਾਂ ਤਕ ਭੇਜਦਾ ਰਹੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਹਰਿੰਦਰ ਪਾਲ ਸਿੰਘ, ਜਨਰਲ ਸੈਕਟਰੀ ਪ੍ਰਦੀਪ ਜੈਨ, ਅਮਨਦੀਪ ਸਿੰਘ ਮਲਹੋਤਰਾ ਲੀਗਲ ਅਡਵਾਈਜ਼ਰ, ਨਰਿੰਦਰ ਸੂਰੀ, ਅਨਿਲ ਕੁਮਾਰ, ਬਲਵਿੰਦਰ ਸਿੰਘ, ਰਾਕੇਸ਼ ਕੁਮਾਰ, ਮਦਨ ਮਹਿਤਾ, ਪਿੰਕੂ ਆਨੰਦ, ਸੰਦੀਪ ਜੈਨ, ਸੋਨੂ ਮਿਗਲਾਨੀ, ਰਜਿੰਦਰ ਸਿੰਘ, ਵਿੱਕੀ ਰੰਧਾਵਾ, ਗੁਰਜਿੰਦਰ ਸੱਗੂ, ਭੁਪਿੰਦਰ ਸਿੰਘ, ਰਾਹੁਲ ਸ਼ਰਮਾ ਤੋਂ ਇਲਾਵਾ ਨਿਸ਼ਾਤ, ਰਿਤਿਸ, ਪੁਸ਼ਕਰ ਆਦਿ ਮੌਜੂਦ ਸਨ

# ਇਲਾਕੇ ਦੇ ਲੋਕਾਂ ਵੱਲੋਂ ਪਰਿਮੋ ਕੇਮੀਕਲਜ ਲਿਮਿਟਡ ਦੇ ਗੇਟ ਅੱਗੇ ਰੋਸ ਧਰਨਾ




**ਨੰਗਲ (ਸੁਰਜੀਤ ਢੇਰ )** ਬੀਤੇ ਕੱਲ੍ਹ ਇਕ ਫੈਕਟਰੀ ਵਿਚੋਂ ਗੈਸ ਲੀਕ ਹੋਣ ਜਾਣ ਕਾਰਨ ਨਜਦੀਕੀ ਪੈਂਦੇ ਨਿੱਜੀ ਸਕੂਲ ਦੇ ਦਰਜਨਾਂ ਵਿਦਿਆਰਥੀਆਂ ਸਮੇਤ ਇਕ ਅਧਿਆਪਕਾ ਬੇਹੋਸ਼ ਹੋ ਗਈ ਸੀ। ਜਿਸ ਦੇ ਰੋਸ ਵਜੋਂ ਇਲਾਕੇ ਦੇ ਲੋਕਾਂ ਨੇ ਪਰਿਮੋ ਕੇਮੀਕਲਜ ਲਿਮਿਟਡ ਦੇ ਗੇਟ ਅੱਗੇ ਰੋਸ ਧਰਨਾ ਮਾਰਿਆ ਅਤੇ ਇੱਕ ਮੰਗ ਪੱਤਰ ਪ੍ਰਸ਼ਾਸਨ ਨੂੰ ਦਿੱਤਾ ਜਿਸ ਵਿੱਚ ਮੰਗ ਕੀਤੀ ਗਈ ਕਿ ਇਲਾਕੇ ਪੰਜ ਪਿੰਡ ਬੀਨੇਵਾਲ,ਪੂਨਾ, ਸਨੋਲੀ, ਮਜਾਰਾ, ਮਲੁਕਪੁਰ ਇਲਾਕੇ ਦੀ ਪ੍ਰਦੂਸ਼ਣ ਕਾਰਨ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਫੈਕਟਰੀ ਦੇ ਪ੍ਰਦੂਸ਼ਣ ਕਾਰਨ ਧਰਤੀ ਦਾ ਪਾਣੀ ਦੂਸ਼ਿਤ ਹੋ ਰਿਹਾ ਹੈ ਜਿਸ ਕਾਰਨ ਫਸਲਾਂ ਨਹੀਂ ਹੋ ਰਹੀਆ ਤੇ ਨਾ ਹੀ ਪਾਣੀ ਪੀਣ ਯੋਗ ਰਿਹਾ ਹੈ।ਨ ਲੋਕ ਘਾਤਕ ਬਿਮਾਰੀਆ ਦਾ ਸ਼ਿਕਾਰ ਹੋ ਰਹੇ ਹਨ। ਵਾਰ ਵਾਰ ਗੈਸ ਰਿਸਨ ਕਾਰਨ ਜਾਨੀ ਤੇ ਮਾਲੀ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ। ਬੀਤੇ ਕੱਲ੍ਹ ਵੀ ਗੈਸੱ ਰਸਨ ਕਾਰਨ ਸੇਂਟ ਸੋਲਜਰ ਸਕੂਲ ਦੇ ਤਿੰਨ ਦਰਜਨ ਦੇ ਕਰੀਬ ਬੱਚੇ ਲਪੇਟ ਵਿੱਚ ਆਉਣ ਕਾਰਨ ਲੋਕਾ ਦੇ ਵਿੱਚ ਸਹਿਮ ਦਾ ਮਹੋਲ ਬਣਿਆ ਹੋਇਆ ਹੈ ਅਤੇ ਇਕ ਬੱਚੇ ਨੂੰ ਪੀ ਜੀ ਆਈ ਰੈਫਰ ਕੀਤਾ ਗਿਆ। ਸਿਖਿਆ ਮੰਤਰੀ ਹਰਜੋਤ ਸਿੰਘ ਬੈਸ ਨੇ ਮੌਕੇ ’ਤੇ ਪਹੁੰਚ ਕੇ ਸਾਰੀ ਸਥਿਤੀ ਦਾ ਜਾਇਜਾ ਲਿਆ ਤੇ ਗੈਸ ਲੀਕ ਹੋਣ ਵਾਲੇ ਉਦਯੋਗਿਕ ਅਦਾਰੇ ਖਿਲਾਫ ਸਖਤ ਕਾਰਵਾਈ ਕਰਨ ਦੇ ਆਦੇਸ਼ ਵੀ ਜਾਰੀ ਕੀਤੇ ਸਨ ਪਰ ਦੋ ਦਿਨ ਬੀਤ ਜਾਣ ਤੇ ਵੀ ਕੋਈ ਕਾਰਵਾਈ ਨਾ ਹੋਣ ਕਾਰਨ ਲੋਕਾ ਵਿੱਚ ਰੋਸ ਹੈ। ਧਰਨੇ ਵਿੱਚ ਵੱਖ ਵੱਖ ਪਿੰਡਾਂ ਤੋਂ ਔਰਤਾ ਵੀ ਸ਼ਾਮਲ ਸਨ। ਇਸ ਮੌਕੇ ’ਤੇ ਮਾਸਟਰ ਪ੍ਰੀਤਮ ਸਿੰਘ, ਹਰਜਿੰਦਰ ਸਿੰਘ, ਰਜਿੰਦਰ ਸਿੰਘ, ਸੰਨੀ, ਜਰਨੈਲ ਸਿੰਘ ਸਨੋਲੀ, ਜੋਰਾਵਰ ਸਿੰਘ, ਕੁਲਦੀਪ ਸਿੰਘ, ਸਤਵੀਰ ਸਿੰਘ, ਪਵਨ ਕੁਮਾਰ, ਰਜਿੰਦਰ ਸਿੰਘ ਆਦਿ ਹਾਜਰ ਸਨ।

# ਇਨਸਾਨ ਕੁਦਰਤ ਦੀਆਂ ਦਿੱਤੀਆਂ ਹੋਈਆਂ ਨਿਆਮਤਾਂ ਸੰਭਾਲ ਕੇ ਰੱਖਣ -ਕਸਤੂਰੀ ਲਾਲ



**ਫਗਵਾੜਾ ( ਡਾ. ਰਮਨ )** ਵੱਧ ਰਹੇ ਪ੍ਰਦੂਸ਼ਣ ਨੂੰ ਰੋਕਣ ਦੇ ਲਈ ਅਤੇ ਵਾਤਾਵਰਣ ਨੂੰ ਸਾਫ - ਸੁਥਰਾ ਬਣਾਉਣ ਲਈ ਉਸ ਦੀ ਸਾਂਭ - ਸੰਭਾਲ ਬਹੁਤ ਜਰੂਰੀ ਹੈ । ਇਹ ਪ੍ਰਗਟਾਵਾ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਫਗਵਾੜਾ ਯੂਨਿਟ ਦੇ ਪ੍ਰਚਾਰ ਸਕੱਤਰ ਕਸਤੂਰੀ ਲਾਲ ਨੇ ਕੀਤਾ। ਨਜਦੀਕੀ ਪਿੰਡ ਕੁੱਲਥਮ ਵਿਖੇ ਉਨ੍ਹਾਂ ਨੇ ਆਪਣੀ 50 ਸਾਲ ਉਮਰ ਹੋਣ ’ਤੇ ਜਨਮ ਦਿਨ ਦੀ ਖੁਸ਼ੀ ਵਿੱਚ 50 ਬੂਟੇ ਲਗਾਏ। ਇਸ ਮੌਕੇ ਪਿੰਡ ਸਰਪੰਚ ਬਲਜੀਤ , ਪੰਚ ਜਸਵੀਰ , ਪਵਨ ਕੁਮਾਰ , ਰਫੀਕ ਮੁੰਹਮਦ , ਪਰਮਜੀਤ ਪੰਮਾ ਆਦਿ ਮੌਜੂਦ ਸਨ। ਕਸਤੂਰੀ ਲਾਲ ਨੇ ਆਖਿਆ ਕਿ ਕੁਦਰਤ ਨੇ ਸਾਨੂੰ ਬਹੁਤ ਸਾਰੀਆਂ ਨਿਆਮਤਾਂ ਬਖਸ਼ੀਆਂ ਹੋਈਆਂ ਹਨ , ਇਨ੍ਹਾਂ ਨੂੰ ਸੰਭਾਲਣਾ ਬਹੁਤ ਜਰੂਰੀ ਹੈ ਜਿਨ੍ਹਾਂ ਵਿੱਚੋਂ ਇੱਕ ਹੈ ਪਰਿਆਵਰਣ। ਇਸ ਦੀ ਸਾਂਭ-ਸੰਭਾਲ ਬਹੁਤ ਜਰੂਰੀ ਹੈ ਪਰ ਅਜੋਕੇ ਸਮੇਂ ਵਿੱਚ ਰੁੱਖਾਂ ਨੂੰ ਲਗਾਤਾਰ ਕੱਟਿਆ ਜਾ ਰਿਹਾ ਹੈ ਜਿਸ ਦੇ ਨਾਲ ਦਿਨੋਂ-ਦਿਨ ਵਾਤਾਵਰਣ ਦੂਸ਼ਿਤ ਹੋ ਰਿਹਾ ਹੈ। ਪਾਣੀ ਦਾ ਲੈਵਲ ਥੱਲੇ ਡਿੱਗਦਾ ਜਾ ਰਿਹਾ ਹੈ ਉਸ ਨਾਲ ਆਉਣ ਵਾਲੇ ਸਮੇਂ ਵਿੱਚ ਇਨਸਾਨ ਨੂੰ ਬਹੁਤ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਅਤੇ ਪਾਣੀ ਦੀ ਬਰਬਾਦੀ ਹੋਣ ਤੋਂ ਰੋਕਣਾ ਚਾਹੀਦਾ ਹੈ ।

# ਗੁ: ਸਿੰਘ ਸ਼ਹੀਦਾਂ ਸੋਹਾਣਾ ਵਿਖੇ 313ਵੇਂ ਸਰਹੰਦ ਫਤਹਿ ਦਿਵਸ ’ਤੇ ਗੁਰਮਤਿ ਸਮਾਗਮ



**ਐੱਸ. ਏ. ਐੱਸ ਨਗਰ (ਗੁਰਜੀਤ ਬਿੱਲਾ)**— ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ 313 ਵੇਂ ਸਰਹੰਦ ਫਤਹਿ ਦਿਵਸ ਦੀ ਖੁਸ਼ੀ ਵਿੱਚ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਗੁਰਮਤਿ ਸਮਾਗਮ ਕਰਵਾਇਆ ਗਿਆ । ਇਸ ਗੁਰਮਤਿ ਸਮਾਗਮ ਵਿੱਚ ਸ਼ੇਰ ਏ ਪੰਜਾਬ ਕਵੀਸ਼ਰੀ ਜੱਥੇ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੁਆਰਾ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ਬਦਲਾ ਲੈਂਦੇ ਹੋਏ ਸੰਨ 1710 ਈ: ਵਿੱਚ ਵਜੀਰ ਖਾਨ ਨੂੰ ਮਾਰ ਕੇ, ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਫਤਹਿ ਕਰਨ ਦਾ ਪੂਰਾ ਪ੍ਰਸੰਗ ਸੰਗਤਾਂ ਨੂੰ ਵਿਸਥਾਰ ਨਾਲ ਸੁਣਾਇਆ। ਭਾਈ ਅਵਤਾਰ ਸਿੰਘ ਦੇ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ । ਭਾਈ ਸੰਦੀਪ ਸਿੰਘ ਸ਼੍ਰੋਮਣੀ ਪ੍ਰਚਾਰਕ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਮਹਾਨਤਾ ਦਸੱਦੇ ਹੋਏ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ। ਇਸ ਤੋਂ ਇਲਾਵਾ ਭਾਈ ਨਿਸ਼ਾਨ ਸਿੰਘ , ਭਾਈ ਗੁਰਦੀਪ ਸਿੰਘ, ਭਾਈ ਮਹਿੰਦਰ ਸਿੰਘ, ਭਾਈ ਸੁਰਜੀਤ ਸਿੰਘ, ਭਗੜਾਣੇ ਵਾਲਿਆਂ ਦਾ ਕਵੀਸ਼ਰੀ ਜੱਥਾ, ਭਾਈ ਗੁਰਵਿੰਦਰ ਸਿੰਘ, ਭਾਈ ਪ੍ਰਿਤਪਾਲ ਸਿੰਘ, ਭਾਈ ਕੁਲਦੀਪ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਭਾਈ ਬਹਾਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਜਸਵੰਤ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਇੰਦਰਜੀਤ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨੇ ਕਥਾ-ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਪ੍ਰਬੰਧਕ ਕਮੇਟੀ ਗੁ: ਸਿੰਘ ਸ਼ਹੀਦਾਂ ਦੇ ਬੁਲਾਰੇ ਨੇ ਦੱਸਿਆ ਪੰਚਮ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ 2 ਪਾਠ ਰੋਜ਼ਾਨਾ 40 ਦਿਨ ਸ੍ਰੀ ਦਰਬਾਰ ਵਿੱਚ ਸੰਗਤ ਰੂਪ ਵਿੱਚ ਕੀਤੇ ਜਾ ਰਹੇ ਹਨ।

# ਸਮਾਜ ਸੇਵੀ ਯਸ਼ਪਾਲ ਸਿੰਘ ਵਿਰਦੀ ਨੂੰ ਕੀਤਾ ਸਨਮਾਨਿਤ

**ਕਰਤਾਰਪੁਰ : (ਹਰਮੇਸ ਦੱਤ )** ਨੇਕੀ ਦੀ ਦੁਕਾਨ, ਕਰਤਾਰਪੁਰ ਵੱਲੋਂ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਵਿਸ਼ੇਸ਼ ਸਹਿਯੋਗ ਦੇਣ ਵਾਲੇ ਸਮਾਜ ਸੇਵੀ ਯਸ਼ਪਾਲ ਸਿੰਘ ਵਿਰਦੀ ਨੂੰ ਕਿਤਾਬ ਅਤੇ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਮਾਸਟਰ ਅਮਰੀਕ ਸਿੰਘ ਨੇ ਕਿਹਾ ਕਿ ਸੰਸਥਾ ਦੀ ਬੇਨਤੀ ’ਤੇ ਇਹ ਹਰ ਮੌਕੇ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਨਿਸ਼ਕਾਮ ਸਹਿਯੋਗ ਦਿੰਦੇ ਹਨ । ਜਿਸ ਲਈ ਸੰਸਥਾ ਇਨ੍ਹਾਂ ਦਾ ਦਿਲੋਂ ਧੰਨਵਾਦ ਕਰਦੀ ਹੈ। ਇਸ ਮੌਕੇ ਸੇਵਾ ਸਿੰਘ, ਸਤਨਾਮ ਸਿੰਘ ਵਿਰਦੀ, ਲਖਬੀਰ ਸਿੰਘ, ਬਚਨ ਸਿੰਘ, ਅਮਨਦੀਪ ਸਿੰਘ,ਕਰਮਬੀਰ ਸਿੰਘ ਹਾਜਰ ਸਨ।



# ਦੋਆਬਾ ਪਬਲਿਕ ਸਕੂਲ ਦੋਹਲਰੋਂ ਦਾ ਬਾਰਵੀਂ ਸ਼੍ਰੇਣੀ ਦਾ ਨਤੀਜਾ ਰਿਹਾ ਸ਼ਾਨਦਾਰ



**ਮਾਹਿਲਪੁਰ/(ਸਫਰੀ)** - ਸੀ.ਬੀ.ਐਸ.ਸੀ ਨਵੀਂ ਦਿੱਲੀ ਦੁਆਰਾ ਐਲਾਨੇ ਗਏ ਬਾਰਵੀਂ ਸ੍ਰੇਣੀ ਦੇ ਨਤੀਜੇ ਵਿੱਚ ਦੁਆਬਾ ਪਬਲਿਕ ਸਕੂਲ ਦੋਹਲਰੋਂ ਦਾ ਨਤੀਜਾ ਸ਼ਾਨਦਾਰ ਰਿਹਾ।

ਚੇਅਰਪਰਸਨ ਹਰਪ੍ਰੀਤ ਕੌਰ ਤੇ ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਚਲ ਰਹੇ ਸਕੂਲ ਦੇ ਪ੍ਰਿੰਸੀਪਲ ਅਰੁਣ ਗੁਪਤਾ ਨੇ ਦੱਸਿਆ ਕਿ ਮੈਡੀਕਲ ਗਰੁੱਪ ਵਿੱਚ ਹਰਮਨ ਨੇ 91% ਨੰਬਰ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਨਾਨ ਮੈਡੀਕਲ ਗਰੁੱਪ ਵਿੱਚ ਗੁਰਲੀਨ ਮਾਨ ਨੇ 92% ਅੰਕ ਲੈ ਕੇ ਬਾਜੀ ਮਾਰੀ ਤੇ ਕਾਮਰਸ ਵਿੱਚ ਰੋਹਿਤ ਹੀਰ ਨੇ 87.2% ਅੰਕ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ ਵਿੱਚ ਸਾਹਿਲ ਅਵਸਥੀ ਨੇ 88.2% ਅੰਕ ਪ੍ਰਾਪਤ ਕੇ ਪਹਿਲਾ ਸਥਾਨ ਹਾਸਲ ਕੀਤਾ। ਇੱਥੇ ਇਹ ਵਰਨਣਯੋਗ ਹੈ ਕਿ ਗੁਰਲੀਨ ਮਾਨ ਨੇ ਕਮਿਸਟਰੀ ਵਿੱਚ 100/100 ਅੰਕ ਲੈ ਕੇ ਸਕੂਲ ਦਾ ਮਾਣ ਵਧਾਇਆ। ਉਹਨਾਂ ਨੇ ਹੋਣਹਾਰ ਵਿਦਿਆਰਥੀਆਂ , ਮਿਹਨਤੀ ਅਧਿਆਪਕਾਂ ਤੇ ਸਮਰਪਿਤ ਮਾਪਿਆਂ ਨੂੰ ਵਧਾਈ ਦਿੱਤੀ । ਇਸ ਮੌਕੇ ’ਤੇ ਮੈਡਮ ਪੂਜਾ ਰਾਣੀ, ਵਿਨੈ ਕੁਮਾਰ ,ਅਜੇ ਕੁਮਾਰੀ,ਦੀਪਿਕਾ,ਪੂਨਮ, ਸੋਹਿਲ ਗਾਂਧੀ, ਜਗਦੀਪ ਸਿੰਘ, ਅਰਮਿੰਦਰ ਕੌਰ, ਅਨੂਪ ਕੁਮਾਰ,ਮੀਨਾਕਸ਼ੀ ਸਮੇਤ ਸਮੂਹ ਸਟਾਫ ਹਾਜਰ ਸੀ।

ਭੋਗ ’ਤੇ ਵਿਸ਼ੇਸ਼

# ਅਧਿਆਪਕ ਰਜਿੰਦਰ ਕੌਰ



ਮੈਡਮ ਰਜਿੰਦਰ ਕੌਰ ਦਾ ਜਨਮ ਭਗਵੰਤ ਸਿੰਘ ਸੋਢੀ ਅਤੇ ਮਾਤਾ ਮਹਿੰਦਰ ਕੌਰ ਦੇ ਘਰ ਦਸੰਬਰ 1942 ਵਿੱਚ ਦਾਉ ਗਮਗੜ ਵਿਖੇ ਹੋਇਆ। ਦਸਵੀਂ ਕਰਨ ਉਪਰੰਤ ਜੇਬੀਟੀ ਕੀਤੀ। ਛੇਤੀ ਹੀ 1962 ਵਿੱਚ ਸਿਖਿਆ ਵਿਭਾਗ ਵਿੱਚ ਨੌਕਰੀ ਸ਼ੁਰੂ ਕੀਤੀ। ਸ਼੍ਰੋਮਣੀ ਸਾਹਿਤਕਾਰ ਪ੍ਰੋਫੈਸਰ ਮਨਮੋਹਨ ਸਿੰਘ ਦੀ ਵੱਡੀ ਭੈਣ ਮੈਡਮ ਭਗਵੰਤ ਕੌਰ ਨਾਲ ਆਪਣੇ ਪਿੰਡ ਤੋਂ ਸੇਵਾ ਸ਼ੁਰੂ ਕਰਨ ਉਪਰੰਤ ਘੜੂੰਆਂ, ਸਨੌਰ ਵਿਖੇ ਸੇਵਾ ਕਰਨ ਸਮੇਂ 1967 ਵਿੱਚ ਨਰਿੰਦਰ ਸਿੰਘ ਅਹੂਜਾ ਵਾਸੀ ਸ੍ਰੀ ਅਨੰਦਪੁਰ ਸਾਹਿਬ ਨਾਲ ਵਿਆਹ ਹੋ ਗਿਆ। ਪਿਛਲੇ ਇਕ ਸਾਲ ਤੋਂ ਲੰਗਜ ਦੀ ਇਨਫੈਕਸ਼ਨ ਅਤੇ ਪਾਣੀ ਭਰ ਜਾਣ ਕਰਕੇ ਇਲਾਜ ਲਈ ਮੋਹਾਲੀ ਦੇ ਨਿੱਜੀ ਹਸਪਤਾਲ ਵਿੱਚ ਦਾਖਲ ਰਹੇ। ਠੀਕ ਹੋ ਜਾਣ ਤੋਂ ਬਾਅਦ ਮੋਹਾਲੀ ਵਿਖੇ ਆਪਣੇ ਪੁੱਤਰ ਪਾਸ ਰਹੇ। ਪਰ ਨਾਮੁਰਾਦ ਬਿਮਾਰੀ ਨੇ ਖਹਿੜਾ ਨਹੀਂ ਛੱਡਿਆ ਅਤੇ 7 ਮਈ 2023 ਨੂੰ ਅਕਾਲ ਚਲਾਣਾ ਕਰ ਗਈ। ਇਨ੍ਹਾਂ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 13 ਮਈ ਨੂੰ 12 ਵਜੇ ਗੁਰਦੁਆਰਾ ਸਾਹਿਬ 69 ਸੈਕਟਰ ਵਿੱਚ ਹੋਵੇਗਾ।

**ਸੁਰਜੀਤ ਸਿੰਘ ਢੇਰ**

# ਸੀ ਆਰ ਪੀ ਐੱਫ ਵੱਲੋਂ ਸਿਵਲ ਪ੍ਰਸ਼ਾਸਨ ਨਾਲ ਮਿਲ ਕੇ ਰੁੱਖ ਲਾਉਣ ਦੀ ਮੁਹਿੰਮ ਸ਼ੁਰੂ



**ਐਸ.ਐਸ. ਨਗਰ (ਗੁਰਜੀਤ ਬਿੱਲਾ)**- ਸੀ.ਆਰ.ਪੀ.ਐਫ ਨੇ ਐਸ.ਏ.ਐਸ ਨਗਰ ਦੇ ਸਿਵਲ ਪ੍ਰਸ਼ਾਸਨ ਨਾਲ ਮਿਲ ਕੇ ਜ਼ਿਲ੍ਹੇ ਵਿੱਚ ਰੁੱਖ ਲਾਉਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ, ਜਿਸ ਹੇਠ ਇਸ ਸੀਜਨ ਦੌਰਾਨ 13000 ਬੂਟੇ ਲਾਉਣ ਦਾ ਟੀਚਾ ਨਿਰਧਾਰਿਤ ਕੀਤਾ ਗਿਆ ਹੈ । ਸੀ.ਆਰ.ਪੀ.ਐਫ ਦੀ 13ਵੀਂ ਬਟਾਲੀਆਨ ਦੇ ਅਸਿਸਟੈਂਟ ਕਮਾਂਡਰ ਅਤੇ ਇਸ ਮੁਹਿੰਮ ਦੇ ਨੋਡਲ ਅਫਸਰ ਰਾਧੇ ਸ਼ਿਆਮ ਨੇ ਦੱਸਿਆ ਕਿ ਫੋਰਸ ਵੱਲੋਂ ਇਹ ਮੁਹਿੰਮ ਕਮਾਂਡੈਂਟ ਹਰਜਿੰਦਰ ਸਿੰਘ ਦੀ ਅਗਵਾਈ ਵਿੱਚ ਮੋਹਾਲੀ ਦੇ ਸੈਕਟਰ 68 ਵਿੱਚੋਂ ਸ਼ਸ਼ੁਰੂ ਕੀਤੀ ਗਈ ਹੈ । ਜਿਸ ਦੇ ਹੇਠ ਖੱਡੇ ਮਾਰਨ ਦਾ ਕੰਮ ਅਰੰਭ ਕਰ ਦਿੱਤਾ ਗਿਆ ਹੈ । ਉਨ੍ਹਾਂ ਅਨੁਸਾਰ ਜ਼ਿਲ੍ਹੇ ਵਿੱਚ ਬਰਸਾਤ ਤੋਂ ਪਹਿਲਾ 13 ਹਜਾਰ ਬੂਟੇ ਲਾਉਣ ਦਾ ਟੀਚਾ ਰੱਖਿਆ ਗਿਆ ਹੈ । ਇਨ੍ਹਾਂ ਵਿੱਚ ਹੋਰ ਪੌਦਿਆਂ ਤੋਂ ਇਲਾਵਾ ਫਲਾਂ ਦੇ ਵੀ ਪੌਦੇ ਲਗਾਏ ਜਾ ਰਹੇ ਹਨ । ਇਹ ਪੌਦੇ ਪੰਜਾਬ ਦੇ ਜੰਗਲਾਤ ਵਿਭਾਗ ਵੱਲੋਂ ਮੁਹਈਆ ਕਰਵਾਏ ਜਾਣਗੇ ਅਤੇ ਇਸ ਲਈ ਖਾਦ ਮੋਹਾਲੀ ਕਾਰਪੋਰੇਸ਼ਨ ਵੱਲੋਂ ਦਿੱਤੀ ਜਾਵੇਗੀ ।

# ਸਿਲਵਰ ਓਕ ਸਕੂਲ ਵਿਖੇ ਵਿਦਿਆਰਥੀ ਕੌਂਸਲ ਚੋਣ ’ਚ ਗਰਿਮਾ ਤੇ ਗੁਰਬੀਰ ਸਿੰਘ ਬਣੇ ਕਪਤਾਨ



**ਟਾਂਡਾ ਉੜਮੁੜ, ਜਸਵਿੰਦਰ ਸੰਧੂ ਉਂਕਾਰ ਸਿੰਘ)**- ਵਿਦਿਆਰਥੀਆਂ ਵਿੱਚ ਲੀਡਰਸ਼ਿਪ ਦੇ ਗੁਣ ਪੈਦਾ ਕਰਨ ਲਈ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸਹਿਬਾਜਪੁਰ ਨੇ ਵਿਦਿਆਰਥੀ ਕੌਂਸਲ ਦੀ ਚੋਣ ਕੀਤੀ। ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿੱਚ ਹੋਏ ਸਮਾਗਮ ਵਿੱਚ ਮੁੱਖ ਮਹਿਮਾਨ ਚੇਅਰਮੈਨ ਤਰਲੋਚਨ ਸਿੰਘ ਦੀ ਹਾਜਰੀ ਵਿੱਚ ਮੈਰਿਟ ਦੇ ਆਧਾਰ ’ਤੇ ਚੁਣੀ ਗਈ ਕੌਂਸਲ ਦਾ ਐਲਾਨ ਕੀਤਾ ਗਿਆ। ਜਿਸ ਵਿੱਚ ਗਰਿਮਾ ਅਤੇ ਗੁਰਬੀਰ ਸਿੰਘ ਨੂੰ ਸਕੂਲ ਦਾ ਕਪਤਾਨ ਬਣਾਇਆ ਗਿਆ। ਇਸੇ ਤਰ੍ਹਾਂ ਅਰਸ਼ਪ੍ਰੀਤ ਸਿੰਘ, ਅਮਨਦੀਪ ਕੌਰ, ਹਰਮੀਤ ਸਿੰਘ ਅਤੇ ਮਨਦੀਪ ਕੌਰ ਨੂੰ ਉਪ ਕਪਤਾਨ, ਹਰਗੁਣਦੀਪ ਸਿੰਘ, ਜਪਨੂਰ ਸਿੰਘ, ਰਣਜੋਧ ਸਿੰਘ, ਜਸਪ੍ਰੀਤ ਕੌਰ, ਗੁਰਨੀਤ ਕੌਰ, ਹਰਪ੍ਰੀਤ ਕੌਰ, ਸੁਖਮਨ ਪ੍ਰੀਤ ਸਿੰਘ ਨੂੰ ਅਨੁਸ਼ਾਸ਼ਨ ਕੈਪਟਨ, ਰਣਦੀਪ ਸਿੰਘ, ਇੰਦਰਪ੍ਰੀਤ ਸਿੰਘ, ਸੁਖਮਨਜੀਤ ਸਿੰਘ, ਹਰਲੀਨ ਕੌਰ, ਕਮਲਦੀਪ ਕੌਰ ਨੂੰ ਸਪੋਰਟਸ ਕਪਤਾਨ, ਸਨੇਹਾ, ਪ੍ਰਨੀਤ ਕੌਰ, ਮਹਿਕਪ੍ਰੀਤ ਕੌਰ, ਨਵਪ੍ਰੀਤ ਕੌਰ ਨੂੰ ਸੀਸੀਏ ਕੈਪਟਨ ਬਣਾਇਆ ਗਿਆ। ਇਸ ਦੌਰਾਨ ਚੁਣੇ ਗਏ ਵਿਦਿਆਰਥੀਆਂ ਨੂੰ ਸਹੁੰ ਚੁਕਾਈ ਗਈ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਮੈਨੇਜਰ ਕਰਨਜੀਤ ਸੈਣੀ, ਤਰਨ ਸੈਣੀ, ਗਜਿੰਦਰ ਪਾਲ ਸਿੰਘ, ਬਿਕਰਮਜੀਤ ਸਿੰਘ ਭੇਲਾ, ਸੰਜੀਵ ਸ਼ਰਮਾ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ, ਪਰਮਜੀਤ ਕੌਰ, ਰਾਜਵੀਰ ਕੌਰ, ਰਾਜਵਿੰਦਰ ਕੌਰ, ਕੰਚਨ ਖੁਰਾਣਾ, ਰਵਿੰਦਰ ਕੁਮਾਰ, ਗੁਰਪ੍ਰੀਤ, ਵਿਸ਼ਾਲੀ, ਸੁਮੀਤ, ਬਲਜੀਤ , ਅਸ਼ਵਨੀ ਅਤੇ ਹੋਰ ਸਟਾਫ ਮੈਂਬਰ ਵੀ ਹਾਜਰ ਸਨ।

# ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਦਾ ਬਾਰਵੀਂ ਜਮਾਤ ਦਾ ਸ਼ਾਨਦਾਰ ਨਤੀਜਾ




**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**:- ਸੀ.ਬੀ.ਐਸ.ਈ. ਵਲੋਂ ਬਾਰਵੀਂ ਜਮਾਤ ਦੇ ਨਤੀਜਿਆਂ ਵਿਚੋਂ ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਡੱਲਾ ਦੇ ਵਿਦਿਆਰਥੀਆਂ ਨੇ ਸਾਨਦਾਰ ਪ੍ਰਜੀਸਨਾਂ ਪ੍ਰਾਪਤ ਕਰਦੇ ਹੋਏ ਜ਼ਿਲ੍ਹੇ ਅਤੇ ਇਲਾਕੇ ਵਿੱਚ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ। ਸਕੂਲ ਪ੍ਰਿੰਸੀਪਲ ਬਿਕਰਮ ਸਿੰਘ ਸੈਣੀ ਸੀ.ਬੀ.ਐੱਸ.ਈ. ਵਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜਿਆਂ ਵਿਚ ਨਾਨ-ਮੈਡੀਕਲ ਵਿੱਚੋਂ ਪ੍ਰਭਨੂਰ ਸੈਣੀ 94.2% ਨੰਬਰ ਲੈ ਕੇ ਪਹਿਲੇ ਸਥਾਨ ’ਤੇ, ਤਨੀਸ਼ਾ 92% ਨੰਬਰ ਲੈ ਕੇ ਦੂਸਰੇ ਅਤੇ ਯਸ਼ਪ੍ਰੀਤ 89.4% ਨੰਬਰ ਲੈ ਕੇ ਤੀਜੇ ਸਥਾਨ ’ਤੇ ਰਹੇ। ਕਾਮਰਸ ਵਿਚ ਸਤਿੰਦਰ ਕੌਰ ਨੇ 91.8% ਨੰਬਰ ਲੈ ਕੇ ਪਹਿਲਾ, ਨਵਦੀਪ ਸਿੰਘ ਨੇ 90.8% ਨੰਬਰ ਲੈ ਕੇ ਦੂਸਰਾ ਅਤੇ ਰਿਸ਼ਾਂਤ ਨੇ 90.6% ਨੰਬਰ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਬਾਰਵੀਂ ਜਮਾਤ ਦਾ ਨਤੀਜਾ 100% ਰਿਹਾ।

# ਸਮੇਂ ਸਿਰ ਜਾਂਚ ਨਾਲ ਕੈਂਸਰ ਤੋਂ ਹੋ ਸਕਦਾ ਹੈ ਬਚਾਅ : ਤਰਨਜੀਤ ਕੌਰ



**ਬੁਲ੍ਹੋਵਾਲ, (ਵਿਰਦੀ)** ਪੀ.ਐਚ.ਸੀ. ਚੱਕੋਵਾਲ ਵਿਖੇ ਸਿਵਲ ਸਰਜਨ ਹੁਸ਼ਿਆਰਪੁਰ ਤੇ ਪੀ.ਐਚ.ਸੀ. ਚੱਕੋਵਾਲ ਦੇ ਐਸ.ਐਮ.ਓ. ਡਾ. ਬਲਦੇਵ ਸਿੰਘ ਦੀ ਅਗਵਾਈ ਵਿਚ ਛਾਤੀ ਦੇ ਕੈਂਸਰ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਤਰਨਜੀਤ ਕੌਰ ਸਟੇਟ ਪ੍ਰੋਜੈਕਟ ਮੈਨੇਜਰ ਕੈਂਸਰ ਸਕਰੀਨਿੰਗ ਖਾਸ ਤੌਰ ’ਤੇ ਪਹੁੰਚੇ ਤੇ ਉਹਨਾਂ ਹਾਜ਼ਰ ਏ.ਐਨ.ਐਮ., ਸੀ.ਐਚ.ਓ. ਤੇ ਆਸ਼ਾ ਫੈਸਿਲਿਟੇਟਰ ਨੂੰ ਔਰਤਾਂ ਵਿਚ ਹੋਣ ਵਾਲੇ ਛਾਤੀ ਦੇ ਕੈਂਸਰ ਬਾਰੇ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਔਰਤਾਂ ਦੇ ਛਾਤੀ ਦੇ ਕੈਂਸਰ ਦੀ ਜਾਂਚ ਲਈ ਇੱਕ ਪ੍ਰੋਜੈਕਟ ਸ਼ੁਰੂ ਕੀਤਾ ਹੈ। ਇਸ ਪ੍ਰੋਜੈਕਟ ਵਿਚ ਇੱਕ ਖਾਸ ਯੰਤਰ ਦੀ ਮਦਦ ਨਾਲ ਛਾਤੀ ਦੀ ਤਸਵੀਰ ਲੈ ਕੇ ਸ਼ੱਕੀ ਮਰੀਜ਼ਾਂ ਦੀ ਪਛਾਣ ਕੀਤੀ ਜਾਂਦੀ ਹੈ ਤੇ ਮੁਖ ਮੰਤਰੀ ਰਾਹਤ ਕੋਸ਼ ਉਹਨਾਂ ਦਾ ਇਲਾਜ ਕਰਵਾਇਆ ਜਾਂਦਾ ਹੈ। ਇਸ ਮੌਕੇ ਉਹਨਾਂ ਕਿਹਾ ਕਿ ਔਰਤਾਂ ਵਿਚ ਛਾਤੀ ਦਾ ਕੈਂਸਰ ਦਿਨੋ ਦਿਨ ਵੱਧ ਰਿਹਾ ਹੈ। ਜੇਕਰ ਸਾਨੂੰ ਇਸ ਦੇ ਲੱਛਣਾਂ ਬਾਰੇ ਸਹੀ ਜਾਣਕਾਰੀ ਹੋਵੇਗੀ ਤਾਂ ਅਸੀਂ ਕਿਸੇ ਦੀ ਜਾਨ ਬਚਾਅ ਸਕਦੇ ਹਾਂ। ਉਹਨਾਂ ਕਿਹਾ ਕਿ ਜੇਕਰ ਔਰਤਾਂ ਨੂੰ ਛਾਤੀ ਵਿਚ ਦਰਦ, ਗੰਢਾਂ ਮਹਿਸੂਸ ਹੁੰਦੀਆਂ ਹਨ ਤਾਂ ਨੇੜੇ ਦੇ ਸਿਹਤ ਕੇਂਦਰ ਜਾ ਕੇ ਜਾਂਚ ਕਰਵਾਉਣੀ ਚਾਹੀਦੀ ਹੈ, ਤਾਂ ਕਿ ਸਮੇਂ ਸਿਰ ਕੈਂਸਰ ਦਾ ਇਲਾਜ ਹੋ ਸਕੇ। ਇਸ ਮੌਕੇ ਐਸ.ਐਮ.ਓ. ਡਾ. ਬਲਦੇਵ ਸਿੰਘ ਨੇ ਕਿਹਾ ਕਿ ਔਰਤਾਂ ਅਕਸਰ ਆਪਣੀ ਬਿਮਾਰੀ ਬਾਰੇ ਕਿਸੇ ਨਾਲ ਗੱਲ ਨਹੀਂ ਕਰਦੀਆਂ ਜਿਸ ਨਾਲ ਬਿਮਾਰੀ ਵੱਧ ਜਾਂਦੀ ਹੈ। ਇਸ ਲਈ ਸਿਹਤ ਕਰਮਚਾਰੀਆਂ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਉਹ ਔਰਤਾਂ ਨੂੰ ਇਸ ਬਾਰੇ ਜਾਗਰੂਕ ਕਰਨ ਤਾਂ ਕਿ ਇਸ ਤੋਂ ਬਚਾਅ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਏ.ਐਨ.ਐਮ. ਤੇ ਸੀ.ਐਚ.ਓ ਔਰਤਾਂ ਦੀ ਜਾਂਚ ਕਰਕੇ ਸ਼ੱਕੀ ਮਰੀਜ਼ਾਂ ਦੀ ਲਿਸਟ ਤਿਆਰ ਕਰਨ ਤਾਂ ਕਿ ਉਹਨਾਂ ਦੀ ਜਾਂਚ ਕੀਤੀ ਜਾ ਸਕੇ।

# ਪੀ ਟੀ. ਐੱਮ ਆਰੀਆ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ’ਚ ਨੈਸ਼ਨਲ ਟੈਕਨਾਲੌਜੀ ਦਿਵਸ ਮਨਾਇਆ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**ਸਥਾਨਕ ਪੀ. ਟੀ. ਐੱਮ. ਆਰੀਆ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਵਿੱਚ ਨੈਸ਼ਨਲ ਟੈਕਨਾਲੌਜੀ ਦਿਵਸ ਮਨਾਇਆ। ਜਿਸ ਵਿੱਚ ਕਾਲਜ ਦੇ ਡਾਇਰੈਕਟਰ ਪ੍ਰੋ. ਆਰ. ਕੇ. ਜੈਨ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਡਾਇਰੈਕਟਰ ਨੇ ਦੱਸਿਆ ਕਿ ਦੇਸ਼ ਦੇ ਵਿਕਾਸ ’ਚ ਵਿਗਿਆਨੀਆਂ ਦਾ ਯੋਗਦਾਨ ਭੁਲਾਇਆ ਨਾ ਜਾਵੇ ਇਸ ਲਈ ਨੈਸ਼ਨਲ ਟੈਕਨਾਲੌਜੀ ਦਿਵਸ ਮਨਾਇਆ ਜਾਂਦਾ ਹੈ। ਵਿਦਿਆਰਥੀਆਂ ਨੂੰ ਨਵੀਂ ਟੈਕਨਾਲੌਜੀ ਦੀ ਵਰਤੋਂ ਕਰਕੇ ਆਪਣੇ ਕੰਮ ਦੀ ਸ਼ੁਰੂਆਤ ਕਰ ਸਕਦੇ ਹਾਂ ਤੇ ਅਸੀਂ ਵੈਬਸਾਈਟ ਬਣਾ ਕੇ ਨਵਾਂ ਕੰਮ ਸ਼ੁਰੂ ਕਰ ਸਕਦੇ ਹਾਂ ਤੇ ਆਪਣਾ ਰੋਜ਼ਗਾਰ ਪ੍ਰਾਪਤ ਕਰ ਸਕਦੇ ਹਾਂ। ਇਸ ਤਰ੍ਹਾਂ ਨਵੀਂ ਤਕਨੀਕ ਦੀ ਵਰਤੋਂ ਕਰਕੇ ਬਹੁਤ ਸਾਰੀਆਂ ਕੰਪਨੀਆਂ ਅੱਜ ਮੱਲਾਂ ਮਾਰ ਰਹੀਆਂ ਹਨ। ਮੈਡਮ ਰਜਨੀ ਨੇ ਵਿਦਿਆਰਥੀਆਂ ਨੂੰ ਨੈਸ਼ਨਲ ਟੈਕਨਾਲੌਜੀ ਦੇ ਮਹੱਤਵ ਬਾਰੇ ਦੱਸਦੇ ਹੋਏ ਕਿਹਾ ਕਿ ਅਸੀਂ ਟੈਲੀ, ਐੱਮ. ਐਸ ਵਰਡ ਅਤੇ ਐਕਸਲ ਦੀ ਸਹੀ ਵਰਤੋਂ ਕਰਕੇ ਰੁਜਗਾਰ ਪ੍ਰਾਪਤ ਕਰ ਸਕਦੇ ਹਾਂ, ਇਸ ਤਰ੍ਹਾਂ ਅਸੀਂ ਆਤਮ ਨਿਰਭਰ ਬਣ ਸਕਦੇ ਹਾਂ। ਮੰਚ ਸੰਚਾਲਨ ਦੀ ਭੂਮਿਕਾ ਮੈਡਮ ਮੋਨਿਕਾ ਨਾਹਰ ਵਲੋਂ ਨਿਭਾਈ ਗਈ।

# ਬਿਨਾਂ ਪ੍ਰਵਾਨਗੀ ਜਲੂਸ ਕੱਢਣ ਤੇ ਇਕੱਤਤਰਤਾ ’ਤੇ ਪਾਬੰਦੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜ਼ਿਲ੍ਹਾ ਮੈਜਿਸਟਰੇਟ ਕੋਮਲ ਮਿੱਤਰ ਵਲੋਂ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੀਆਂ ਹੱਦਾਂ ਅੰਦਰ ਬਿਨਾਂ ਉਪ ਮੰਡਲ ਮੈਜਿਸਟਰੇਟ ਦੀ ਪ੍ਰਵਾਨਗੀ ਦੇ ਕਿਸੇ ਕਿਸਮ ਦਾ ਜਲੂਸ ਕੱਢਣ, ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਤਰ ਹੋਣ, ਨਾਅਰੇਬਾਜ਼ੀ ਕਰਨ, ਲਾਠੀਆਂ, ਗੈਰ ਲਾਇਸੰਸੀ ਅਸਲਾ, ਤੇਜ਼ਧਾਰ ਟਕੂਏ ਨੂੰ ਚੁੱਕਣ ਆਦਿ ’ਤੇ ਪਾਬੰਦੀ ਲਗਾਈ ਗਈ ਹੈ। ਇਹ ਹੁਕਮ ਸਰਕਾਰੀ ਸਮਾਗਮਾਂ, ਕਾਨਫਰੰਸਾਂ ਅਤੇ ਮੀਟਿੰਗਾਂ ਆਦਿ ’ਤੇ ਲਾਗੂ ਨਹੀਂ ਹੋਵੇਗਾ। ਕਿਸੇ ਵੀ ਸਿਆਸੀ ਪਾਰਟੀ ਵਲੋਂ ਰੈਲੀ/ਜਲਸਾ ਕਰਨ ਲਈ ਸਬੰਧਤ ਐਸ.ਡੀ.ਐਮ. ਪਾਸੋਂ ਲਿਖਤੀ ਪ੍ਰਵਾਨਗੀ ਵੀ ਜ਼ਰੂਰੀ ਹੈ। ਇਹ ਹੁਕਮ ਪੰਜਾਬ ਪੁਲਸ, ਹੋਮ ਗਾਰਡਜ਼, ਦੂਜੇ ਕਰਮਚਾਰੀ ਜੋ ਸਰਕਾਰੀ ਡਿਊਟੀ ’ਤੇ ਹੋਣ ਅਤੇ ਵਿਆਹ ਸ਼ਾਦੀਆਂ, ਮਾਤਮੀ ਸ਼ੋਕ ਸਮਾਗਮਾਂ ਜਾਂ ਸਰਕਾਰੀ ਫੰਕਸ਼ਨਾਂ/ਮੀਟਿੰਗਾਂ ’ਤੇ ਲਾਗੂ ਨਹੀਂ ਹੋਵੇਗਾ। ਇਸੇ ਤਰ੍ਹਾਂ ਜ਼ਿਲ੍ਹਾ ਮੈਜਿਸਟਰੇਟ ਕੋਮਲ ਮਿੱਤਲ ਵਲੋਂ ਮਕਾਨ ਮਾਲਕਾਂ, ਮਕਾਨ ’ਤੇ ਕਾਬਜ਼ ਵਿਅਕਤੀਆਂ, ਮਕਾਨਾਂ ਦੇ ਇੰਚਾਰਜ ਵਿਅਕਤੀਆਂ ਨੂੰ ਉਨ੍ਹਾਂ ਵਲੋਂ ਜੋ ਵੀ ਮਕਾਨ ਕਿਰਾਏ ’ਤੇ ਦਿੱਤੇ ਹੋਣ ਜਾਂ ਭਵਿੱਖ ਵਿੱਚ ਕਿਰਾਏ ’ਤੇ ਦਿੱਤੇ ਜਾਣ, ਉਨ੍ਹਾਂ ਵਿੱਚ ਰਹਿਣ ਵਾਲੇ ਵਿਅਕਤੀ ਦਾ ਨਾਂਅ ਅਤੇ ਪੂਰਾ ਪਤਾ ਆਪਣੇ ਇਲਾਕੇ ਦੇ ਥਾਣੇ/ਪੁਲਸ ਚੌਕੀ ਵਿੱਚ ਤੁਰੰਤ ਦਰਜ ਕਰਾਉਣ ਦਾ ਹੁਕਮ ਜਾਰੀ ਕੀਤਾ ਹੈ। ਇਹ ਹੁਕਮ 8 ਜੁਲਾਈ 2023 ਤੱਕ ਲਾਗੂ ਰਹਿਣਗੇ।

# ਪਿਪਸ ਵਿਖੇ ਮਨਾਇਆ ਮਾਂ ਦਿਵਸ



**ਸ੍ਰੀ ਚਮਕੌਰ ਸਾਹਿਬ 12 ਮਈ (ਗੁਰਵਿੰਦਰਪਾਲ ਸਿੰਘ ਬੋਬੀ)** ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਪਿੱਪਲ ਮਾਜਰਾ ਸ੍ਰੀ ਚਮਕੌਰ ਸਾਹਿਬ ਵਿਖੇ ਮਾਂ ਦਿਵਸ ਮਨਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਨੁਰਾਧਾ ਧੀਮਾਨ ਨੇ ਦੱਸਿਆ ਕਿ ਸਕੂਲ ਦੇ ਨਰਸਰੀ ਤੋਂ ਪਹਿਲੀ ਜਮਾਤ ਤੱਕ ਦੇ ਵਿਦਿਆਰਥੀਆਂ ਦੀਆਂ ਮਾਂ ਦਿਵਸ ਸਬੰਧੀ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਜਿਨ੍ਹਾਂ ਵਿੱਚ ਵਿਦਿਆਰਥੀਆਂ ਵੱਲੋਂ ਆਪਣੀ ਮਾਂ ਨਾਲ ਆਪਣੇ ਪਿਆਰ ਨੂੰ ਪ੍ਰਗਟ ਕਰਦੇ ਹੋਏ ਵੱਖ-ਵੱਖ ਪ੍ਰਕਾਰ ਦੇ ਚਿੱਤਰ, ਈਅਰਬੱਡ ਪੇਂਟਿੰਗ, ਫੋਟੋ ਪੇਸਟਿੰਗ ਅਤੇ ਪੋਸਟਰ ਮੇਕਿੰਗ ਆਦਿ ਸ਼ਾਮਲ ਸਨ। ਸਕੂਲ ਦੇ ਪ੍ਰਧਾਨ ਗੁਰਦੇਵ ਸਿੰਘ ਅਟਵਾਲ ਅਤੇ ਨਿਰਦੇਸ਼ਕਾ ਸ੍ਰੀਮਤੀ ਸ਼ਿੰਦਰਪਾਲ ਕੌਰ ਅਟਵਾਲ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਮਾਂ ਦਿਵਸ ’ਤੇ ਵਧਾਈ ਦਿੱਤੀ ਅਤੇ ਸਾਰੇ ਵਿਦਿਆਰਥੀਆਂ ਨੂੰ ਆਪਣੇ ਮਾਤਾ -ਪਿਤਾ ਦਾ ਹਮੇਸ਼ਾ ਕਹਿਣਾ ਮੰਨਣ ਤੇ ਉਨ੍ਹਾਂ ਦਾ ਸਦਾ ਸਤਿਕਾਰ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਮੈਨੇਜਰ ਮੈਡਮ ਪ੍ਰੀਤਪਾਲ ਕੌਰ ਅਟਵਾਲ,ਵਾਈਸ ਪ੍ਰਿੰਸੀਪਲ ਸ੍ਰੀਮਤੀ ਮਨਦੀਪ ਕੌਰ, ਸੀ ਸੀ ਏ ਇੰਚਾਰਜ ਮੈਡਮ ਲਵਪ੍ਰੀਤ ਕੌਰ ਅਤੇ ਸਮੁੱਚੇ ਕੇਜੀ ਵਿੰਗ ਦੇ ਅਧਿਆਪਕ, ਸਮੁੱਚਾ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

# ਰੋਡਵੇਜ਼ ਪੈਨਸ਼ਨਰਜ਼ ਵੱਲੋਂ ਸੰਘਰਸ਼ ਕਰ ਰਹੀਆਂ ਪਹਿਲਵਾਨਾਂ ਦੀ ਹਮਾਇਤ

**ਰੋਪੜ ( ਬਿੰਦਰਾ)** ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਪੰਜਾਬ ਰੋਡਵੇਜ ਰੋਪੜ ਦੀ ਮੀਟਿੰਗ ਗੁਰਦਿਆਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਵਿੱਚ ਕਸ਼ਮੀਰੀ ਲਾਲ ਇੰਸਪੈਕਟਰ ਦੀ ਮੌਤ ’ਤੇ ਡੂੰਘਾ ਦੁਖ ਪ੍ਰਗਟ ਕੀਤਾ ਗਿਆ। ਦੋ ਮਿੰਟ ਦਾ ਮੌਨ ਰੱਖ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਜੰਤਰ ਮੰਤਰ ਦਿੱਲੀ ਵਿੱਚ ਇਨਸਾਫ ਲਈ ਧਰਨੇ ਤੇ ਬੈਠੀਆਂ ਮਹਿਲਾ ਪਹਿਲਵਾਨਾਂ ਦੇ ਘੋਲ ਦੀ ਹਮਾਇਤ ਕੀਤੀ ਗਈ ਅਤੇ ਪੁਲਸ ਵੱਲੋਂ ਬ੍ਰਿਜ ਭੂਸਨ ਨੂੰ ਗ੍ਰਿਫਤਾਰ ਨਾ ਕਰਨ ਦੀ ਨਿਖੇਧੀ ਕੀਤੀ ਗਈ।

ਮੀਟਿੰਗ ਵਿੱਚ ਰਾਜਿੰਦਰ ਸਿੰਘ, ਕਰਨੈਲ ਸਿੰਘ, ਅਮਰਜੀਤ ਸਿੰਘ ਬੈਂਸ, ਗਿਰਧਾਰੀ ਸਿੰਘ, ਰਾਜਿੰਦਰ ਸਿੰਘ ਸਰਸਾ ਨੰਗਲ, ਬਲਬੀਰ ਸਿੰਘ,ਕੇਵਲ ਸਿੰਘ, ਮਹਿੰਦਰ ਸਿੰਘ ਮੋਹਣ ਸਿੰਘ,ਪੰਡਤ ਯਸ਼ਪਾਲ, ਗੁਰਮੇਲ ਸਿੰਘ ਆਦਿ ਹਾਜਰ ਸਨ।

# ਛੱਪੜ ਤੋਂ ਮਿਲੀ ਅਣਪਛਾਤੇ ਵਿਅਕਤੀ ਦੀ ਲਾਸ਼



**ਫਿਲੌਰ (ਨਿਰਮਲ)** ਨਜਦੀਕੀ ਪਿੰਡ ਅੱਟੀ ਵਿਖੇ ਛੱਪੜ ’ਚੋਂ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਹੈ। ਸਰਪੰਚ ਸੋਹਨ ਲਾਲ ਨੇ ਦੱਸਿਆ ਕਿ ਪਿੰਡ ਦੇ ਛੱਪੜ ਵਿੱਚ ਇੱਕ ਵਿਅਕਤੀ ਨੂੰ ਲਾਸ ਤਰਦੀ ਹੋਈ ਦਿਖਾਈ ਦਿੱਤੀ ਤੇ ਤੁਰੰਤ ਫਿਲੌਰ ਪੁਲਸ ਨੂੰ ਸੂਚਿਤ ਕੀਤਾ। ਏ ਐਸ ਆਈ ਧਰਮਿੰਦਰ ਕੁਮਾਰ ਮੌਕੇ ’ਤੇ ਪਹੁੰਚੇ, ਜਿਨ੍ਹਾਂ ਨੇ ਪਿੰਡ ਵਾਸੀਆਂ ਦੀ ਮਦਦ ਨਾਲ ਲਾਸ਼ ਨੂੰ ਛੱਪੜ ’ਚੋਂ ਬਾਹਰ ਕੱਢਿਆ ਗਿਆ।

ਮ੍ਰਿਤਕ ਵਿਅਕਤੀ ਦੀ ਉਮਰ 34-35 ਸਾਲ, ਸਿਰੋਂ ਮੋਨਾ, ਕਾਲੀ ਪੈਂਟ ਅਤੇ ਨੀਲੀ ਕਮੀਜ ਪਾਈ ਹੋਈ ਹੈ। ਜਿਸ ਦੀ ਪਹਿਚਾਣ ਨਹੀਂ ਹੋ ਸਕੀ। ਲਾਸ਼ ਸਨਾਖਤ ਲਈ ਸਿਵਲ ਹਸਪਤਾਲ ਫਿਲੌਰ ਵਿਖੇ 72 ਘੰਟੇ ਲਈ ਰੱਖੀ ਗਈ ਹੈ।

# ਪ੍ਰੋ. ਸ਼ੀਤਲ ਸਿੰਘ ਦਾ ਦੇਹਾਂਤ, ਅੰਤਿਮ ਸੰਸਕਾਰ ਅੱਜ



**ਫਗਵਾੜਾ ( ਡਾ. ਰਮਨ, ਢੱਡਾ)** ਬਾਹੜਾ ਹਸਪਤਾਲ ਦੇ ਟਰੱਸਟੀ ਅਤੇ ਪੰਜਾਬ ਫੁੱਟਬਾਲ ਐਸੋਸੀਏਸ਼ਨ ਦੇ ਮੈਂਬਰ ਪ੍ਰੋ. ਸ਼ੀਤਲ ਸਿੰਘ ਆਪਣੀ ਸੰਸਾਰਿਕ ਯਾਤਰਾ ਪੂਰਨ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ।

ਉਹ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਦੋ ਧੀਆਂ ਛੱਡ ਗਏ ਹਨ। ਪਰਵਾਰਕ ਮੈਂਬਰ ਸੁਖਵਿੰਦਰ ਸਿੰਘ ਟੈਰੀ ਨੇ ਦੱਸਿਆ ਕਿ ਪ੍ਰੋ. ਸ਼ੀਤਲ ਸਿੰਘ ਦਾ ਅੰਤਿਮ ਸੰਸਕਾਰ 13 ਮਈ ਦਿਨ ਸ਼ਨੀਵਾਰ ਨੂੰ ਸ਼ਾਮ 5 ਵਜੇ ਬੰਗਾ ਰੋਡ ਸਥਿਤ ਸ਼ਮਸ਼ਾਨਘਾਟ ਵਿਖੇ ਕੀਤਾ ਜਾਵੇਗਾ।

# ਡਿਜੀਟਲ ਰਸੀਦਾਂ ਦੀ ਮਦਦ ਨਾਲ ਸਾਲਾਨਾ 1.3 ਕਰੋੜ ਕਾਗਜ਼ਾਂ ਦੀ ਹੋਵੇਗੀ ਬੱਚਤ- ਅਮਨ ਅਰੋੜਾ

**ਚੰਡੀਗੜ੍ਹ, ( ਗੁਰਜੀਤ ਬਿੱਲਾ)**- ਇੱਕ ਹੋਰ ਵਾਤਾਵਰਣ ਪੱਖੀ ਪਹਿਲਕਦਮੀ ਕਰਦਿਆਂ ਪੰਜਾਬ ਪ੍ਰਸ਼ਾਸਨਿਕ ਸੁਧਾਰ ਵਿਭਾਗ (ਡੀ.ਜੀ.ਆਰ.) ਵੱਲੋਂ ਸੇਵਾ ਕੇਂਦਰਾਂ ਵਿੱਚ ਸਰਕਾਰੀ ਸੇਵਾਵਾਂ ਲਈ ਅਦਾ ਕੀਤੀ ਜਾਂਦੀ ਫੀਸ ਦੀਆਂ ਰਸੀਦਾਂ ਬਿਨੈਕਾਰਾਂ ਨੂੰ ਹੁਣ ਉਨ੍ਹਾਂ ਦੇ ਮੋਬਾਈਲ ਫੋਨ ’ਤੇ ਐਸ.ਐਮ.ਐਸ. ਰਾਹੀਂ ਭੇਜਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨਾਲ ਨਾ ਸਿਰਫ 1.3 ਕਰੋੜ ਕਾਗਜਾਂ ਦੀ ਬੱਚਤ ਹੋਵੇਗੀ, ਬਲਕਿ ਸਰਕਾਰੀ ਖਜ਼ਾਨੇ ਤੋਂ ਸਾਲਾਨਾ ਤਕਰੀਬਨ 80 ਲੱਖ ਰੁਪਏ ਦਾ ਬੋਝ ਵੀ ਘਟੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਪ੍ਰਸਾਸਨਿਕ ਸੁਧਾਰ ਅਤੇ ਜਨ ਸ਼ਿਕਾਇਤ ਨਿਵਾਰਣ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਇਹ ਸੇਵਾ ਸ਼ੁਰੂ ਹੋ ਗਈ ਹੈ। ਕਾਗਜੀ ਰਸੀਦ ਪ੍ਰਣਾਲੀ ਦੇ ਖਾਤਮੇ ਨਾਲ ਸੇਵਾ ਕੇਂਦਰਾਂ ਵਿੱਚ ਕਾਰਬਨ ਦੀ ਵਰਤੋਂ ਘਟੇਗੀ ਜੋ ਕਿ ਇੱਕ ਚੰਗੇ ਤੇ ਸਾਫ ਸੁਥਰੇ ਭਵਿੱਖ ਦੀ ਦਿਸ਼ਾ ਵੱਲ ਅਹਿਮ ਕਦਮ ਸਾਬਿਤ ਹੋਵੇਗਾ। ਉਨ੍ਹਾਂ ਦੱਸਿਆ ਕਿ ਬਿਨੈਕਾਰਾਂ ਨੂੰ ਹੁਣ ਕਾਗਜੀ ਰਸੀਦਾਂ ਦੇ ਗੁਆਚਣ ਦੀ ਚਿੰਤਾ ਨਹੀਂ ਰਹੇਗੀ ਕਿਉਂਕਿ ਹੁਣ ਉਹ ਐਸ.ਐਮ.ਐਸ. ਰਾਹੀਂ ਆਸਾਨੀ ਨਾਲ ਆਪਣੀਆਂ ਭੁਗਤਾਨ ਰਸੀਦਾਂ ਪ੍ਰਾਪਤ ਕਰ ਸਕਣਗੇ। ਪ੍ਰਸਾਸਕੀ ਸੁਧਾਰ ਮੰਤਰੀ ਨੇ ਕਿਹਾ ਕਿ ਡਿਜੀਟਲ ਰਸੀਦਾਂ ਉਤੇ ਆਮ ਕਾਗਜੀ ਰਸੀਦਾਂ ਵਾਲੀ ਸਾਰੀ ਜਾਣਕਾਰੀ ਉਪਲਬਧ ਹੋਵੇਗੀ, ਪਰ ਜੇਕਰ ਕੋਈ ਬਿਨੈਕਾਰ ਕਾਗਜੀ ਰਸੀਦ ਲੈਣਾ ਚਾਹੇਗਾ ਤਾਂ ਉਸ ਨੂੰ ਬਿਨਾਂ ਕਿਸੇ ਵਾਧੂ ਖਰਚ ਦੇ ਦਸਤਖਤ ਅਤੇ ਮੋਹਰ ਲੱਗੀ ਹੋਈ ਰਸੀਦ ਦਿੱਤੀ ਜਾਵੇਗੀ। ਪਰ ਉਨ੍ਹਾਂ ਨਾਲ ਹੀ ਨਾਗਰਿਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਕਾਗਜੀ ਰਸੀਦਾਂ ਦੀ ਮੰਗ ਨਾ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਇਸ ਵਾਤਾਵਰਣ ਪੱਖੀ ਪਹਿਲਕਦਮੀ ਦਾ ਹਿੱਸਾ ਬਣਨ। ਅਰੋੜਾ ਨੇ ਕਿਹਾ ਕਿ ਰਸੀਦ ਦੀ ਆਫਿਸ ਕਾਪੀ ਅਰਜੀ ਫਾਰਮ ਦੇ ਪਹਿਲੇ ਪੰਨੇ ਦੇ ਪਿਛਲੇ ਪਾਸੇ ਪ੍ਰਿੰਟ ਕੀਤੀ ਜਾਵੇਗੀ ਅਤੇ ਸੇਵਾ ਕੇਂਦਰਾਂ ਦੇ ਅਪਰੇਟਰ ਵੱਲੋਂ ਇਸ ’ਤੇ ਹਸਤਾਖਰ ਕਰਕੇ ਮੋਹਰ ਲਗਾਈ ਜਾਵੇਗੀ। ਫਾਰਮ-ਰਹਿਤ ਸੇਵਾ ਦੇ ਕੇਸ ਵਿੱਚ ਸਿਸਟਮ ਜੈਨਰੇਟਿਡ ਫਾਰਮ ਦੇ ਪਿਛਲੇ ਪਾਸੇ ਲੋੜ ਪੈਣ ’ਤੇ ਰਸੀਦ ਪ੍ਰਿੰਟ ਕੀਤੀ ਜਾਵੇਗੀ। ਅਜੋਕੇ ਡਿਜੀਟਲ ਯੁੱਗ ਵਿੱਚ ਡਿਜੀਟਲ ਰਸੀਦ ਪਹਿਲਾਂ ਹੀ ਇੱਕ ਸਫਲ ਬਦਲ ਸਾਬਤ ਹੋ ਚੁੱਕੀ ਹੈ ਕਿਉਂਕਿ ਇਨ੍ਹਾਂ ਨੂੰ ਸਟੋਰ ਕਰਨਾ ਅਤੇ ਲੋੜ ਪੈਣ ’ਤੇ ਇਨ੍ਹਾਂ ਤੱਕ ਪਹੁੰਚ ਕਰਨਾ ਬਹੁਤ ਆਸਾਨ ਹੈ। ਉਨ੍ਹਾਂ ਕਿਹਾ ਕਿ ਪੇਪਰ-ਰਹਿਤ ਫੀਸ ਰਸੀਦ ਪ੍ਰਣਾਲੀ ਸੇਵਾ ਪ੍ਰਦਾਨ ਕਰਨ ਵਾਲਿਆਂ ਅਤੇ ਉਪਭੋਗਤਾਵਾਂ ਦੋਵਾਂ ਦੇ ਸਮੇਂ ਦੀ ਵੀ ਬੱਚਤ ਕਰੇਗੀ ਕਿਉਂਕਿ ਇਸ ਨਾਲ ਸੇਵਾ ਕੇਂਦਰਾਂ ਵਿਖੇ ਕਾਊਂਟਰਾਂ ’ਤੇ ਰਸੀਦ ਪ੍ਰਿੰਟ ਕਰਨ ਦੇ ਸਮੇਂ ਦੀ ਵੀ ਬੱਚਤ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਪ੍ਰਿੰਟਿੰਗ ’ਤੇ ਆਉਣ ਵਾਲੇ ਸਾਲਾਨਾ ਤਕਰੀਬਨ 80 ਲੱਖ ਰੁਪਏ ਦੇ ਖਰਚੇ ਦੀ ਵੀ ਬੱਚਤ ਹੋਵੇਗੀ। ਇਸ ਦੌਰਾਨ ਡਾਇਰੈਕਟਰ ਡੀ.ਜੀ.ਆਰ. ਗਿਰੀਸ਼ ਦਿਆਲਨ ਨੇ ਦੱਸਿਆ ਕਿ ਇਸ ਸਿਸਟਮ ਨੂੰ ਡੀ.ਜੀ.ਆਰ. ਦੀ ਆਪਣੀ ਸਾਫਟਵੇਅਰ ਟੀਮ ਵੱਲੋਂ ਡਿਜ਼ਾਈਨ ਅਤੇ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਪ੍ਰਿਯਾਂਕ ਸ਼ਰਮਾ, ਸੁਖਵਿੰਦਰ ਸਿੰਘ ਅਤੇ ਰੌਬਿਨ ਸ਼ਾਮਲ ਹਨ।

# ਸਿਲਵਰ ਓਕ ਸਕੂਲ ਦੇ ਵਿਦਿਆਰਥੀਆਂ ਨੇ ਦਸਵੀਂ ਤੇ ਬਾਰ੍ਹਵੀਂ ਦੇ ਨਤੀਜਿਆਂ ’ਚ ਗੱਡੇ ਝੰਡੇ




**ਟਾਂਡਾ ਉੜਮੁੜ (ਉਂਕਾਰ ਸਿੰਘ ਜਸਵਿੰਦਰ ਸੰਧੂ)** ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸਾਹਬਾਜਪੁਰ ਦੀ ਦਸਵੀਂ ਤੇ ਬਾਰਵੀਂ ਕਲਾਸ ਦੇ ਬੱਚਿਆਂ ਨੇ ਇਸ ਵਾਰ ਵੀ ਨਤੀਜੇ ਵਿੱਚ ਵਧੀਆ ਅੰਕ ਲੈ ਕੇ ਆਪਣੀ ਸਫਲਤਾ ਦੇ ਝੰਡੇ ਗੱਡੇ.। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਅਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਖੁਸ਼ੀ ਜਤਾਉਂਦਿਆਂ ਹੋਇਆ ਸਾਰੇ ਬੱਚੇ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਸਭ ਦਾ ਮੂੰਹ ਮਿੱਠਾ ਕਰਵਾਇਆ।

ਪ੍ਰਿੰਸੀਪਲ ਨੇ ਦੱਸਿਆ ਕਿ ਦਸਵੀਂ ਦੇ ਨਤੀਜਿਆਂ ਦੇ ਵਿਚ ਲਵਪ੍ਰੀਤ ਸਿੰਘ 95%, ਸਾਹਿਲਪ੍ਰੀਤ ਸਿੰਘ 95%, ਦਾਨਵੀਰ ਸਿੰਘ 93%, ਮਨਪ੍ਰੀਤ ਕੌਰ 91%, ਹਰਗੁਣ ਕੌਰ 91%, ਰਾਜਦੀਪ ਕੌਰ 91%, ਹਰਵਿੰਦਰ ਸਿੰਘ 90% ਸੁਪ੍ਰੀਤ ਕੌਰ 90% ਅੰਕ ਹਾਸਿਲ ਕੀਤੇ। ਇਸ ਦੇ ਨਾਲ ਹੀ ਬਾਰ੍ਹਵੀਂ ਦੇ ਨਤੀਜਿਆਂ ਦੇ ਵਿਚ ਜੈਸਮੀਨ ਕੌਰ 97%, ਜਸਮੀਨ ਕੌਰ 94%, ਸਨੇਹਾ 93%, ਹਰਿਤੀਸ਼ ਸੈਣੀ 90%, ਗੁਰਪ੍ਰੀਤ ਕੌਰ 87%, ਅੰਮ੍ਰਿਤਪਾਲ ਸਿੰਘ 86%, ਕਿਰਨਦੀਪ ਕੌਰ 86%, ਰਿਤਿਕਾ ਸੈਣੀ 86% ਅੰਕ ਲੈ ਕੇ ਅਵੱਲ ਰਹੇ।

ਸਕੂਲ ਦਾ ਕੁੱਲ ਨਤੀਜਾ ਸ਼ਤ-ਪ੍ਰਤੀਸ਼ਤ ਰਿਹਾ। ਇਸ ਮੌਕੇ ’ਤੇ ਮੈਨੇਜਰ ਕਰਨਜੀਤ ਸਿੰਘ, ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ, ਪਰਮਜੀਤ ਕੌਰ, ਰਾਜਵੀਰ ਕੌਰ, ਰਾਜਵਿੰਦਰ ਕੌਰ ਹਾਜਰ ਸਨ।

# ਪਿਆਰਾ ਸਿੰਘ ਖਾਲਸਾ ਨਮਿੱਤ ਅੰਤਮ ਅਰਦਾਸ ਅੱਜ



**ਨੂਰਮਹਿਲ, (, ਬਾਲ ਕ੍ਰਿਸ਼ਨ ਬਾਲੀ )** ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਬਲਾਕ ਨੂਰਮਹਿਲ ਤੋਂ ਸੀਨੀਅਰ ਆਗੂ ਅਤੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ ਜਥੇਦਾਰ ਗੁਰਨਾਮ ਸਿੰਘ ਕੰਦੋਲਾ ਦੇ ਪਿਤਾ ਪਿਆਰਾ ਸਿੰਘ ਖਾਲਸਾ ਦਾ 4 ਮਈ ਨੂੰ ਦੇਹਾਂਤ ਹੋ ਗਿਆ ਸੀ ।

ਪਿਆਰਾ ਸਿੰਘ ਖਾਲਸਾ ਨਮਿੱਤ ਰਖੇ ਗਏ ਸ੍ਰੀ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 13 ਮਈ ਨੂੰ ਸਵੇਰੇ ਸਾਢੇ ਗਿਆਰਾਂ ਤੋਂ ਦੁਪਹਿਰ ਦੇ ਇੱਕ ਵਜੇ ਤੱਕ ਉਹਨਾਂ ਦੇ ਗ੍ਰਹਿ ਨਿਵਾਸ , ਪਿੰਡ ਕੰਦੋਲਾ ਕਲਾਂ, ਨੇੜੇ ਨੂਰਮਹਿਲ ਵਿਖੇ ਹੋਵੇਗੀ । ਇਹ ਜਾਣਕਾਰੀ ਜਥੇਦਾਰ ਗੁਰਨਾਮ ਸਿੰਘ ਕੰਦੋਲਾ ਨੇ ਦਿੱਤੀ ।